# ਕੈਨੇਡਾ ਦਰਪਣ

ਦਸੰਬਰ 6, 1985

**December 6, 1985**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

# ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

I.C.B.C. claim, Criminal law, Divorces, Estates, Wills, Companies, Land transfers, Mortgages, Immigration Appeal Board.

**D. Persad** B.A.,LL.B.

Ph. Off. 521-8808

Nyack & Persad
Barristers & Solicitors
Notaries

Box 390
4—514 Sixth Ave.
New Westminster, B.C.
CANADA, V3L 4Y7

Weekending Dec. 6, 1985 Vol. 4 No. 46 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

## ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ

# ਸਾਹਿਬ ਸਿੰਘ ਗੋਲੀਆਂ ਨਾਲ ਜ਼ਖਮੀ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਉਤੇ ਅਤਿਵਾਦੀ ਕਾਰਾ

ਅੰਮ੍ਰਿਤਸਰ :— ਬੰਦੂਕਧਾਰੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗਰੰਥੀ ਗਿਆਨੀ ਸਾਹਿਬ ਸਿੰਘ ਨੂੰ ਗੋਲੀਆਂ ਮਾਰਕੇ ਸਖਤ ਜ਼ਖਮੀ ਕਰ ਦਿਤਾ ਅਤੇ ਉਨ੍ਹਾਂ ਦੇ ਰੱਖਿਅਕ ਨੂੰ ਮੌਕੇ ਉਤੇ ਹੀ ਹਲਾਕ ਕਰ ਦਿਤਾ ਹੈ। ਗਿਆਨੀ ਸਾਹਿਬ ਸਿੰਘ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਦੱਸਿਆ ਜਾਂਦਾ ਹੈ ਕਿ ਕੰਪਲੈਕਸ ਵਿਚ ਹਜ਼ਾਰਾਂ ਸਿੱਖਾਂ ਦਾ ਇਕੱਠ ਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਦੀ ਖੁਸ਼ੀ ਵਿਚ ਇਕੱਠਾ ਹੋਇਆ ਹੋਇਆ ਸੀ ਜਿਸ ਸਮੇਂ ਅਤਿਵਾਦੀਆਂ ਨੇ ਇਹ ਕਾਰਾ ਕੀਤਾ। ਗਿਆਨੀ ਸਾਹਿਬ ਸਿੰਘ ਜੀ ਆਪਣਾ ਵਿਦਵਤਾ ਭਰਪੂਰ ਭਾਸ਼ਨ ਕਰ ਰਹੇ ਸਨ ਜਿਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਨ੍ਹਾਂ ਦੇ ਗੋਲੀ ਮਾਰੀ ਗਈ।

ਗਿਆਨੀ ਸਾਹਿਬ ਸਿੰਘ ਪੰਥ ਵਿਚ ਸਤਿਕਾਰੀ ਹਸਤੀ ਹਨ। ਯਾਦ ਰਹੇ ਕਿ ਪਿਛਲੇ ਸਾਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਉਤੇ ਵੀ ਮਾਰੂ ਹਮਲਾ ਕੀਤਾ ਗਿਆ ਸੀ ਅਤੇ ਗਿਆਨੀ ਪ੍ਰੀਤਮ ਸਿੰਘ ਉਤੇ ਵੀ ਅਕਾਲ ਤਖਤ ਵਿਚ ਹੀ ਹਮਲਾ ਕੀਤਾ ਗਿਆ ਸੀ।

ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਗੋਲੀ ਵੀ ਵੀ ਗੁਰਦੁਆਰਾ ਸ਼ੇਰਪੁਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਮਾਰੀ ਗਈ।

ਦੱਸਿਆ ਜਾਂਦਾ ਹੈ ਕਿ ਗਿਆਨੀ ਸਾਹਿਬ ਸਿੰਘ ਜੀ ਦਾ ਨਾਂ ਅਤਿਵਾਦੀਆਂ ਦੀ ਅਖੌਤੀ 'ਹਿਟ ਲਿਸਟ' ਉਤੇ ਸੀ।

## ਸ: ਬਰਨਾਲਾ ਵਲੋਂ ਨਿੰਦਿਆ

ਪੰਜਾਬ ਦੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਰਜੀਤ ਸਿੰਘ ਬਰਨਾਲਾ ਨੇ ਗਿਆਨੀ ਸਾਹਿਬ ਸਿੰਘ ਉਤੇ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਿਆ ਕਰਦਿਆਂ ਕਿਹਾ ਕਿ ਹਰਿਮੰਦਰ ਸਾਹਿਬ ਦਾ ਹੋਰ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸ: ਬਰਨਾਲਾ ਨੇ ਦੋਸ਼ ਲਾਇਆ ਕਿ ਅਤਿਵਾਦੀ ਕਾਂਗਰਸੀਆਂ ਦੇ ਹੱਥਾਂ ਵਿਚ ਖੇਲ੍ਹ ਰਹੇ ਹਨ ਕਿਉਂਕਿ ਕਾਂਗਰਸੀ ਚੋਣਾਂ ਕਾ ਹਾਰਨ ਤੋਂ ਪਿਛੋਂ ਬੇਦਿਲੀ ਦੀ ਹਾਲਤ ਵਿਚ ਹਨ।

## ਬਾਬੇ ਦੀ ਬੇੜੀ ਮੰਝਧਾਰ ਵਿਚ

'ਬਾਬਾ ਅਕਗਾਲੀ ਦਲ' ਇਸ ਸਮੇਂ ਡਾਂਵਾਡੋਲ ਹਾਲਤ ਵਿਚ ਦੱਸਿਆ ਗਿਆ ਹੈ। ਪਿਛਲੇ ਦਿਨ ਪ੍ਰਕਾਸ਼ ਸਿੰਘ ਮਜੀਠਾ ਦਾ ਧੜਾ ਵੀ ਬਾਬੇ ਦਲ ਨਾਲੋਂ ਵੱਖ ਹੋ ਗਿਆ। ਇਸ ਤੋਂ ਪਹਿਲਾਂ ਤਲਵੰਡੀ ਧੜੇ ਦੇ ਰਣਧੀਰ ਸਿੰਘ ਚੀਮਾਂ ਤੇ ਉਨ੍ਹਾਂ ਦੇ ਸਾਥੀ ਵੀ ਬਾਬੇ ਦਲ ਨਾਲੋਂ ਵੱਖ ਹੋ ਗਏ ਸਨ।

ਇਹ ਵੀ ਖਬਰਾਂ ਹਨ ਕਿ ਫੈਡਰੇਸ਼ਨ ਦੇ ਆਗੂਆਂ ਨੇ ਵੀ ਬਾਬੇ ਦਲ ਨਾਲੋਂ ਆਪਣੇ ਸਬੰਧ ਤੋੜ ਲਏ ਹਨ। ਇਕ ਖਬਰ ਅਨੁਸਾਰ ਬਾਬੇ ਦਲ ਵਿਚਲੇ ਬਹੁਤੇ ਲੀਡਰ ਪੁਰਾਣੇ ਕਾਂਗਰਸੀ f ਇੰਦਰਜੀਤ ਸਿੰਘ ਫਰੀਦਕੋਟ ਦੇ ਵਰਤਾਰੇ ਕਾਰਨ ਬਾਹਰ ਨਿਕਲੇ ਹਨ। ਪ੍ਰਕਾਸ਼ ਸਿੰਘ ਮਜੀਠਾ ਧੜੇ ਨੇ ਵੀ ਇਹ ਦੋਸ਼ ਲਾਇਆ ਹੈ ਕਿ ਬਾਬਾ ਏਸ ਕਾਂਗਰਸੀ ਲੀਡਰ ਦੇ ਹੱਥਾਂ ਵਿਚ ਖੇਲ੍ਹ ਰਿਹਾ ਹੈ।

## ਭਾਰਤ-ਪਾਕਿ ਪ੍ਰਮਾਣੂ ਜੰਗ ਦਾ ਖਤਰਾ

ਵਾਸ਼ਿੰਗਟਨ — ਇਥੇ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਐਟਮੀ ਹਥਿਆਰਾਂ ਦੀ ਲੜਾਈ ਭਾਰਤ-ਪਾਕਿ ਵਿਚ ਵੀ ਹੋ ਸਕਦੀ ਹੈ। ਰਿਪੋਰਟ ਵਿਚ ਇਕਸ਼ਾਫ ਕੀਤਾ ਗਿਆ ਹੈ ਕਿ ਪਾਕਿਸਤਾਨ ਐਟਮੀ ਤਾਕਤ ਬ ਬਣਨ ਦੇ ਬੂਹੇ ਉਤੇ ਖਲੋਤਾ ਹੈ ਜਦਕਿ ਭਾਰਤ ਨੂੰ ਨੂੰ ਪ੍ਰਮਾਣੂ ਹਥਿਆਰਾਂ ਵੱਲ ਤੁਰਨਾ ਪਵੇਗਾ ਜੇ ਪਾਕਿਸਤਾਨੀ ਐਟਮੀ ਤਾਕਤ ਬਣਦਾ ਹੈ।

ਕਾਰਨੀਜ਼ ਰਿਪੋਰਟ ਵਿਚ ਲਿਖਿਆ ਹੈ ਕਿ ਪਿਛਲੇ ਸਾਲ ਵਿਚ ਇਸ ਪਾਸੇ ਹੋਈ ਤਰੱਕੀ ਚਿੰਤਾ ਦਾ ਕਾਰਨ ਬਣ ਰਹੀ ਹੈ। ਦੋਵੇਂ ਦੇਸ਼ ਕਿਸੇ ਸਮੇਂ ਵੀ ਲੜਾਈ ਦਾ ਕਾਰਨ ਬਣ ਸਕਦੇ ਹਨ।

ਦੁਨੀਆਂ ਵਿਚ 5 ਐਟਮੀ ਤਾਕਤਾਂ ਪਹਿਲਾਂ ਹੀ ਮੌਜੂਦ ਹਨ — ਅਮਰੀਕਾ, ਰੂਸ, ਚੀਨ, ਇੰਗਲੈਂਡ ਤੇ ਫਰਾਂਸ। ਛੇਵੀਂ ਤਾਕਤ ਭਾਰਤ ਨੇ 1974 ਵਿਚ ਐਟਮੀ ਧਮਾਕਾ ਕੀਤਾ ਸੀ ਪਰ ਕਿਹਾ ਸੀ ਇਹ ਅਮਨ ਲਈ ਕੀਤਾ ਗਿਆ ਹੈ।

ਅੰਦਰ ਪੜ੍ਹੋ —

**ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਸ਼ਹੀਦ ਭਗਤ ਸਿੰਘ ਦਾ ਲੇਖ**

## ਜਰਨੈਲ ਭੁੱਲਰ ਦੀ ਦੇਸ਼ ਵਾਪਸੀ?

ਵਾਸ਼ਿੰਗਟਨ — ਏਥੋਂ ਦੇ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜਰਨੈਲ ਭੁੱਲਰ ਅਤੇ ਉਨ੍ਹਾਂ ਦੇ ਨਾਲ ਆਏ ਸਾਥੀ ਛੇਤੀ ਹੀ ਭਾਰਤ ਰਵਾਨਾ ਹੋਣ ਦੀ ਤਿਆਰੀ ਵਿਚ ਹਨ। ਯਾਦ ਰਹੇ ਕਿ ਇਨ੍ਹਾਂ ਦਾ ਇਕ ਸਾਥੀ ਪਹਿਲਾਂ ਹੀ ਚੰਡੀਗੜ੍ਹ ਪਰਤ ਚੁੱਕਾ ਹੈ। ਅਤੇ ਆਪਣੀ ਨੌਕਰੀ ਦੁਬਾਰਾ ਸ਼ੁਰੂ ਕਰ ਲਈ ਹੈ।

ਉਸੇ ਸੂਤਰ ਨੇ ਇਹ ਵੀ ਦੱਸਿਆ ਕਿ ਅਸਲ ਵਿਚ ਜਰਨੈਲ ਭੁੱਲਰ ਸ਼੍ਰੋਮਣੀ ਅਕਾਲੀ ਦਲ ਦੇ ਉਸ ਸਮੇਂ ਦੇ ਪ੍ਰਧਾਨ ਸੰਤ ਲੌਂਗੋਵਾਲ ਤੋਂ ਖਤ ਲੈ ਕੇ ਆਏ ਸਨ ਕਿ ਉਹ ਪੰਥਕ ਮੋਰਚੇ ਦੇ ਪ੍ਰਚਾਰ ਲਈ ਬਾਹਰ ਦੀਆਂ ਸੰਗਤਾਂ ਵਿਚ ਪ੍ਰਚਾਰ ਕਰਨਗੇ ਪਰ ਇੰਗਲੈਂਡ ਪਹੁੰਚਣ ਉਤੇ ਹਰਿਮੰਦਰ ਸਾਹਿਬ ਦਾ ਸਾਕਾ ਵਰਤ ਗਿਆ ਅਤੇ ਉਨ੍ਹਾਂ ਨੇ ਆਪਣੀ ਸੁਰ ਬਦਲ ਲਈ।

ਇਹ ਵੀ ਪਤਾ ਲੱਗਿਆ ਹੈ ਕਿ ਫੈਡਰੇਸ਼ਨ ਦੇ ਇਕ ਬੁਲਾਰੇ ਨੇ ਜਰਨੈਲ ਭੁੱਲਰ ਬਾਰੇ ਮੇਰਠ ਗੁਰਦੁਆਰੇ ਹੋਈ ਇਕ ਮੀਟਿੰਗ ਵਿਚ ਵੀ ਸਨਸਨੀਖੇਜ਼ ਪ੍ਰਗਟਾਵੇ ਕੀਤੇ ਸਨ ਜਿਸ ਕਾਰਨ ਉਨ੍ਹਾਂ ਦੇ ਕੈਨੇਡਾ ਅਤੇ ਅਮਰੀਕਾ ਆਉਣ ਦਾ ਅਸਲ ਮਕਸਦ ਸਪੱਸ਼ਟ ਕੀਤਾ ਗਿਆ ਸੀ।

ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਭਾਂਰਤ ਵਾਪਸ ਕਦੋਂ ਜਾ ਰਹੇ ਹਨ।

## ਤਲਵਿੰਦਰ ਸਿੰਘ ਅਤੇ ਇੰਦਰਜੀਤ ਸਿੰਘ ਦਾ ਕੇਸ ਮਾਰਚ ਤੱਕ ਮੁਲਤਵੀ

ਡੰਕਨ — 26 ਨਵੰਬਰ ਨੂੰ ਤਲਵਿੰਦਰ ਸਿੰਘ ਬਰਨਬੀ ਅਤੇ ਇੰਦਰਜੀਤ ਸਿੰਘ ਡੰਕਨ ਦੀ ਪੇਸ਼ੀ ਸਮੇਂ ਆਦਰਨੀਯ ਜੱਜ ਨੇ ਹੁਕਮ ਦਿਤਾ ਹੈ ਕਿ ਇਹ ਦੋਵੇਂ 24 ਮਾਰਚ ਨੂੰ ਮੁੜ ਅਦਾਲਤ ਵਿਚ ਪੇਸ਼ ਹੋਣਗੇ। ਯਾਦ ਰਹੇ ਕਿ 6 ਨਵੰਬਰ ਨੂੰ ਇਨ੍ਹਾਂ ਦੋਵਾਂ ਦੀ ਗ੍ਰਿਫਤਾਰੀ ਹੋਈ ਸੀ।

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

ROYAL
new used
FURNITURE

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

# ਵੈਨਕੂਵਰ ਸੱਥ ਵੱਲੋਂ ਸੱਭਿਆਚਾਰਕ ਪ੍ਰੋਗਰਾਮ

3 ਨਵੰਬਰ 1985 ਨੂੰ ਵੈਨਕੂਵਰ ਸੱਥ ਵੱਲੋਂ ਵੈਨਕੂਵਰ ਟੈਕਨੀਕਲ ਸਕੂਲ ਵਿਖੇ ਇਕ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਦੋ ਨਾਟਕ, ਭੰਗੜਾ ਅਤੇ ਗੀਤ ਸੰਗੀਤ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੇ ਆਰੰਭ ਵਿਚ ਤਿੰਨ ਗੀਤ ਪੇਸ਼ ਕੀਤੇ ਗਏ। ਇਹ ਗੀਤ ਸਨ "ਤੇਜ਼ ਕਰ ਜ਼ਰਾ ਸੰਗਰਾਮ ਹਾਣੀਆਂ" "ਕੁੱਝ ਕਿਹਾ ਤਾਂ ਹਨ੍ਹੇਰਾ ਜਰ੍ਹੇਗਾ ਕਿਵੇਂ ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ" ਅਤੇ ਜਰਨੈਲ ਲੇਹਲ ਦਾ ਆਪਣਾ ਲਿਖਿਆ ਗੀਤ । ਇਨ੍ਹਾਂ ਗੀਤਾਂ ਨੂੰ ਪੇਸ਼ ਕੀਤਾ ਵੈਨਕੂਵਰ ਸੱਥ ਦੇ ਮੈਂਬਰਾਂ ਸਰਦਾਰਾ ਬੋਲ, ਜਰਨੈਲ ਲੇਹਲ, ਹਰਜਿੰਦਰ ਕੈਂਥ, ਅਮਨਪਾਲ ਸਾਰਾ ਨੇ।

ਇਸ ਤੋਂ ਬਾਅਦ ਜਗਦੀਸ਼ ਬਿਨਿੰਗ ਹੁਰਾਂ ਵੈਨਕੂਵਰ ਸੱਥ ਬਾਰੇ ਕੁੱਝ ਵਿਚਾਰ ਲੋਕਾਂ ਨਾਲ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਵੈਨਕੂਵਰ ਸੱਥ ਉਨ੍ਹਾਂ ਲੇਖਕਾਂ ਅਤੇ ਕਲਾਕਾਰਾਂ ਦੀ ਸੰਸਥਾ ਹੈ ਜੋ ਇਹ ਸਮਝਦੇ ਹਨ ਕਿ ਸਾਹਿਤ ਅਤੇ ਸਿਆਸਤ ਵਿਚਕਾਰ ਇਕ ਡੂੰਘਾ ਰਿਸ਼ਤਾ ਹੈ। ਸੱਥ ਦਾ ਮੁੱਖ ਆਸ਼ਾ ਹੈ ਕਨੇਡਾ ਵਿਚ ਰਹਿ ਰਹੇ ਭਾਰਤੀ ਲੋਕਾਂ ਦੀ ਜ਼ਿੰਦਗੀ ਬਾਰੇ ਅਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਲੇਖ ਅਤੇ ਨਾਟਕ ਲਿਖਣਾ ਅਤੇ ਖੇਡਣਾ। ਇਸ ਸਭ ਕੁਝ ਕਰਨ ਪਿਛੇ ਵੈਨਕੂਵਰ ਸੱਥ ਦਾ ਸਿਰਫ ਇਕ ਹੀ ਆਸ਼ਾ ਹੈ ਕਿ ਕਮਿਊਨਿਟੀ ਵਿਚ ਇਨਾਂ ਮਸਲਿਆਂ ਬਾਰੇ ਗਲਬਾਤ ਛੇੜੀ ਜਾ ਸਕੇ। ਕਿਉਂਕਿ ਜੇ ਅਸੀਂ ਕਿਸੇ ਸਮੱਸਿਆ ਉਪਰ ਗੰਭੀਰਤਾ ਨਾਲ ਗਲਬਾਤ ਕਰਾਂਗੇ ਤਾਂ ਹੀ ਅਸੀਂ ਉਸ ਦਾ ਕੋਈ ਹੱਲ ਲੱਭ ਸਕਾਂਗੇ। ਹੁਣ ਤੱਕ ਅਸੀਂ ਕਮਿਊਨਿਟੀ ਵਿਚ ਵੀਡੀਓ ਦੀ ਵੱਧ ਵਰਤੋਂ ਦੇ ਅਸਰ, ਕਨੇਡਾ ਵਿਚ ਪੰਜਾਬੀ ਲੋਕਾਂ ਨੂੰ ਮਿਲਦੇਹੇ ਕੰਮਾਂ, ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਆਦਿ ਉਪਰ ਲੇਖ ਅਤੇ ਨਾਟਕ ਲਿਖ ਅਤੇ ਖੇਡ ਚੁੱਕੇ ਹਾਂ। ਅਸੀਂ ਨੇੜ ਭਵਿਖ ਵਿਚ ਏਥੇ ਬਜ਼ੁਰਗਾਂ ਦੀ ਜ਼ਿੰਦਗੀ ਸਕੂਲਾਂ ਵਿਚ ਸਾਡੇ ਬੱਚਿਆਂ ਨੂੰ ਆਉਂਦੀਆਂ ਮੁਸ਼ਕਲਾਂ ਬਾਰੇ ਡਰਾਮੇ ਲਿਖਾਂਗੇ ਅਤੇ ਖੇਡਾਂਗੇ। ਉਨ੍ਹਾਂ ਕਿਹਾ ਕਿ ਸਾਥੋਂ ਬਿਨਾਂ ਵੀ ਹੋਰ ਲੋਕ ਵੱਖ ਵੱਖ ਤੌਰ ਤੇ ਵੱਖ ਵੱਖ ਪੱਖਾਂ ਉਪਰ ਕੰਮ ਕਰ ਰਹੇ ਹਨ ਅਸੀਂ ਉਨ੍ਹਾਂ ਦੇ ਇਸ ਕੰਮ ਦੀ ਕਦਰ ਕਰਦੇ ਹਾਂ ਕਿਉਂਕਿ ਇਸ ਸਮੇਂ ਸਾਡੀ ਕਮਿਊਨਿਟੀ ਨੂੰ ਏਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਉਨ੍ਹਾਂ ਨੂੰ ਨਜਿੱਠਣ ਦਾ ਕੰਮ ਕੋਈ ਵੀ ਇਕੱਲੀ ਸੰਸਥਾ ਜਾਂ ਵਿਅਕਤੀ ਨਹੀਂ ਕਰ ਸਕਦੇ।

ਇਸ ਤੋਂ ਬਾਅਦ ਉਸ ਸ਼ਾਮ ਦਾ ਪਹਿਲਾ ਨਾਟਕ 'ਸਿਉਂਕ' ਪੇਸ਼ ਕੀਤਾ ਗਿਆ। ਇਹ ਨਾਟਕ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸੰਚਾਲਕ ਗੁਰਸ਼ਰਨ ਸਿੰਘ ਹੁਰਾਂ ਦਾ ਲਿਖਿਆ ਹੋਇਆ ਹੈ। ਇਸ ਵਿਚ ਉਨ੍ਹਾਂ ਹਿੰਦੁਸਤਾਨੀ ਭ੍ਰਿਸ਼ਟਾਚਾਰੀ ਢਾਂਚੇ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਦਾ ਬੜੀ ਖੂਬੀ ਨਾਲ ਅਤੇ ਵਿਅੰਗਾਤਮਕ ਢੰਗ ਨਾਲ ਚਿਤਰਣ ਕੀਤਾ ਹੈ। ਇਸ ਨਾਟਕ ਨੂੰ ਪੇਸ਼ ਕਰਨ ਵਾਲੇ ਸਨ ਮੱਖਣ ਟੁੱਟ, ਪਾਲ ਬਿਨਿੰਗ, ਸਰਦਾਰ ਬੋਲ, ਜਰਨੈਲ ਲੇਹਲ ਅਤੇ ਅਮਨਪਾਲ ਸਾਰਾ।

'ਸਿਉਂਕ' ਤੋਂ ਬਾਅਦ ਬਲਵਿੰਦਰ ਰੋਡੇ ਹੁਰਾਂ ਸੰਤ ਰਾਮ ਉਦਾਸੀ ਦਾ ਲਿਖਿਆ ਗੀਤ, "ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ ...." ਪੇਸ਼ ਕੀਤਾ ਉਨ੍ਹਾਂ ਦਾ ਸਾਥ ਦਿਤਾ ਢੋਲਕ ਤੇ ਪਿਆਰੇ ਲਾਲ ਢੋਲੀ ਹੁਰਾਂ ਅਤੇ ਬੈਂਜੋ ਤੇ ਪਾਲ ਬਿਨਿੰਗ ਨੇ। ਇਸ ਤੋਂ ਬਾਅਦ ਜਗਮੋਹਣ ਜੋਸ਼ੀ ਹੁਰਾਂ ਦੇ ਲਿਖੇ ਗੀਤ "ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ" ਨਾਲ ਐਕਸ਼ਨ ਸਾਂਗ ਪੇਸ਼ ਕੀਤਾ ਗਿਆ। ਇਸ ਨੂੰ ਪੇਸ਼ ਕਰਨ ਵਾਲੇ ਸਨ ਹਰਜਿੰਦਰ ਕੈਂਥ, ਸੁਲੱਖਣ ਅੜਕ, ਉਂਕਾਰ ਕੱਲੂ ਅਤੇ ਸੁਖਵਿੰਦਰ।

ਫਿਰ ਵਾਰੀ ਆਈ ਇਸ ਸ਼ਾਮ ਦੇ ਦੂਜੇ ਨਾਟਕ "ਲੱਤਾਂ ਦੇ ਭੂਤ" ਦੀ। ਇਹ ਨਾਟਕ ਵੈਨਕੂਵਰ ਸੱਥ ਦੇ ਦੋ ਮੈਂਬਰਾਂ ਸਾਧੂ ਅਤੇ ਸੁਖਵੰਤ ਹੁੰਦਲ ਦਾ ਲਿਖਿਆ ਸੀ। ਇਸ ਵਿਚ ਲੇਖਕਾਂ ਭਾਰਤੀ ਕਮਿਊਨਿਟੀ ਵਿਚ ਔਰਤਾਂ ਵਿਰੁੱਧ ਹੁੰਦੀ ਹਿੰਸਾ ਦਾ ਚਿਤਰਣ ਕੀਤਾ। ਇਸ ਵਿਚ ਉਨ੍ਹਾਂ ਦੱਸਿਆ ਕਿਵੇਂ ਕਈ ਲੋਕ ਦੋ ਤਰ੍ਹਾਂ ਦੀ ਜ਼ਿੰਦਗੀ ਜਿਉਂਦੇ ਹਨ। ਉਹ ਬਾਹਰੀ ਰੂਪ ਵਿਚ ਸਾਨੂੰ ਬੜੇ ਸਾਊ ਦਇਆਵਾਨ ਅਤੇ ਸ਼ਰੀਫ ਦਿਸਦੇ ਹਨ। ਪਰ ਜਦੋਂ ਉਹ ਆਪਣੇ ਅਸਲੀ ਅੰਦਰਲੇ ਰੂਪ ਵਿਚ ਪੇਸ਼ ਹੁੰਦੇ ਹਨ ਤਾਂ ਉਹ ਬੜੇ ਜ਼ਾਲਮ, ਕਰੂਰ ਅਤੇ ਬੇਤਰਸ ਹੁੰਦੇ ਹਨ। ਇਨ੍ਹਾਂ ਪਾਤਰਾਂ ਦਾ ਅਸਲੀ ਰੂਪ ਦਿਖਾਲਣ, ਲਈ ਉਨ੍ਹਾਂ ਨੂੰ ਕਾਲੇ ਰੰਗ ਦੇ ਚੋਲੇ (ਜਿਨ੍ਹਾਂ ਉਪਰ ਚਿੱਟੇ ਕਪੜੇ ਨਾਲ . ਖੋਪਰੀ ਅਤੇ ਹੱਡੀਆਂ ਦਾ ਨਿਸ਼ਾਨ ਬਣਿਆ ਹੋਇਆ ਸੀ) ਪੁਆਏ ਗਏ। ਜਦੋਂ ਇਹ ਪਾਤਰ ਸਟੇਜ ਉਪਰ ਹੀ ਆਪਣੇ ਬਾਹਰੋਂ ਦਿਸਦੇ ਕਪੜੇ ਉਤਾਰਦੇ ਸਨ ਅਤੇ ਅੰਦਰੋਂ ਉਨ੍ਹਾਂ ਦੇ ਗਲ ਪਾਇਆ ਕਾਲਾ ਚੋਲਾ ਨਿਕਲਦਾ ਸੀ। ਇਸ ਬਦਲੀ ਨੂੰ ਦਰਸ਼ਕਾਂ ਨੇ ਬਹੁਤ ਮਜ਼ੇ ਨਾਲ ਮਾਣਿਆ। 'ਲੱਤਾਂ ਦੇ ਭੂਤ" ਬਾਰੇ ਜਾਣਕਾਰੀ ਦਿੰਦਿਆਂ ਸਾਧੂ ਹੁਰਾਂ ਕਿਹਾ ਕਿ ਹੋ ਸਕਦਾ ਹੈ ਕਿ ਸਾਡਾ ਨਾਟਕ ਦੇਖ ਕੇ ਕੁੱਝ ਲੋਕ ਇਹ ਕਹਿਣ ਕਿ ਅਸੀਂ ਐਵੇਂ ਹੀ ਗੱਲ ਵਧਾ ਚੜ੍ਹਾਂ ਕੇ ਪੇਸ਼ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਪਰ ਇਹੋ ਜਿਹੀਆਂ ਘਟਨਾਂਵਾ ਸਾਡੀ ਕਮਿਊਨਿਟੀ ਵਿਚ ਮੌਕੇ ਬੇਮੌਕੇ ਵਾਪਰਦੀਆਂ ਹੀ ਰਹਿੰਦੀਆਂ ਹਨ ਅਤੇ ਅੱਜ ਸਾਨੂੰ ਲੋੜ ਹੈ ਕਿ ਇਨ੍ਹਾਂ ਘਟਨਾਵਾਂ ਨੂੰ ਸਾਹਮਣੇ ਲਿਆਕੇ, ਉਨ੍ਹਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇ। ਇਸ ਨਾਟਕ ਵਿਚ ਹਿੱਸਾ ਲੈਣ ਵਾਲੇ ਸਨ ਜਗਦੀਸ਼ ਬਿਨਿੰਗ, ਅੰਜੂ ਹੁੰਦਲ, ਅਮਨ ਪਾਲ ਸਾਰਾ, ਸੁਖਵੰਤ ਹੁੰਦਲ ਅਤੇ ਹਰਜਿੰਦਰ ਸਾਂਗਰਾ।

ਦੇਖਣ ਆਏ ਲੋਕਾਂ ਦੀ ਆਮ ਰਾਏ ਮੁਤਾਬਕ ਨਾਟਕ 'ਲੱਤਾਂ ਦੇ ਭੂਤ" ਬਹੁਤ ਕਾਮਯਾਬ ਰਿਹਾ। ਕੁਝ ਦੇਰ ਪਹਿਲਾਂ ਸੱਥ ਵਲੋਂ ਲਿਖੇ ਤੇ ਪੇਸ਼ ਕੀਤੇ ਨਾਟਕ 'ਪਿਕਟ ਲਾਈਨ" ਵਾਂਗ ਹੀ ਇਹ ਨਾਟਕ ਵੀ ਕੈਨੇਡਾ ਵਿਚ ਰਹਿ ਰਹੇ ਪੰਜਾਬੀ ਲੋਕਾਂ ਦੇ ਜੀਵਨ ਤੇ ਅਧਾਰਤ ਸੀ ਅਤੇ ਲੋਕਾਂ ਨੂੰ ਇਸ ਦੇ ਵਿਸ਼ੇ ਨਾਲ ਨੇੜਤਾ ਹੋਣੀ ਸੁਭਾਵਕ ਹੀ ਸੀ। ਪਰ ਇਕ ਬਹੁਤ ਹੀ ਗੰਭੀਰ ਤੇ ਗੁੰਝਲਦਾਰ ਵਿਸ਼ੇ ਨੂੰ ਕਲਾਤਮਕ ਤੇ ਦਿਲਚਸਪ ਤਰੀਕੇ ਨਾਲ ਪੇਸ਼ ਕਰਨ ਵਿਚ ਸੱਥ ਕਾਫੀ ਕਾਮਯਾਬ ਰਹੀ। ਸਰੋਤਿਆ ਨੇ ਸੱਥ ਦੇ ਮੈਂਬਰਾਂ ਦੀ ਇਸ ਕੋਸ਼ਿਸ਼ ਨੂੰ ਪੂਰੀ ਤਰ੍ਹਾਂ ਸਲਾਹਿਆ।

ਇਸ ਨਾਟਕ ਤੋਂ ਬਾਅਦ ਪੰਜਾਬ ਕਲਚਰਲ ਐਸੋਸੀਏਸ਼ਨ ਦੀ ਭੰਗੜੇ ਦੀ ਟੀਮ ਵੱਲੋਂ ਬਹੁਤ ਹੀ ਖੂਬਸੂਰਤ ਭੰਗੜਾ ਪੇਸ਼ ਕੀਤਾ ਗਿਆ। ਇਸਦੇ ਨਾਲ ਹੀ ਪਰੋਗਰਾਮ ਦੀ ਸਮਾਪਤੀ ਹੋਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਪਹਿਲੇ ਅੱਧ ਵਿਚ ਅੰਜੂ ਹੁੰਦਲ ਨੇ ਅਤੇ ਦੂਸਰੇ ਅੱਧ ਵਿਚ ਮੱਖਣ ਟੁੱਟ ਨੇ ਨਿਭਾਈ।

ਇਸ ਪਰੋਗਰਾਮ ਨੂੰ 600 ਦੇ ਲਗਭਗ ਲੋਕ ਦੇਖਣ ਆਏ। ਉਨ੍ਹਾਂ ਸਭ ਨੇ ਪਰੋਗਰਾਮ ਦੇ ਪਲ ਪਲ ਨੂੰ ਬੜੀ ਸ਼ਿਦਤ ਨਾਲ ਮਾਣਿਆ। ਇਸ ਪਰੋਗਰਾਮ ਨੂੰ ਸਫਲ ਬਨਾਉਣ ਲਈ ਸੱਥ ਦੇ ਕਲਾਕਾਰਾਂ ਤੋਂ ਬਿਨਾਂ ਹੋਰ ਵੀ ਕਈ ਸਾਥੀਆਂ ਨੇ ਮਦਦ ਕੀਤੀ। ਅਸਲ ਵਿਚ ਇਸ ਪਰੋਗਰਾਮ ਦੀ ਸਫਲਤਾ ਦਾ ਸਿਹਰਾ ਸੱਥ ਦੇ ਕਲਾਕਾਰਾਂ ਅਤੇ ਮਦਦਕਾਰਾਂ ਦੇ ਸਾਂਝੇ ਉਦਮ ਦੇ ਸਿਰ ਬੱਝਦਾ ਹੈ। ਇਸ ਪਰੋਗਰਾਮ ਦਾ ਸੁਨੇਹਾ ਲੋਕਾਂ ਤਕ ਲਿਜਾਣ ਵਿਚ ਕਨੇਡਾ ਦਰਪਣ, ਓਵਰਸੀਜ਼ ਟਾਈਮਜ਼, ਲਿੰਕ ਅਤੇ ਸੰਘਰਸ਼ ਦਾ ਪਰੋਗਰਾਮ ਵਿਚ ਧੰਨਵਾਦ ਕੀਤਾ। ਗਲਤੀ ਕਾਰਨ ਇਸ ਲਿਸਟ ਵਿਚੋਂ ਸੁਸ਼ਮਾ ਦਾ ਨਾਂ ਰਹਿ ਗਿਆ। ਅਸੀਂ ਸੁਸ਼ਮਾ ਹੁਰਾਂ ਦੇ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਸਾਡੇ ਪਰੋਗਰਾਮਾਂ ਬਾਰੇ ਟੀ. ਵੀ. ਤੇ ਦੱਸਿਆ। ਇਸ ਪਰੋਗਰਾਮ ਵਿਚ ਤਿੰਨ ਮਤੇ ਪਾਸ ਕੀਤੇ ਗਏ ਜਿਨ੍ਹਾਂ ਨੂੰ ਹਾਲ ਵਿਚ ਮੌਜੂਦ ਦਰਸ਼ਕਾਂ ਨੇ ਤਾੜੀਆਂ ਦੀ ਭਰਮਾਰ ਵਿਚ ਪਾਸ ਕੀਤਾ। ਇਹ ਮਤੇ ਇਸ ਪ੍ਰਕਾਰ ਹਨ :

## ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦੀ ਨਿਖੇਧੀ

ਜਦੋਂ ਕਿ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਨੇ ਉਸ ਦੇਸ਼ ਦੀ ਬਹੁ ਗਿਣਤੀ ਕਾਲੇ ਲੋਕਾਂ ਨਾਲ ਅਣਮਨੁੱਖੀ ਤਰੀਕੇ ਅਪਣਾਏ ਹਨ ਅਤੇ ਉਹ ਸਾਰੀ ਦੁਨੀਆਂ ਦੇ ਇਨਸਾਫ ਪਸੰਦ ਲੋਕਾਂ ਵਲੋਂ ਨਿੰਦੇ ਗਏ ਹਨ। ਕਾਲੇ ਲੋਕਾਂ ਨੂੰ ਆਪਣੇ ਹੀ ਦੇਸ਼ ਵਿਚ ਗੁਲਾਮ ਬਣਾ ਕੇ ਰੱਖਣਾ, ਗੋਰੇ ਲੋਕਾਂ ਵਾਂਗ ਵੋਟ ਦਾ ਹੱਕ ਨਾ ਦੇਣਾ, ਗੋਰੇ ਆਬਾਦੀ ਵਾਲੇ ਸ਼ਹਿਰਾਂ 'ਚ ਇਜਾਜ਼ਤ ਲੈ ਕੇ ਦਾਖਲ ਹੋਣਾ ਇਹ ਕੁਝ ਕੁ ਮੁਖ ਗੱਲਾਂ ਨੇ ਕਾਲ਼ੇ ਲੋਕਾਂ ਨੂੰ ਆਪਣੇ ਹੱਕਾਂ ਲਈ ਝੰਜੋੜਿਆ। ਇਸ ਘੋਲ ਨੂੰ ਦਬਾਉਣ ਲਈ ਨਸਲਵਾਦੀ ਸਰਕਾਰ ਵਲੋਂ ਕੀਤੇ ਤਸ਼ੱਦਦ ਨਾਲ ਸੈਂਕੜੇ ਲੋਕ ਗੋਲੀਆਂ ਨਾਲ ਮਾਰੇ ਗਏ ਅਤੇ ਅੱਜ ਵੀ ਮਾਰੇ ਜਾ ਰਹੇ ਹਨ। ਨੈਲਸਨ ਮੰਡੇਲਾ ਅਤੇ ਉਸ ਵਰਗੇ ਅਨੇਕਾਂ ਹੀ (ਲੋਕ ਆਗੂ) ਜੇਲਾਂ ਵਿਚ ਤਸੀਹੇ ਝੱਲ ਰਹੇ ਹਨ। ਦੱਖਣੀ ਅਫਰੀਕਾ ਦੇ ਲੋਕ-ਕਵੀ ਬੈਂਜਮਿਨ ਮੋਲਵਿਸ ਨੂੰ ਸਾਜ਼ਿਸ਼ ਰਚ ਕੇ ਫਾਂਸੀ ਦਿਤੀ ਗਈ। ਅਸੀਂ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦੀ ਘੋਰ ਨਿਖੇਧੀ ਕਰਦੇ ਹੋਏ ਸੰਘਰਸ਼ ਦੇ ਰਾਹ ਤੁਰੇ ਕਾਲੇ ਲੋਕਾਂ ਦੇ ਘੋਲ ਦੀ ਹਮਾਇਤ ਕਰਦੇ ਹਾਂ। ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਸਾਊਥ ਅਫਰੀਕਾ ਦੀਆਂ ਬਣੀਆਂ ਸਾਰੀਆਂ ਚੀਜ਼ਾਂ ਦਾ ਬਾਈਕਾਟ ਕਰੋ। ਅਸੀਂ ਕੈਨੇਡਾ ਦੀ ਸਰਕਾਰ ਤੋਂ ਇਹ ਮੰਗ ਕਰਦੇ ਹਾਂ ਕਿ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦੇ ਖਿਲਾਫ ਆਰਥਿਕ ਪਾਬੰਦੀਆਂ ਨੂੰ ਸਖਤੀ ਨਾਲ ਲਾਗੂ ਕਰੇ।

## ਜਮਹੂਰੀਅਤ ਵਿਰੋਧੀ ਅੰਸ਼ ਦੀ ਨਿਖੇਧੀ

ਜਦੋਂ ਕਿ ਪਿਛਲੇ ਕੁਝ ਸਮੇਂ ਤੋਂ ਭਾਰਤੀ ਕਮਿਊਨਿਟੀ ਵਿਚ ਹਿੰਸਕ ਘਟਨਾਵਾਂ ਵਿਚ ਵਾਧਾ ਹੋਇਆ ਹੈ। ਲੋਕਾਂ ਦੀ ਲਿਖਣ ਬੋਲਣ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਤੇ ਜਮਹੂਰੀਅਤ ਵਿਰੋਧੀ ਅੰਸ਼ ਵਲੋਂ ਘਾਤਕ ਹਮਲੇ ਕੀਤੇ ਗਏ ਹਨ। ਬੀ. ਸੀ. ਓ. ਐਫ. ਆਰ. ਦੇ ਪ੍ਰਧਾਨ ਚਰਨਪਾਲ ਗਿੱਲ ਹੋਰਾਂ ਉਪਰ ਨਿਊਵੈਸਟ ਮਨਿਸਟਰ ਦੇ ਗੁਰਦੁਵਾਰੇ ਵਿਚ ਅਤੇ ਹਰਦਿਆਲ ਸਿੰਘ ਜੌਹਲ ਹੁਰਾਂ ਉਪਰ ਉਨ੍ਹਾਂ ਦੇ ਕੰਮ ਤੇ ਕੀਤੇ ਹਮਲੇ ਇਸ ਦੀਆਂ ਤਾਜਾਂ ਮਿਸਾਲਾਂ ਹਨ। ਵੈਨਕੂਵਰ ਸੱਥ ਇਨ੍ਹਾਂ ਬੁਜ਼ਦਿਲਾਨਾ ਅਤੇ ਘਟੀਆ ਕਾਰਵਾਈਆਂ ਦੀ ਸਖਤ ਨਿਖੇਧੀ ਕਰਦੀ ਹੈ ਅਤੇ ਭਾਰਤੀ ਕਮਿਊਨਿਟੀ ਦੇ ਸਾਰੇ ਜਮਹੂਰੀਅਤ ਪਸੰਦ ਲੋਕਾਂ ਤੋਂ ਇਹ ਮੰਗ ਕਰਦੀ ਹੈ ਕਿ ਉਹ ਇਨ੍ਹਾਂ ਜਮਹੂਰੀਅਤ ਵਿਰੋਧੀ ਅਨਸਰਾਂ ਦਾ ਖੁਲ੍ਹੇ ਤੌਰ ਤੇ ਡਟਵਾਂ ਵਿਰੋਧ ਕਰਕੇ ਕਮਿਊਨਿਟੀ ਵਿਚ ਅਮਨ ਅਤੇ ਸਦਭਾਵਨਾ ਕਾਇਮ ਰੱਖਣ ਲਈ ਆਪਣਾ ਹਿੱਸਾ ਪਾਉਣ।



ਗੁਰਚਰਨ ਸਿੰਘ ਟੌਹੜਾ

## ਗੁਰਚਰਨ ਸਿੰਘ ਟੌਹੜਾ ਜੋ ਅੱਜ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਜਾਣਗੇ

ਸਮੂਹਾਂ ਨੂੰ ਬਦਲਣਾ ਹੈ, ਇਕਲੇ ਆਦਮੀ ਦਾ ਕੀ !
ਸਮਾਜਾਂ ਦੀ ਬੁਰਾਈ, ਆਦਮੀ ਦੇ ਗਹਿਰੇ ਮਨ ਤਕ ਹੈ।

## ਜੀਤ ਸਿੰਘ ਪੂੰਨੀ ਸਵਰਗਵਾਸ

ਸ. ਅਜੀਤ ਸਿੰਘ ਪੂੰਨੀ ਪਿੰਡ ਜ਼ੀਦੋਵਾਲ(ਜ਼ਿਲਾ ਜਲੰਧਰ) 25 ਨਵੰਬਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਸਵਰਗਵਾਸ ਹੋ ਗਏ ਹਨ। ਜੀਤ ਸਿੰਘ ਪੂੰਨੀ ਦਾ ਅੰਤਮ ਸੰਸਕਾਰ 30 ਨਵੰਬ੍ਰ ਸਨਿਚਰਵਾਰ 10 ਵਜੇ ਹਿਮਲਟਨ ਮਰਚਰੀ 41 ਐਵੇਨਿਊ ਅਤੇ ਫਰੇਜ਼ਰ ਸਟਰੀਟ ਤੇ ਹੋਵੇਗਾ।

ਅਦਾਰਾ 'ਕੈਨੇਡਾ ਦਰਪਣ' ਉਨ੍ਹਾਂ ਦੇ ਪਰਵਾਰ ਦੇ ਸਦਮੇ ਵਿਚ ਸ਼ਰੀਕ ਹੁੰਦਾ ਹੈ।

ਪੂੰਨੀ ਹੁਰਾਂ ਦੀ ਅੰਤਮ ਅਰਦਾਸ ਲਈ ਸਹਿਜ ਪਾਠ ਦਾ ਭੋਗ 8 ਦਸੰਬਰ ਸਰੀ ਗੁਰੂ ਘਰ ਵਿਚ ਪਵੇਗਾ। ਹੋਰ ਜਾਣਕਾਰੀ ਲਈ ਫੋਨ : 581-6372

## ਆਕਾਲੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਖੰਡਨ

ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ 29 ਸਤੰਬਰ 1985 ਨੂੰ ਅਨੰਦਪੁਰ ਸਾਹਿਬ ਵਿਖੇ ਸਭਿਆਚਾਰਕ ਪਰੋਗਰਾਮ ਰਖਿਆ ਗਿਆ। ਪਰੋਗਰਾਮ ਨੂੰ ਬੰਦ ਕਰਨ ਲਈ ਅਕਾਲੀ ਸਰਕਾਰ ਵਲੋਂ ਦਫਾ ਚਤਾਲੀ ਲਾਈ ਗਈ। ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ ਚਾਰ ਦੀਵਾਰੀ ਦੇ ਅੰਦਰ ਕੀਤੇ ਜਾ ਰਹੇ ਪਰੋਗਰਾਮ ਤੇ ਅਕਾਲੀ ਸਰਕਾਰ ਦੇ ਇਸ਼ਾਰੇ ਤੇ ਪੁਲੀਸ ਨੇ ਬਿਨਾਂ ਚਿਤਾਵਣੀ ਦਿਤਿਆਂ ਅੰਧਾ ਧੁੰਦ ਲਾਠੀਚਾਰਜ ਕੀਤਾ। ਭਾਰਤੀ ਹੁਕਮਰਾਨ ਸਰਕਾਰ ਵਾਂਗ ਅਕਾਲੀ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦੀ ਇਕ ਕੋਝੀ ਝਲਕ ਹੈ, ਵੈਨਕੂਵਰ ਸੱਥ ਅਕਾਲੀ ਸਰਕਾਰ ਦੀ ਇਸ ਘਟੀਆ ਅਤੇ ਕਮੀਨੀ ਹਰਕਤ ਦੀ ਸਖਤ ਨਿਖੇਧੀ ਕਰਦੀ ਹੋਈ ਸਮੂਹ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਭਾਰਤੀ ਹੁਕਮਰਾਨ ਕਾਂਗਰਸ ਸਰਕਾਰ ਵਾਂਗ ਪੰਜਾਬ ਦੀ ਅਕਾਲੀ ਸਰਕਾਰ ਦੇ ਚਿਹਰੇ ਤੇ ਪਾਏ ਲੋਕ ਤੰਤਰ ਦੇ ਨਕਾਬ ਲਾਹ ਕੇ ਇਸ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਖੰਡਨ ਕਰੋ !

ਵਲੋਂ ਵੈਨਕੂਵਰ ਸੱਥ


**FLEXIBLE PREMIUM LIFE INSURANCE TAILOR-MADE**

To your needs which you can afford.

TOGETHER WE ARE STRONGER
NORTH AMERICAN LIFE

ਆਪਣੀਆਂ ਇਨਸ਼ੋਰੈਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇੰਨਸੋਰੈਂਸ
- ਗਰੁਪ ਇਨਸ਼ੋਰੈਂਸ਼
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੈਂਸ

1507 - 330 Portage Avenue
Winnipeg, Manitoba R3C 0C4
Bus. 943-1526

INSURANCE FOR

- Personal
- Children
- Mortgage
- RRSP
- Group Insuranc & Annuities

NORTH AMERICAN LIFE ASSURANCE CO.



Raj Singh Mann

# ਅਸਾਮ 'ਚ ਚੋਣਾਂ 16 ਦਸੰਬਰ ਨੂੰ

ਨਵੀਂ ਦਿੱਲੀ — (ਯੂ. ਐਨ. ਆਈ.) — ਆਸਾਮ ਦੀਆਂ 14 ਲੋਕ ਸਭਾ ਤੇ 126 ਵਿਧਾਨ ਸਭਾ ਸੀਟਾਂ ਲਈ ਚੋਣਾਂ 16 ਦਸੰਬਰ ਨੂੰ ਹੋਣਗੀਆਂ। ਇਹ ਐਲਾਨ ਇਥੇ ਮੁਖ ਚੋਣਾਂ ਕਮਿਸ਼ਨਰ ਸ੍ਰੀ ਆਰ. ਕੇ. ਤ੍ਰਿਵੇਦੀ ਨੇ ਕੀਤਾ। ਐਲਾਨ ਮੁਖ ਚੋਣ ਕਮਿਸ਼ਨਰ ਅਤੇ ਆਸਾਮ ਦੇ ਮੁਖ ਸਕੱਤਰ ਪੀ. ਪੀ. ਤ੍ਰਿਦ ਤ੍ਰਿਵੇਦੀ ਅਸਾਮ ਪੁਲੀਸ ਦੇ ਮੁਖੀ ਸ੍ਰੀ ਜੇ. ਐਸ ਸ਼ਰਮਾ ਮੁਖ ਚੋਣ ਅਫਸਰ ਪੀ. ਸੀ. ਮਿਸ਼ਰਾ ਤੇ ਕੇਂਦਰੀ ਗ੍ਰਹਿ ਸਕੱਤਰ ਆਰ. ਡੀ. ਪ੍ਰਧਾਨ ਵਿਚਾਲੇ ਹੋਈ ਲੰਮੀ ਮੀਟਿਗ ਪਿਛੋਂ ਕੀਤਾ ਗਿਆ। ਮੀਟਿੰਗ ਵਿਚ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਅਧਿਕਾਰੀ ਵੀ ਹਾਜ਼ਰ ਸਨ।

ਸ੍ਰੀ ਤ੍ਰਿਵੇਦੀ ਨੇ ਦੱਸਿਆ ਕਿ ਮਤਦਾਨ ਦਾ ਕੰਮ ਇਕੋ ਦਿਨ ਵਿਚ ਮੁਕੰਮਲ ਕਰ ਲਿਆ ਜਾਵੇਗਾ। ਰਾਜ ਦੀਆਂ ਮੁਕੰਮਲ ਵੋਟਰ ਸੂਚੀਆਂ ਪ੍ਰਕਾਸ਼ਤ ਕੀਤੀਆਂ ਜਾਣਗੀਆਂ। ਉਮੀਦਵਾਰਾਂ ਵਲੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਅੰਤਮ ਤਰੀਖ 22 ਨਵੰਬਰ ਨਾਮਜ਼ਦਗੀਆਂ ਦੀ ਘੋਖ-ਪੜਤਾਲ ਅਗਲੇ ਸ ਦਿਨ ਹੋਈ ਅਤੇ ਉਮੀਦਵਾਰਾਂ ਨੇ 25 ਲਵੰਬਰ ਤਕ ਆਪਣੇ ਨਾਂ ਵਾਪਸ ਲਏ। ਉਨ੍ਹਾਂ ਕਿਹਾ ਕਿ ਵੋਟਰ ਸੂਚੀਆਂ ਦੇ ਸਬੰਧ ਵਿਚ ਕਲੇਮ ਤੇ ਇਤਰਾਜ਼ ਦਾਖਲ ਕਰਨ ਲਈ ਜਿਹੜਾ ਸਮਾਂ ਦਿਤਾ ਗਿਆ ਉਹ ਆਜ਼ਾਦ ਭਾਂਰਤ ਦੇ ਇਤਿਹਾਸ ਵਿਚ ਸਭ ਤੋਂ ਵੱਧ ਹੈ।

ਉਨ੍ਹਾਂ ਕਿਹਾ ਕਿ ਕਲੇਮਾਂ ਤੇ ਇਤਰਾਜ਼ਾਂ ਦੀ ਫ ਗਿਣਤੀ ਹਜ਼ਾਰਾਂ ਵਿਚ ਸੀ। ਇਨ੍ਹਾਂ ਨੂੰ ਛਾਂਟਣ ਤੇ ਘੋਖਣ ਦਾ ਕੰਮ 3000 ਸਹਾਇਕ ਚੋਣ ਰਜਿਸਟਰੇਸ਼ਨ ਅਫਸਰਾਂ, ਦਸ ਕੇਂਦਰੀ ਨਿਗਰਾਨਾਂ ਤੇ ਲਗਭਗ 70 ਐਡੀਸ਼ਨਲ ਮੁਖ ਚੋਣ ਅਫਸਰਾਂ ਨੇ ਦਿਨ-ਰਾਤ ਇਕ ਕਰਕੇ ਸਮੇਂ ਸਿਰ ਮੁਕੰਮਲ ਕੀਤਾ। ਅਸਾਮ ਵਿਚ ਪਿਛਲੇ ਸੱਤ ਸਾਲਾਂ ਦੌਰਾਨ ਚ ਹੋਣ ਵਾਲੀਆਂ ਇਹ ਤੀਜੀਆਂ ਆਮ ਚੋਣਾਂ ਹਨ। ਇਸ ਤੋਂ ਪਹਿਲਾਂ 1983 ਵਿਚ ਰਾਜ ਵਿਧਾਨ ਸਭਾ ਦੀਆਂ ਚੋਣਾਂ ਕਰਵਾਈਆਂ ਗਈਆਂ ਸਨ ਜਿਨ੍ਹਾਂ ਨੂੰ ਅਤਿਅੰਤ ਵਿਵਾਦਪੂਰਨ ਤੇ ਹਿੰਸਕ ਸਮਝਿਆ ਜਾਂਦਾ ਹੈ। 1983 ਦੀਆਂ ਚੋਣਾਂ ਵਿਚ ਵੋਟਰਾਂ ਦੀ ਬਹੁਗਿਣਤੀ ਨੇ ਹਿੱਸਾ ਨਹੀਂ ਸੀ ਲਿਆ। ਅਤੇ ਇਥੋਂ ਤਕਾਂ ਕ ਸੂਬਾਈ ਤੇ ਜ਼ਿਲਾ ਪੱਧਰ ਦੇ ਅਧਿਕਾਰੀਆਂ ਨੇ ਵੀ ਚੋਣ ਅਮਲ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਚੋਣ-ਵਿਰੋਧੀ ਤੇ ਚੋਣ-ਪੱਖੀ ਲੋਕਾਂ ਵਿਚਲੇ ਹਿੰਸਾ ਵਿਚ ਹਜ਼ਾਰਾਂ ਵਿਅਕਤੀ ਮਾਰੇ ਗਏ ਸਨ। ਇਨ੍ਹਾਂ ਚੋਣਾਂ ਵਿਚ ਕਾਂਗਰਸ(ਆਈ) ਨੂੰ ਭਾਰੀ ਬਹੁਮਤ ਮਿਲਿਆ ਸੀ ਅਤੇ ਮੁਖ ਮੰਤਰੀ ਹਿਤੇਸ਼ਵਰ ਸੈਕੀਆ ਦੀ ਅਗਵਾਈ ਹੇਠ ਰਾਜ ਸਰਕਾਰ ਹੋਂਦ ਵਿਚ ਆਈ ਸੀ। ਪਰ ਇਸ ਸਾਲ 15 ਅਗਸਤ ਨੂੰ ਆਸਾਮ ਅੰਦੋਲਨ ਦੇ ਨੇਤਾਵਾਂ ਤੇ ਕੇਂਦਰ ਸਰਕਾਰ ਵਿਚਲੇ ਹੋਏ ਸਮਝੌਤੇ ਪਿਛੋਂ ਰਾਜ ਵਿਧਾਨ ਸਭਾ ਭੰਗ ਕਰ ਕੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿਤਾ ਗਿਆ।

# ਕਰੋੜਾਂ ਰੁਪਏ ਦੀ ਵਿਦੇਸ਼ੀ ਕਰੰਸੀ ਦਾ ਘੁਟਾਲਾ — ਛਾਪੇ ਜਾਰੀ

ਜਲੰਧਰ — ਇਨਫੋਰਸਮੈਂਟ ਡਾ ਡਾਇਰੈਕਟੋਰੇਟ ਦੇ ਅਧਿਕਾਰੀਆਂ ਨੇ ਪੰਜਾਬ ਵਿਚ ਕਰੋੜਾਂ ਰੁਪਏ ਦੀ ਵਿਦੇਸ਼ੀ ਮੁਦਰਾ ਦੇ ਮਾਮਲੇ ਦਾ ਪਤਾ ਲਗਾਇਆ ਹੈ। ਪੰਜਾਬੀ ਅਤੇ ਦਿੱਲੀ ਵਿਚ ਕੀਤੀ ਖੋਜ ਤੇ ਜਾਂਚ ਤੋਂ ਪਤਾ ਚੱਲਿਆ ਹੈ ਕਿ ਕੁਝ ਟਰੈਵਲ ਏਜੰਟਾਂ ਦੇ 'ਸਹਿਯੋਗ' ਨਾਲ ਫੋਰਨ ਟਰੈਵਲ ਸਕੀਮ ਅਧੀਨ 1000 ਤੋਂ ਵੱਧ ਪਾਸਪੋਰਟਾਂ 'ਤੇ (500 ਅਮਰੀਕੀ ਡਾਲਰ ਪ੍ਰਤੀ ਪਾਸਪੋਰਟ) ਕਢਵਾਏ ਗਏ।

ਕੁਝ ਵਿਅਕਤੀ ਓਰੀਟੈਂਟਲ ਬੈਂਕ ਆਫ ਕਮਰਸ 'ਚ ਗਏ ਤੇ ਜਾਅਲੀ ਪਾਸਪੋਰਟਾਂ, ਟਿਕਟਾਂ ਦੇ ਅਧਾਂਰ 'ਤੇ ਐਫ. ਟੀ. ਐਸ. ਅਧੀਨ ਵਿਦੇਸ਼ੀ ਮੁਦਰਾ ਲੈਣ ਦੀ ਕੋਸ਼ਿਸ਼ ਕੀਤੀ। ਬੈਂਕ ਸਟਾਫ ਨੇ ਡਾਇਰੈਕਟਰੇਟ ਨੂੰ ਸੁਚੇਤ ਕੀਤਾ ਜਿਸ ਉਪਰੰਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਤਾ ਲਗਾ ਹੈ ਕਿ ਗ੍ਰਿਫਤਾਰ ਵਿਅਕਤੀਆਂ ਨੂੰ ਪੁੱਛਗਿਛ ਦੌਰਾਨ ਇਕਸ਼ਾਂਫ ਕੀਤਾ ਕਿ ਉਹ ਪਹਿਲਾਂ ਵੀ ਕਈ ਬੈਂਕਾਂ ਨਾਲ ਅਜਿਹੀ 'ਹੇਰਾਫੇਰੀ' ਕਰ ਚੁੱਕੇ ਹਨ। ਹੋਰ ਪੁੱਛਗਿਛ ਜਾਰੀ ਹੈ ਤੇ ਛਾਪੇ ਮਾਰੇ ਜਾ ਰਹੇ ਹਨ।

ਦੱਸਿਆ ਗਿਆ ਕਿ ਬਹੁਤ ਸਾਰੇ ਵਿਅਕਤੀ ਪੰਜਾਂਬ ਅਤੇ ਦਿੱਲੀ ਦੇ ਵੱਖ ਵੱਖ ਬੈਂਕਾਂ ਤੋਂ ਪਿਛਲੇ ਪੰਜ ਮਹੀਨਿਆਂ ਦੌਰਾਨ ਇਕੋ ਹੀ ਪਾਸਪੋਰਟ ਤੇ ਇਕੋ ਹੀ ਟਿਕਟ ਨਾਲ ਤੀਹ ਤੋਂ ਵੱਧ ਵਾਰ ਵਿਦੇਸ਼ੀ ਮੁਦਰਾ ਲੈ ਕੇ ਚੁੱਕੇ ਹਨ। ਫੋਰਨ ਐਕਸਚੇਂਜ ਰੈਗੂਲੇਸ਼ਨ ਐਕਟ ਅਧੀਨ ਇਕ ਵਿਅਕਤੀ ਵਿਦੇਸ਼ ਯਾਤਰਾ ਲਈ ਦੋ ਸਾਲਾਂ 'ਚ ਇਕ ਵਾਰ ਵਿਦੇਸ਼ੀ ਕਰੰਸੀ ਲੈ ਸਕਦਾ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਵਿਦੇਸ਼ੀ ਮੁਦਰਾ ਲੈਣ ਵਾਲੇ ਇਹ ਵਿਅਕਤੀ ਬਲੈਕ ਮਾਰਕੀਟ ਵਿਚ ਇਸ ਦੀ ਵਿਕਰੀ ਕਰ ਦਿੰਦੇ ਹਨ ਤੇ ਅ ਅਗੋਂ ਜਾ ਕੇ ਇਹੋ ਮੁਦਰਾ ਸੋਨੇ ਦੀ ਸਮਗਲਿੰਗ ਆਦਿ 'ਚ ਅਦਾਇਗੀ ਕਰਨ ਦੇ ਕੰਮ ਆਉਂਦੀ ਹੈ। ਦਿੱਲੀ ਦੇ ਤਿੰਨ ਟਰੈਵਲ ਏਜੰਟਾਂ ਦੇ ਕਾਗਜ਼ਾਤ ਕਬਜ਼ੇ ਵਿਚ ਲਏ ਗਏ ਜਿਨ੍ਹਾਂ ਦੇ ਅਧਾਰ 'ਤੇ ਗਰੋਹ ਦੀਆਂ ਗਤੀਵਿਧੀਆਂ ਦਾ ਪਤਾ ਲਗਿਆ।

4 ਨਵੰਬਰ ਨੂੰ ਡਿਪਟੀ ਡਾਇਰੈਕਟਰ ਸੰਦੀਪ ਟੰਡਨ ਦੀ ਅਗਵਾਈ ਹੇਠ ਡਾਇਰੈਕਟਰਾਂਹੇਟ ਦੇ ਅਧਿਕਾਰੀਆਂ ਨੇ ਜਲੰਧਰ ਦੇ ਪੰਜ ਬੈਂਕਾਂ ਦੇ ਫੋਰਨ ਐਕਸਚੇਂਜ ਵਿਭਾਗ ਦੇ ਰਿਕਾਰਡ ਚੈਕ ਕੀਤੇ।



ਪਟਿਆਲਾ ਵਿਚ ਹੋਏ ਤਿੰਨ-ਰੋਜ਼ਾ ਸਭਿਆਚਾਰਕ ਮੇਲੇ ਦੇ ਸਮਾਪਤੀ ਸਮਾਰੋਹ ਸਮੇਂ ਪੰਜਾਬ ਦੇ ਸਿੱਖਿਆ ਮੰਤਰੀ ਸੁਖਜਿੰਦਰ ਸਿੰਘ, ਹਿਮਾਚਲ ਪ੍ਰਦੇਸ਼ ਦੀ ਇਕ ਕਲਾਕਾਰ ਨੂੰ ਪ੍ਰਮਾਣ-ਪੱਤਰ ਦਿੰਦੇ ਹੋਏ।

# ਸਸਤੇ ਅੰਤਰਰਾਸ਼ਟਰੀ ਹਵਾਈ ਸਫਰ ਦੀ ਪੇਸ਼ਕਸ਼

ਨਵੀਂ ਦਿੱਲੀ — ਅੰਤਰ ਰਾਸ਼ਟਰੀ ਹਵਾਈ ਜਹਾਜ਼ਾਂ ਵਿਚਕਾਰ ਸਖਤ ਮੁਕਾਬਲੇ ਕਾਰਨ ਵਿਦੇਸ਼ਾਂ ਦਾ ਹਵਾਈ ਸਫਰ ਕਾਫੀ ਸਸਤਾ ਹੋ ਗਿਆ ਹੈ। ਇਥੋਂ ਤਕ ਕਿ ਅੰਤਰਰਾਸ਼ਟਰੀ ਏਅਰ ਲਾਈਨਾਂ ਵਲੋਂ ਯੂਰਪ, ਅਮਰੀਕਾ, ਕਨੇਡਾ ਅਤੇ ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਦੀ ਹਵਾਈ ਯਾਤਰਾ ਲਈ ਦਸ ਤੋਂ ਤੀਹ ਪ੍ਰਤੀਸ਼ਤ ਤਕ ਦੀ ਰਿਆਇਤ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਕੁਝ ਏਅਰ ਲਾਈਨਾਂ ਜਿਨ੍ਹਾਂ ਨੂੰ ਆਪਣੀਆਂ ਆਮ ਉਡਾਣਾਂ ਲਈ ਸੀਟਾਂ ਭਰਨ ਦੀ ਮੁਸ਼ਕਲ ਪੇਸ਼ ਆਉਂਦੀ ਹੈ, ਪੰਜਾਹ ਪ੍ਰਤੀਸ਼ਤ ਤਕ ਰਿਆਇਤ ਦੀ ਪੇਸ਼ਕਸ਼ ਕਰ ਰਹੀਆਂ ਹਨ।

ਇਕ ਅੰਤਰਰਾਸ਼ਟਰੀ ਏਅਰ ਲਾਈਨ ਦੇ ਮੈਨੇਜਰ ਨੇ ਸਪਸ਼ਟ ਕੀਤਾ ਕਿ ਉਹ ਇਸ ਨੂੰ ਰਿਆਇਤ ਨਹੀਂ ਗਿਣਦੇ ਸਗੋਂ ਮਾਰਕੀਟਿੰਗ ਦੇ ਪੈਂਤੜਿਆਂ 'ਤੇ ਚੱਲਣਾ ਆਖਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਉਹ ਅਜਿਹਾਂ ਨਹੀਂ

ਦੂਜੇ ਪਾਸੇ ਸੈਰ ਸਪਾਟੇ ਲਈ ਕਿਰਾਇਆ ਜੋ ਕਿ ਆਮ ਹਵਾਈ ਸਫਰ ਨਾਲੋਂ ਅੱਧਾਂ ਹੈ। ਦੇਸ਼ਾਂ ਦਰਮਿਆਨ ਹਵਾਈ ਸਫਰ ਵਧਾਉਣ ਲਈ ਅਜਿਹੇ ਕਿਰਾਏ ਬਾਰੇ ਦੋ ਸਰਕਾਰਾਂ ਵਿਚਕਾਰ ਫੈਸਲੇ ਲਏ ਹੋਏ ਹਨ। ਦਿੱਲੀ ਤੋਂ ਲੰਡਨ ਦਾ ਆਉਣ ਜਾਣ ਦਾ ਆਮ ਹਵਾਈ ਕਿਰਾਇਆ 16000 ਤੋਂ ਕੁੱਝ ਵੱਧ ਹੈ ਪਰ ਇਸੇ ਟਿਕਟ ਲਈ ਸੈਰ ਸਪਾਟੇ ਦਾ ਕਿਰਾਇਆ 9000 ਤੋਂ ਵੱ ਘੱਟ ਹੈ। ਇਹ ਕਿਰਾਏ ਅਮਰੀਕਾ, ਯੂ. ਕੇ. ਕਨੇਡਾ, ਯੂਰਪ. ਹਾਂਗਕਾਂਗ ਅਤੇ ਸਿੰਘਾਪੁਰ ਲਈ ਲਾਗੂ ਹਨ।

# ਭਾਰਤ ਪਾਕਿ ਨਾਲ ਸੱਚੀ ਦੋਸਤੀ ਦਾ ਚਾਹਵਾਨ — ਰਾਜੀਵ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧਂ ਨੇ ਕਿਹਾ ਹੈ ਕਿ ਪਾਕਿਸਤਾਨ ਨਾਲ ਸਬੰਧਤ ਮਾਮਲਿਆਂ ਨੂੰ ਹਰ ਹਾਲਤ ਵਿਚ ਹੱਲ ਕਰਨਾ ਬਣਦਾ ਹੈ ਤੇ ਕੀਤਾ ਜਾ ਸਕਦਾ ਹੈ ਕਿਉਂ ਜੋ ਭਾਂਰਤ ਆਪਣੇ ਗੁਆਂਢੀ ਦੇਸ਼ ਨਾਲ ਸੱਚੀ ਦੋਸਤੀ ਦਾ ਇੱਛੁਕ ਹੈ। ਅਮਰੀਕਾ ਦੇ ਇਕ ਅਖਬਾਰ "ਦਾ ਪਲੈਨ ਡੀਲਰ" ਨਾਲ ਭੇਂਟ ਵਾਰਤਾ 'ਚ ਉਨ੍ਹਾਂ ਕਿਹਾ ਿ ਭਾਂਰਤ ਸਾਰੇ ਹੀ ਗੁਆਂਢਂਆਂ ਲਾਲ ਦੋਸਤੀ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ "ਦੇਸ਼ ਦੀ ਵੰਡ ਲੋਕਾਂ ਦੇ ਆਪਸੀ ਵਿਚਾਰਾਂ ਦੀ ਵੰਡ ਨਹੀਂ ਸੀ।"

ਸ੍ਰੀ ਗਾਂਧਂ ਨੇ ਦੇਸ਼ ਦੀ ਵੰਡ ਲਈ ਅੰਗਰੇਜ਼ਾਂ ਨੂੰ ਜ਼ਿਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਹੁਣ ਵੀ ਭਾਰਤ ਤੇ ਪਾਕਿਸਤਾਨ ਦੇ ਲੋਕ ਇਕ ਦੂਜੇ ਨੂੰ ਨਿੱਘ ਅਤੇ ਪਿਆਰ ਨਾਲ ਮਿਲਦੇ ਹਨ ਤੇ ਅਜੇ ਵੀ ਦੋਹਾਂ ਧਿਰਾਂ 'ਚ ਪਹਿਲਾਂ ਵਾਲਾ 'ਰਿਸ਼ਤਾ" ਬਰਕਰਾਰ ਹੈ। ਸ੍ਰੀ ਗਾਂਧੀ ਨੇ ਪਿਛਲੇ ਦਿਨੀਂ ਦੂਨ ਸਕੂਲ ਡੇਹਰਾਦੂਨ 'ਚ ਮਿਲੇ ਪੁਰਾਣੇ ਪਾਕਿਸਤਾਨੀ ਮਿੱਤਰਾਂ ਦਾ ਜ਼ਿਕਰ ਕੀਤਾ। ਅਮਰੀਕਾ ਵਲੋਂ ਪਾਕਿਸਤਾਨ ਨੂੰ ਦਿਤੇ ਜਾਂਦੇ ਹਥਿਆਰਾਂ ਬਾਰੇ ਇਕ ਸੁਆਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਇਸ ਗੱਲ ਦੀ ਸਾਨੂੰ ਚਿੰਤਾ ਹੈ ਕਿਉਂਕਿ ਪਾਕਿਸਤਾਨ ਨਾਲ ਭਾਰਤ ਦੀ ਤਿੰਨ ਵਾਰ ਜੰਗ ਹੋ ਚੁੱਕੀ ਹੈ। ਤੇ ਇਹ ਇਤਿਹਾਸਕ ਤੱਥ ਹੈ ਕਿ ਹਰ ਵਾਰ ਪਾਕਿਸਤਾਨ ਨੇ ਹੀਹੀ ਹਮਲਾ ਕੀਤਾ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਇਸ ਗੱਲ ਦੀ ਕੋਈ ਚਿੰਤਾ ਨਹੀਂ ਕਿ ਵੱਧ ਹਥਿਆਰ ਭਾਂਰਤ ਕੋਲ ਹਨ ਜਾਂ ਪਾਕਿਸਤਾਨ ਕੋਲ।

# ਪਛੜੇ ਵਰਗਾਂ ਨੂੰ ਦਲ 'ਚ ਸ਼ਾਮਲ ਹੋਣ ਦਾ ਸੱਦਾ

ਮਾਨਸਾ — ਆਲ ਇੰਡੀਆ ਅਨੁਸੂਚਿਤ ਅਤੇ ਪਛੜੀਆਂ ਸ਼ਰੇਣੀਆਂ ਵਿੰਗ ਸ਼ਰੋਮਣਂ ਅਕਾਲੀ ਦਲ ਦੇ ਜਨਰਲ ਸਕੱਤਰ ਸ੍ਰੀ ਗੋਬਿੰਦ ਸਿੰਘ ਕਾਂਝਲਾ ਨੇ ਅਨੁਸੂਚਿਤ ਜਾਤੀਆਂ ਅਤੇ ਆਰਥਿਕ ਤੌਰ 'ਤੇ ਪਛੜੇ ਹੋਏ ਵਰਗਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਆਰਥਿਕ ਉਨਤੀ ਲਈ ਮਾਨਸਿਕ ਪੱਧਰ ਨੂੰ ਉਚਾ ਚੁੱਕਣ ਲਈ ਸ਼ਰੋਮਣੀ ਅਕਾਲੀ ਦਲ ਦੀ ਵਿਚਾਰਧਾਰਾ ਨਾਲ ਜੁੜ ਜਾਣ। ਸ੍ਰੀ ਕਾਂਝਲਾ ਇਥੇ ਦਾਣਾ ਮੰਡੀਆਂ ਦੀ ਦੌਰਾ ਕਰਨ ਅਤੇ ਸ਼ਰੋਮਣੀ ਅਕਾਲੀ ਦਲ ਦੀ ਮੀਟਿੰਗ ਵਿਚ ਆਏ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਆਰਥਿਕ ਉਨਤੀ ਲਈ ਪਛੜੇ ਵਰਗਾਂ ਨੂੰ ਆਰਥਿਕ ਤੌਰ 'ਤੇ ਸਵੈ-ਨਿਰਭਰ ਕਰਨ ਲਈ ਯਤਨਸ਼ੀਲ ਹੈ ਤੇ ਉਨ੍ਹਾਂ ਆਸ ਪ੍ਰਗਟ ਕੀਤੀ ਕਿ ਲੋਕ ਅਜਿਹੇ ਪਰੋਗਰਾਮਾਂ ਵਿਚ ਸਹਿਯੋਗ ਦੇਣਗੇ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿਤਾ ਕਿ ਅਕਾਲੀ ਦਲ ਸਾਰੇ ਨਾਗਰਿਕਾਂ ਨੂੰ ਬਰਾਬਰ ਦੀ ਪ੍ਰਤੀਨਿਧਤਾ ਦੇਣ ਦਾ ਹਾਮੀ ਹੈ ਅਤੇ ਦਲ ਵਿਚ ਯੋਗਤਾ ਅਨੁਸਾਰ ਹਰ ਇਕ ਵਿਅਕਤੀ ਨੂੰ ਅੱਗੇ ਆਉਣ ਦਾ ਮੌਕਾ ਮਿਲਦਾ ਹੈ।

ਸ੍ਰੀ ਕਾਂਝਲਾ ਇਥੇ ਦਾਣਾ ਮੰਡੀ 'ਚ ਕਿਸਾਨਾਂ ਨੂੰ ਵੀ ਮਿਲੇ ਅਤੇ ਉਨ੍ਹਾਂ ਐਫ. ਸੀ. ਆਈ. ਨੂੰ ਝੋਨੇ ਦੀ ਖਰੀਦ ਕਰਨ 'ਤੇ ਜ਼ੋਰ ਪਾਇਆ। ਇਸ ਮੌਕੇ 'ਤੇ ਸ੍ਰੀ ਗੁਰਦੀਪ ਸਿੰਘ ਦੀਪ ਜ਼ਿਲਾ ਮੀਤ ਪ੍ਰਧਾਨ ਸ਼ਰੋਮਣਂ ਅਕਾਲੀ ਦਲ (ਪਛੜੀਆਂ ਸ਼ਰੇਣਂਆਂ ਵਿੰਗ) ਅਤੇ ਸ੍ਰੀ ਰਾਜਿੰਦਰ ਸਿੰਘ ਕਾਂਝਲਾ ਸੀਨੀਅਰ ਮੀਤ ਪ੍ਰਧਾਨ ਯੂਥ ਵਿੰਗ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਅਸੀਂ ਸਾਰੇ ਹੀ ਕੁਝ ਨਾ ਕੁਝ ਇਕ ਦੂਜੇ ਦੇ ਲਗਦੇ ਹਾਂ।
ਅਸੀਂ ਦੁਨੀਆ ਦਾ ਚਾਨਣ ਹਾਂ, ਤੇ ਇਕ ਦੂਜੇ ਤੋਂ ਜਗਦੇ ਹਾਂ।
ਅਸਾਡੇ ਅੰਗ ਕਹਿੰਦੇ ਨੇ, ਅਸੀਂ ਇਕੋ ਵਰਗ ਦੇ ਹਾਂ।
ਤੇ ਇਕ ਦੂਜੇ ਲਈ ਅਨਕੂਲ ਤਨ ਹੋ ਕੇ ਸੁਲਗਦੇ ਹਾਂ।

ਇਹ ਰਿਸ਼ਤੇ, ਅਣ-ਪਛਾਤੇ ਰਿਸ਼ਤਿਆਂ ਦੀ ਸਾਰ ਦਿੰਦੇ ਨੇ।
ਹਨੇਰੀ ਸੋਚ ਵਿਚ ਚਿਣਗਾਂ ਦਾ ਛੱਟਾ ਮਾਰ ਦਿੰਦੇ ਨੇ।
ਇਹ ਤਨ ਦੇ ਕਿਣਕਿਆਂ ਨੂੰ ਮਹਿਕ ਦੀ ਚਮਕਾਰ ਦਿੰਦੇ ਨੇ।
ਤੇ ਮਿੱਟੀ ਆਪਣੀ ਨੂੰ ਅੰਗ ਲਾ ਕੇ ਠਾਰ ਦਿੰਦੇ ਨੇ।

MANY UNRESERVED UNITS
PUBLIC AUTO AUCTION
• Trucks • Vans • 4x4's • Motor Homes
You Name It — We've Got It-
OVER 100 UNITS ON SALE
ਚੰਗੀਆਂ ਕਾਰਾਂ ਸਸਤੇ ਭਾਅ ਤੇ ਖ੍ਰੀਦਣੀਆਂ ਹੋਣ ਤਾਂ ਸਾਡੇ ਕੋਲ ਆਉ
AUTO SALE EVERY SATURDAY 11 AM
HOME OF MECHANICALLY INSPECTED AUTOS
Consignments Being Taken Now
The Best Deals Are At
BURNABY PUBLIC AUTO AUCTION LTD.
Corner of Marine Way & Byrne Rd.
5605 BYRNE RD. BURNABY • 430-1109
PHONE 430-1109
SO LET A PROFESSIONAL SELL YOUR UNIT
We've Saved Hundreds of Purchasers Time, Money and Stress!!

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: . . . .
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ

# ਕੂ ਕਲੱਕਸ ਕਲੈਨ ਵੱਲ ਵਧਦੇ ਦੋਸਤੀ ਦੇ ਹੱਥ

ਸਾਡੇ ਇਕ ਸਮਕਾਲੀ ਨੇ 'ਕੂ ਕਲੱਕਸ ਕਲੈਨ' ਦੇ ਇਕ ਬੁਲਾਰੇ ਦਾ ਖਤ ਬੜਾ ਫਲੈਸ਼ ਕਰਕੇ ਛਾਪਿਆ ਅਤੇ ਨਾਲ ਹੀ ਸੁਰਖੀ ਲਾ ਕੇ ਆਪਣੀ ਨਫਰਤ ਦਾ ਪ੍ਰਗਟਾ ਵੀ ਬੜੇ ਜ਼ੋਰ ਸ਼ੋਰ ਨਾਲ ਕੀਤਾ। ਸਾਡੇ ਇਸ ਸਮਕਾਲੀ ਦਾ ਵਤੀਰਾ 'ਵੈਨਕੂਵਰ ਸੱਥ' ਵਾਲੇ ਦੋਸਤਾਂ ਨੂੰ ਬੜਾ ਅਜੀਬ ਲੱਗਿਆ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਇਹ ਸਾਡਾ ਸਮਕਾਲੀ ਜੋ ਸ਼ਰੋਮਣੀ ਅਕਾਲੀ ਦਲ ਵਰਗੀ ਇਤਿਹਾਸਕ ਸਿੱਖਾਂ ਦੀ ਸੰਸਥਾ ਨੂੰ ਗਦਾਰੀ ਦੇ ਫਤਵੇ ਦੇ ਸਕਦਾ ਹੈ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਸੰਸਥਾ ਦੇ ਸਮੁੱਚੇ ਵਜੂਦ ਦਾ ਮਖੌਲ ਉਡਾ ਸਕਦਾ ਹੈ, ਆਪਣੇ ਹੀ ਪੈਦਾ ਕੀਤੇ 'ਜ਼ਿੰਦਾ ਸ਼ਹੀਦਾਂ' ਨੂੰ ਅਸਮਾਨ ਤੇ ਪੁਚਾ ਕੇ ਧਰਤੀ ਉਤੇ ਲਾਹੁਣ ਦੀ ਕੋਸ਼ਿਸ਼ ਕਰ ਸਕਦਾ ਹੈ, ਸਿੱਖ ਧਰਮ ਦੇ ਅਕਾਲ ਤਖਤ ਦੇ ਜਥੇਦਾਰ ਨੂੰ ਜੋ ਮਨ ਆਏ ਗਰਦਾਨ ਸਕਦਾ ਹੈ ਤਾਂ ਉਹ ਕੂ ਕਲੱਕਸ ਕਲੈਨ ਵਰਗੀ ਭਾਰਤੀਆਂ ਦੀ ਦੁਸ਼ਮਣ ਸੰਸਥਾ ਨਾਲ ਆਪਣਾ 'ਪ੍ਰੇਮ' ਕਿਉਂ ਨਹੀਂ ਪ੍ਰਗਟਾ ਸਕਦਾ ?

'ਕੂ ਕਲੱਕਸ ਕਲੈਨ' ਵਰਗੀ ਫਾਸ਼ੀ ਸੰਸਥਾ ਦੇ ਨਿਸ਼ਾਨੇ ਜੋ ਹਨ ਉਹ ਕਿਸੇ ਵੀ ਭਾਰਤੀ ਜਾਂ ਕਨੇਡੀਅਨ ਤੋਂ ਲੁਕੇ ਛਿਪੇ ਨਹੀਂ ਹਨ। ਫਾਸ਼ੀ ਸੰਸਥਾਵਾਂ ਜੋ ਆਪਣੇ ਆਪ ਨੂੰ ਹਿੰਸਾ ਦੀਆਂ ਪੁਜਾਰੀ ਸਮਝਦੀਆਂ ਹਨ ਅਤੇ ਫਾਸ਼ੀ ਢੰਗਾਂ ਨਾਲ ਹੀ ਸਮਾਜਕ ਢਾਂਚੇ ਨੂੰ ਖੇਰੂੰ ਖੇਰੂੰ ਕਰਦੀਆਂ ਹਨ — ਲੋਕਾਂ ਵਿਚ ਨਸਲ ਤੇ ਰੰਗ ਦੇ ਭੇਦਭਾਵ ਪੈਦਾ ਕਰਕੇ ਆਪਣੇ 'ਮਿਹਰਬਾਨਾਂ' ਤੋਂ ਗੰਦੇ ਵਸੂਲ ਕਰਦੀਆਂ ਹਨ। ਇਨ੍ਹਾਂ ਸੰਸਥਾਵਾਂ ਦਾ ਕਿਰਦਾਰ ਸਮਝਦੇ ਹੋਏ ਵੀ 'ਵੈਨਕੂਵਰ ਸੱਥ' ਵਾਲੇ ਸਾਥੀ ਸਪੱਸ਼ਟੀਕਰਨ ਮੰਗਣ ਦੀ ਲੋੜ ਰੱਖਦੇ ਹਨ।

ਇਹ ਸਾਡੇ ਸਮਕਾਲੀ ਦਾ ਕਮਿਊਨਿਸਟ ਵਿਰੋਧੀ ਨਫਰਤ ਦਾ ਪ੍ਰਗਟਾ ਹੀ ਨਹੀਂ ਇਹ ਪ੍ਰਗਟਾਵਾ ਤਾਂ ਬੜੇ ਸਾਲਾਂ ਤੋਂ ਨਿਰੰਤਰ ਚਲਦਾ ਆ ਰਿਹਾ ਹੈ। ਕੈਨੇਡਾ ਵਿਚ ਕਮਿਊਨਿਸਟ ਤਾਂ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ — ਪਰ ਜੋ ਸ਼ਖਸ ਸਿੱਖਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਨੂੰ ਗਾਲੀ ਗਲੋਚ ਕਰ ਸਕਦਾ ਹੈ — ਕਮਿਊਨਿਸਟ ਕਿਸ ਦੇ ਵਿਚਾਰੇ ਹਨ ?

ਅਸੀਂ ਸਮਝਦੇ ਹਾਂ ਜੇ ਕੂ ਕਲੱਕਸ ਕਲੈਨ ਦੇ ਵਿਚਾਰ ਹਨ ਜੋ ਸਾਡਾ ਸਮਕਾਲੀ ਉਨ੍ਹਾਂ ਦਾ ਸਮਰਥਨ ਕਰਦਾ ਹੈ ਤੇ ਚਿੱਟੀ ਚਮੜੀ ਨੂੰ ਵੱਧ ਤਰਜੀਹ ਦਿੰਦਾ ਹੈ ਤੇ ਕਾਲੇ ਤੇ ਭੂਰੇ ਲੋਕਾਂ ਨੂੰ ਚਿੱਟੀ ਆਬਾਦੀ ਵਾਲੇ ਦੇਸ਼ਾਂ ਵਿਚੋਂ ਬਾਹਰ ਕਢਵਾਉਣ ਦਾ ਇਛਕ ਹੈ ਤਾਂ ਉਸ ਨੂੰ ਪੂਰਾ ਹੱਕ ਹੈ ਕਿ ਉਹ ਕੂ ਕਲੱਕਸ ਕਲੈਨ ਦੇ ਕੇਵਵਲ ਖਤ ਫਲੈਸ਼ ਕਰਕੇ ਹੀ ਨਾ ਛਾਪੇ ਸਗੋਂ ਉਨ੍ਹਾਂ ਨਾਲ ਭਾਈਵਾਲੀ ਦਾ ਨਿੱਘ ਵੀ ਪ੍ਰਾਪਤ ਕਰੇ।

---

ਜਿਸ ਦਿਨ ਰਾਤ ਉਲਾਂਭਾ ਲੈ ਕੇ
ਸਿਖਰ-ਦੁਪਹਿਰੇ ਆਈ
ਗ਼ਰਜ਼ ਦਿਆਂ ਮੁਸ਼ਟੰਡਿਆਂ ਕੀਤੀ
ਕਦਰਾਂ ਦੀ ਰੁਸਵਾਈ।

ਜਿਸ ਦਿਨ ਧਰਤੀ ਦੇ ਜਾਇਆਂ ਵਿਚ
ਵੇਖੇ ਵਧਦੇ ਪਾੜੇ
ਤਵਾਰੀਖ਼ ਨੇ ਛਾਤੀ ਵਿਚਲੇ
ਅੱਖਰ ਹੋਰ ਉਘਾੜੇ।

# ਸ਼ਹੀਦ ਕਰਤਾਰ ਸਿੰਘ ਸਰਾਭਾ

**—ਲੇਖਕ ਸ਼ਹੀਦ ਭਗਤ ਸਿੰਘ**

(ਸ਼ਹੀਦ ਸਰਾਭਾ ਦੀ ਫੋਟੋ ਭਗਤ ਸਿੰਘ ਆਪਣੇ ਪਾਸ ਰੱਖਦੇ ਸਨ ਅਤੇ ਕਿਹਾ ਕਰਦੇ ਸਨ, ਇਹ "ਮੇਰਾ ਗੁਰੂ, ਮੇਰਾ ਸਾਥੀ ਤੇ ਭਰਾ ਹੈ।" ਉਨ੍ਹਾਂ ਦੀ ਪ੍ਰੇਰਣਾ ਦਾ ਸਰੋਤ ਤੇ ਇਨਕਲਾਬੀ ਜੀਵਨ ਲਈ ਸੰਦੇਸ਼ ਕਰਤਾਰ ਸਿੰਘ ਸਰਾਭਾ ਬਾਰੇ ਇਹ ਲੇਖ ਬਹੁਤ ਹੀ ਖਾਸ ਮਹੱਤਤਾ ਰੱਖਦਾ ਹੈ। — ਸੰਪਾਦਕ)

ਰਣਚੰਡੀ ਦੇ ਇਸ ਪਰਮ ਭਗਤ ਬਾਗੀ ਕਰਤਾਰ ਸਿੰਘ ਦੀ ਉਮਰ ਇਸ ਵੇਲੇ ਵੀਹਾਂ ਸਾਲਾਂ ਦੀ ਭੀ ਨਹੀਂ ਹੋਈ ਸੀ ਕਿ ਜਦ ਉਨ੍ਹਾਂ ਨੇ ਸਵਤੰਤਰਤਾ ਦੇਵੀ ਦੀ ਬਲੀ ਵੇਦੀ ਉਤੇ ਆਪਣੀ ਕੁਰਬਾਨੀ ਦੇ ਦਿੱਤੀ। ਹਨੇਰੀ ਵਾਂਗ ਉਹ ਇਕ ਦਮ ਕਿਤਿਓਂ ਆਏ, ਅੱਗ ਭੜਕਾਈ ਤੇ ਸੁਪਨਿਆਂ 'ਚ ਪਈ ਰਣਚੰਡੀ ਜਗਾਉਣ ਦੀ ਕੋਸ਼ਿਸ਼ ਕੀਤੀ। ਬਗਾਵਤ ਦਾ ਯੱਗ ਰਚਿਆ, ਅਤੇ ਆਖਰ ਉਹ ਆਪ ਖੁਦ ਇਸ ਵਿਚ ਭਸਮ ਹੋ ਗਏ,। ਉਹ ਕੀ ਸਨ, ਕਿਸ ਦੁਨੀਆਂ ਤੋਂ ਅਚਾਨਕ ਆਏ, ਅਤੇ ਝੱਟ ਕਿਧਰ ਚੱਲੇ ਗਏ, ਅਸੀਂ ਕੁੱਝ ਵੀ ਨਾ ਜਾਣ ਸਕੇ। 19 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੇ ਇਨੇ ਕੰਮ ਕਰ ਦਿਖਾਏ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਜੁਰਅਤ, ਐਨਾ ਆਤਮਵਿਸ਼ਵਾਸ਼, ਐਨਾ ਆਤਮ-ਤਿਆਗ ਅਤੇ ਐਨੀ ਲਗਨ ਬਹੁਤ ਘੱਟ ਦੇਖਣ ਨੂੰ ਮਿਲੇਗੀ। ਭਾਰਤ-ਵਰਸ਼ ਵਿਚ ਐਸੇ ਇਨਸਾਨ ਬਹੁਤ ਘੱਟ ਪੈਦਾ ਹੋਏ ਹਨ ਜਿਨ੍ਹਾਂ ਨੂੰ ਕਿ ਸਹੀ ਅਰਥਾਂ ਵਿਚ ਬਾਗੀ ਆਖਿਆ ਜਾ ਸਕਦਾ ਹੈ। ਪਰੰਤੂ ਇਹਨਾਂ ਗਿਣਿਆਂ-ਮਿਣਿਆਂ ਆਗੂਆਂ ਵਿਚ ਕਰਤਾਰ ਸਿੰਘ ਦਾ ਨਾਂ ਸੂਚੀ ਦੇ ਉਪਰ ਹੈ। ਉਨ੍ਹਾਂ ਦੀ ਰਗ-ਰਗ ਵਿਚ ਇਨਕਲਾਬ ਦਾ ਜਜ਼ਬਾ ਸਮਾਇਆ ਹੋਇਆ ਸੀ। ਉਨ੍ਹਾਂ ਦੀ ਜ਼ਿੰਦਗੀ ਦਾ ਇਕੋ ਮਕਸਦ, ਇਕੋ ਖਾਹਸ਼ ਅਤੇ ਇਕੋ ਉਮੀਦ ਜੋ ਕੁਝ ਵੀ ਸੀ ਇਨਕਲਾਬੀ ਸੀ। ਇਸ ਦੇ ਲਈ ਉਨ੍ਹਾਂ ਜ਼ਿੰਦਗੀ ਵਿਚ ਪੈਰ ਪਾਇਆ ਤੇ ਅਖੀਰ ਇਸੇ ਲਈ ਹੀ ਇਸ ਦੁਨੀਆਂ ਤੋਂ ਚਲਾਣਾ ਕਰ ਗਏ।

ਆਪ ਦਾ ਜਨਮ 1896 ਵਿਚ ਪਿੰਡ ਸਰਾਭਾ ਜ਼ਿਲਾ ਲੁਧਿਆਣੇ ਵਿਚ ਹੋਇਆ ਸੀ। ਆਪ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ। ਹਾਲੇ ਉਨ੍ਹਾਂ ਦੀ ਉਮਰ ਛੋਟੀ ਹੀ ਸੀ ਕਿ ਪਿਤਾ ਜੀ ਚਲਾਣਾ ਕਰ ਗਏ। ਪ੍ਰੰਤੂ ਆਪ ਦੇ ਦਾਦਾ ਨੇ ਬਹੁਤ ਯਤਨ ਕਰਕੇ ਆਪ ਨੂੰ ਪਾਲਿਆ। ਨੌਵੀਂ ਜਮਾਤ ਪੜ੍ਹਨ ਤੋਂ ਬਾਅਦ ਆਪਣੇ ਚਾਚੇ ਕੋਲ ਚਲੇ ਗਏ। ਉਥੇ ਉਨ੍ਹਾਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ ਅਤੇ ਕਾਲਜ ਪੜ੍ਹਨ ਲਗ ਪਏ। ਇਹ 1910-11 ਦੇ ਦਿਨ ਸਨ। ਇੱਧਰ ਆਪ ਨੂੰ ਸਕੂਲ ਤੇ ਕਾਲਜ ਦੇ ਪਾਠ ਕਰਮ ਦੇ ਤੰਗ ਘੇਰੇ ਤੋਂ ਬਾਹਰ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ। ਇਹ ਅੰਦੋਲਨ ਦਾ ਜ਼ਮਾਨਾ ਸੀ। ਇਸ ਵਾਤਾਵਰਨ ਵਿਚ ਰਹਿ ਕੇ ਆਪ ਦਾ ਦੇਸ਼ ਪ੍ਰੇਮ ਦਾ ਜਜ਼ਬਾ ਭੜਕਿਆ।

ਇਸ ਤੋਂ ਬਾਅਦ ਆਪ ਦੀ ਅਮਰੀਕਾ ਜਾਣ ਦੀ ਖਾਹਸ਼ ਹੋਈ। ਘਰਦਿਆਂ ਨੇ ਉਸ ਦਾ ਕੋਈ ਵਿਰੋਧ ਨਾ ਕੀਤਾ। ਆਪ ਨੂੰ ਅਮਰੀਕਾ ਭੇਜ ਦਿਤਾ ਗਿਆ। ਸੰਨ 1912 ਵਿਚ ਆਪ ਸਾਨਫਰਾਂਸਿਸਕੋ ਦੀ ਬੰਦਰਗਾਹ ਤੇ ਪਹੁੰਚੇ। ਆਜ਼ਾਦ ਦੇਸ਼ ਵਿਚ ਜਾ ਕੇ ਕਦਮ-ਕਦਮ ਤੇ ਆਪ ਦੇ ਕੋਮਲ ਦਿਲ ਉਤੇ ਚੋਟ ਲੱਗਣ ਲੱਗੀ। ਇਨ੍ਹਾਂ ਗੋਰਿਆਂ ਦੀ ਜ਼ਬਾਨ ਤੋਂ Damn Hindu (ਨਖਿਧ ਹਿੰਦੂ) ਅਤੇ Black man (ਕਾਲੇ ਆਦਮੀ) ਆਦਿ ਸੁਣਦੇ ਹੀ ਉਹ ਪਾਗਲ ਹੋ ਉਠਦੇ ਸਨ। ਉਨ੍ਹਾਂ ਨੂੰ ਪੈਰ-ਪੈਰ ਤੇ ਦੇਸ਼ ਦੀ ਇੱਜ਼ਤ ਤੇ ਮਾਣ ਖਤਰੇ ਵਿਚ ਨਜ਼ਰ ਆਉਣ ਲੱਗੇ। ਘਰ ਯਾਦ ਆਉਣ ਤੇ ਜੰਜੀਰਾਂ ਵਿਚ ਜਕੜਿਆ ਹੋਇਆ ਬੇਵਸ ਭਾਰਤ ਸਾਹਮਣੇ ਆ ਜਾਂਦਾ। ਉਨ੍ਹਾਂ ਦਾ ਕੋਮਲ ਦਿਲ ਹੌਲੀ ਹੌਲੀ ਸਖਤ ਹੋਣ ਲੱਗਾ ਅਤੇ ਦੇਸ਼ ਦੀ ਆਜ਼ਾਦੀ ਲਈ ਜ਼ਿੰਦਗੀ ਕੁਰਬਾਨ ਕਰਨ ਦਾ ਇਰਾਦਾ ਮਜ਼ਬੂਤ ਹੁੰਦਾ ਗਿਆ। ਉਨ੍ਹਾਂ ਦੇ ਦਿਲ ਉਤੇ ਇਸ ਵੇਲੇ ਕੀ ਗੁਜ਼ਰਦੀ ਸੀ ਇਹ ਅਸੀਂ ਕਿਵੇਂ ਸਮਝ ਸਕਦੇ ਹਾਂ।

ਇਹ ਅਸੰਭਵ ਸੀ ਕਿ ਉਹ ਚੈਨ ਨਾਲ ਰਹਿ ਸਕਦੇ। ਹਰ ਵੇਲੇ ਉਨ੍ਹਾਂ ਦੇ ਸਾਹਮਣੇ ਇਹੀ ਸਵਾਲ ਆਉਣ ਲੱਗਾ ਕਿ ਜੇ ਸ਼ਾਂਤੀ ਨਾਲ ਕੰਮ ਨਾ ਚੱਲਿਆ ਤਾਂ ਦੇਸ਼ ਕਿਸ ਤਰ੍ਹਾਂ ਆਜ਼ਾਦ ਹੋਵੇਗਾ ? ਫਿਰ ਜ਼ਿਆਦਾ ਸੋਚੇ ਬਗੈਰ ਉਨ੍ਹਾਂ ਨੇ ਭਾਰਤੀ ਮਜ਼ਦੂਰਾਂ ਦੀ ਜਥੇਬੰਦੀ ਸ਼ੁਰੂ ਕਰ ਦਿਤੀ। ਉਨ੍ਹਾਂ ਵਿਚ ਆਜ਼ਾਦੀ ਦਾ ਜਜ਼ਬਾ ਉਭਰਨ ਲੱਗਾ। ਹਰ ਇਕ ਕੋਲ ਘੰਟਿਆਂ ਬੱਧੀ ਬੈਠ ਕੇ ਸਮਝਾਉਣ ਲੱਗੇ ਕਿ ਬੇਇੱਜ਼ਤੀ ਨਾਲ ਭਰੀ ਹੋਈ ਗੁਲਾਮੀ ਦੀ ਜ਼ਿੰਦਗੀ ਨਾਲੋਂ ਤਾਂ ਮੌਤ ਹਜ਼ਾਰ ਦਰਜੇ ਚੰਗੀ ਹੈ। ਕੰਮ ਸ਼ੁਰੂ ਹੋਣ ਤੇ ਹੋਰ ਲੋਕ ਵੀ ਉਨ੍ਹਾਂ ਨਾਲ ਆ ਮਿਲੇ। ਮਈ 1912 ਵਿਚ ਇਨ੍ਹਾਂ ਲੋਕਾਂ ਦੀ ਇਕ ਖਾਸ ਮੀਟਿੰਗ ਹੋਈ। ਇਸ ਵਿਚ ਕੁੱਝ ਚੁਣੇ ਹੋਏ ਹਿੰਦੁਸਤਾਨੀ ਸ਼ਾਮਲ ਹੋਏ। ਸਾਰਿਆਂ ਨੇ ਦੇਸ਼ ਦੀ ਆਜ਼ਾਦੀ ਉਤੋਂ ਤਨ, ਮਨ, ਧਨ ਨਿਛਾਵਰ ਕਰਨ ਦਾ ਪ੍ਰਣ ਕੀਤਾ। ਇਨ੍ਹੀਂ ਦਿਨੀਂ ਪੰਜਾਬ ਦੇ ਜਲਾਵਤਨ ਦੇਸ਼ ਭਗਤ ਭਗਵਾਨ ਸਿੰਘ ਉਥੇ ਪਹੁੰਚੇ। ਧੜਾ-ਧੜ ਜਲਸੇ ਹੋਣ ਲੱਗੇ। ਉਪਦੇਸ਼ ਹੋਣ ਲੱਗੇ। ਕੰਮ ਤੋਂ ਕੰਮ ਹੁੰਦਾ ਗਿਆ. ਮੈਦਾਨ ਤਿਆਰ ਹੋ ਗਿਆ। ਫਿਰ ਅਖਬਾਰ ਦੀ ਜ਼ਰੂਰਤ ਮਹਿਸੂਸ ਹੋਣ ਲੱਗੀ। ਗਦਰ ਨਾਮੀ ਅਖਬਾਰ ਕੱਢਿਆ ਗਿਆ। ਇਸ ਦਾ ਪਹਿਲਾ ਪਰਚਾ ਨਵੰਬਰ 1913 ਨੂੰ ਕੱਢਿਆ ਗਿਆ। ਇਸ ਦੇ ਐਡੀਟੋਰੀਅਲ ਸਟਾਫ ਵਿਚ ਕਰਤਾਰ ਸਿੰਘ ਵੀ ਸਨ। ਆਪ ਦੀ ਕਲਮ ਵਿਚ ਅਥਾਹ ਜੋਸ਼ ਸੀ। ਅਖਬਾਰ ਨੂੰ ਐਡੀਟੋਰੀਅਲ ਦੇ ਮੈਂਬਰ ਹੈਂਡ ਪਰੈਸ ਤੇ ਛਾਪਦੇ ਸਨ। ਕਰਤਾਰ ਸਿੰਘ ਮਤਵਾਲੇ ਇਨਕਲਾਬ ਪਸੰਦ ਨੌਜਵਾਨ ਸਨ। ਪਰੈਸ ਚਲਾਉਂਦਿਆਂ ਥੱਕ ਜਾਣ ਤੇ ਉਹ ਗੀਤ ਗਾਇਆ ਕਰਦੇ ਸਨ —

ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਕਰਤਾਰ ਸਿੰਘ ਜਿਸ ਲਗਨ ਨਾਲ ਮਿਹਨਤ ਕਰਦੇ ਸਨ, ਇਸ ਨਾਲ ਸਭ ਦਾ ਹੌਂਸਲਾ ਵੱਧ ਜਾਂਦਾ ਸੀ। ਭਾਰਤ ਨੂੰ ਕਿਸ ਤਰ੍ਹਾਂ ਆਜ਼ਾਦ ਕਰਵਾਇਆ ਜਾਵੇ ? ਇਹ ਕਿਸੇ ਹੋਰ ਨੂੰ ਪਤਾ ਹੋਵੇ ਜਾਂ ਨਾ ਹੋਵੇ। ਕਿਸੇ ਨੇ ਇਸ ਸਵਾਲ ਤੇ ਸੋਚ ਵਿਚਾਰ ਕੀਤੀ ਹੋਵੇ ਜਾਂ ਨਾ ਕੀਤੀ ਹੋਵੇ ਪਰ ਕਰਤਾਰ ਸਿੰਘ ਨੇ ਇਸ ਸਵਾਲ ਬਾਰੇ ਬਹੁਤ ਕੁਝ ਸੋਚ ਰੱਖਿਆ ਸੀ। ਇਸ ਦੌਰਾਨ ਆਪ ਨਿਊਯਾਰਕ ਵਿਚ ਹਵਾਈ ਜਹਾਜ਼ਾਂ ਦੀ ਕੰਪਨੀ ਵਿਚ ਭਰਤੀ ਹੋ ਗਏ ਅਤੇ ਇਥੇ ਦਿਲ ਲਗਾ ਕੇ ਕੰਮ ਸਿਖਣ ਲੱਗੇ।

ਸਤੰਬਰ 1914 ਵਿਚ ਕਾਮਾਗਾਟਾ ਮਾਰੂ ਜਹਾਜ਼ ਨੂੰ ਜ਼ਾਲਮ ਗੋਰਾ ਸ਼ਾਹੀ ਦੇ ਹੱਥੋਂ ਨਾ ਵਰਨਣ ਯੋਗ ਤਸੀਹੇ ਝੱਲਣ 'ਤੇ ਉਸੇ ਤਰ੍ਹਾਂ ਹੀ ਵਾਪਸ ਮੁੜਨਾ ਪਿਆ। ਤਦ ਸਾਡੇ ਕਰਤਾਰ ਸਿੰਘ ਇਨਕਲਾਬ ਪਸੰਦ, ਗੁਪਤਾ ਤੇ ਇਕ ਅਮਰੀਕਨ ਅਨਾਰਕਿਸਟ ਜੈਕ ਨੂੰ ਨਾਲ ਲੈ ਕੇ ਹਵਾਈ ਜਹਾਜ਼ ਤੇ ਜਪਾਨ ਆਏ ਅਤੇ ਕੋਬੇ ਵਿਚ ਬਾਬਾ ਗੁਰਦਿੱਤ ਸਿੰਘ ਜੀ ਨਾਲ ਮਿਲਕੇ ਸਭ ਗੱਲਬਾਤ ਕੀਤੀ। ਯੁਗਾਂਤਰ ਆਸ਼ਰਮ ਸਾਂਨਫਰਾਂਸਿਸਕੋ ਦੇ ਗਦਰ ਪਰੈਸ ਵਿਚ 'ਗਦਰ ਅਤੇ ਗਦਰ ਦੀ ਗੂੰਜ' ਅਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਛਾਪ ਕੇ ਵੰਡੀਆਂ ਜਾਂਦੀਆਂ ਰਹੀਆਂ। ਦਿਨੋਂ-ਦਿਨ ਪਰਚਾਰ ਜ਼ੋਰਾਂ ਤੇ ਹੁੰਦਾ ਗਿਆ। ਜੋਸ਼ ਵਧਦਾ ਗਿਆ। ਫਰਵਰੀ 1914 ਵਿਚ ਸਟਾਕਟਨ ਦੇ ਆਮ ਜਲਸੇ ਵਿਚ ਆਜ਼ਾਦੀ ਦਾ ਝੰਡਾ ਲਹਿਰਾਇਆ ਗਿਆ ਅਤੇ ਅਜ਼ਾਦੀ ਤੇ ਬਰਾਬਰੀ ਦੇ ਨਾਂ ਤੇ ਕਸਮ ਖਾਧੀ ਗਈ। ਇਸ ਜਲਸੇ ਦੇ ਬੁਲਾਰਿਆਂ ਵਿਚ ਕਰਤਾਰ ਸਿੰਘ ਵੀ ਸਨ। ਸਾਰਿਆਂ ਨੇ ਐਲਾਨ ਕੀਤਾ ਕਿ ਉਹ ਆਪਣੇ ਖੂਨ ਪਸੀਨੇ ਦੀ ਕਮਾਈ ਇਕ ਕਰਕੇ ਮੁਲਕ ਦੀ ਆਜ਼ਾਦੀ ਦੀ ਜਦੋ- ਜਹਿਦ ਲਈ ਲੱਗਾ ਦੇਣਗੇ। ਇਸ ਤਰ੍ਹਾਂ ਦਿਨ ਗੁਜ਼ਰਦੇ ਰਹੇ। ਅਚਾਨਕ ਯੂਰਪ ਵਿਚ ਪਹਿਲੀ ਜੰਗ ਲੱਗਣ ਦੀ ਖਬਰ ਮਿਲੀ। ਉਹ ਖੁਸ਼ੀ ਨਾਲ ਫੁੱਲੇ ਨਹੀਂ ਸਮਾਉਂਦੇ ਸਨ। ਇਕ ਦਮ ਸਾਰੇ ਗਾਉਣ ਲੱਗ ਪਏ —

"ਚੱਲੋ ਚਲੀਏ ਦੇਸ਼ ਨੂੰ ਯੁੱਧ ਕਰਨ,
ਇਹੋ ਆਖਰੀ ਵਚਨ ਤੇ ਫੁਰਮਾਨ ਹੋ ਗਏ।"

ਕਰਤਾਰ ਸਿੰਘ ਨੇ ਦੇਸ਼ ਵਾਪਸ ਮੁੜਨ ਦਾ ਪ੍ਰਚਾਰ ਜ਼ੋਰ ਨਾਲ ਕੀਤਾ। ਫਿਰ ਆਪ ਵੀ ਜਹਾਜ਼ ਤੇ ਸਵਾਰ ਹੋ ਕੋਲੰਬੋ(ਲੰਕਾ) ਪਹੁੰਚ ਗਏ। ਇਹਨੀਂ ਦਿਨੀਂ ਅਮਰੀਕਾ ਤੋਂ ਪੰਜਾਬ ਆਉਣ ਵਾਲੇ ਆਮ ਤੌਰ 'ਤੇ ਡਿਫੈਂਸ ਆਫ ਇੰਡੀਆ ਕਾਨੂੰਨ (D.L.R.) ਦੀ ਪਕੜ ਵਿਚ ਆ ਜਾਂਦੇ ਸਨ ਬਹੁਤ ਘੱਟ ਸਹੀ ਸਲਾਮਤ ਆ ਪਹੁੰਚ ਸਕਦੇ ਸਨ। ਕਰਤਾਰ ਸਿੰਘ ਸਹੀ ਸਲਾਮਤ ਆ ਪਹੁੰਚਿਆ ਬੜੇ ਜ਼ੋਰਾਂ ਨਾਲ ਕੰਮ ਸ਼ੁਰੂ ਹੋਇਆ। ਸੰਗਠਨ ਦੀ ਕਮੀ ਸੀ। ਪਰੰਤੂ ਕਿਸੇ ਤਰ੍ਹਾਂ ਉਹ ਵੀ ਪੂਰੀ ਕੀਤੀ ਗਈ। ਦਸੰਬਰ 1914 ਵਿਚ ਮਰਹੱਟੇ ਨੌਜਵਾਨ ਵਿਸ਼ਨੂੰ ਗਨੇਸ਼ ਪਿੰਗਲੇ ਵੀ ਆ ਗਏ। ਇਨ੍ਹਾਂ ਦੀ ਕੋਸ਼ਿਸ਼ ਨਾਲ ਸ੍ਰੀ ਸਚਿੰਦਰ ਨਾਥ ਸਨਿਆਲ ਤੇ ਰਾਸ ਬਿਹਾਰੀ ਬੋਸ ਪੰਜਾਬ ਆਏ। ਕਰਤਾਰ ਸਿੰਘ ਹਰ ਸਮੇਂ ਹਰ ਥਾਂ ਹੁੰਦੇ। ਅੱਜ ਮੋਗੇ ਵਿਚ ਖੁਫੀਆ ਮੀਟਿੰਗ ਹੈ, ਆਪ ਉਥੇ ਵੀ ਹਨ। ਕਲ੍ਹ ਲਾਹੌਰ ਦੇ ਵਿਦਿਆਰਥੀਆਂ ਵਿਚ ਪਰਚਾਰ ਹੋ ਰਿਹਾ ਹੈ ਆਪ ਫਿਰ ਅਗਲੀ ਕਤਾਰ ਵਿਚ ਹਨ। ਅਗਲੇ ਦਿਨ ਫਿਰੋਜ਼ਪੁਰ ਦੀ ਛਾਉਣੀ ਦੇ ਸਿਪਾਹੀਆਂ ਨਾਲ ਗਠਜੋੜ ਹੋ ਰਿਹਾ ਹੈ। ਫਿਰ ਹਥਿਆਰਾਂ ਲਈ ਕਲਕੱਤੇ ਜਾ ਰਹੇ ਹਨ। ਰੁਪਏ ਦੀ ਕਮੀ ਦਾ ਸਵਾਲ ਉਠਣ ਤੇ ਆਪ ਨੇ ਡਾਕਾ ਮਾਰਨ ਦੀ ਸਲਾਹ ਦਿਤੀ। ਡਾਕੇ ਦਾ ਨਾਂ ਸੁਣਦੇ ਹੀ ਬਹੁਤ ਸਾਰੇ ਲੋਕ ਹੱਕੇ-ਬੱਕੇ ਰਹਿ ਗਏ। ਪਰੰਤੂ ਆਪ ਨੇ ਕਹਿ ਦਿਤਾ ਕੋਈ ਡਰ ਨਹੀਂ ਹੈ। ਭਾਈ ਪ੍ਰਮਾਨੰਦ ਵੀ ਡਾਕੇ ਨਾਲ ਸਹਿਮਤ ਹਨ। ਇਨ੍ਹਾਂ ਤੋਂ ਤਸਦੀਕ ਕਰਵਾਉਣ ਦੀ ਜ਼ੁੰਮੇਵਾਰੀ ਆਪ 'ਤੇ ਸੁੱਟੀ ਗਈ। ਅਗਲੇ ਦਿਨ ਇਨ੍ਹਾਂ ਨੂੰ ਮਿਲੇ ਬਗੈਰ ਹੀ ਕਹਿ ਦਿਤਾ ਕਿ "ਪੁੱਛ ਆਇਆ ਹਾਂ ਉਹ ਸਹਿਮਤ ਹਨ।" ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ ਸਨ ਕਿ ਬਗਾਵਤ ਦੀ ਤਿਆਰੀ ਵਿਚ ਸਿਰਫ ਰੁਪਏ ਦੀ ਘਾਟ ਕਰਕੇ ਦੇਰ ਹੋਵੇ।

ਇਕ ਦਿਨ ਉਹ ਡਾਕਾ ਮਾਰਨ ਇਕ ਪਿੰਡ ਗਏ। ਕਰਤਾਰ ਸਿੰਘ ਲੀਡਰ ਸਨ। ਡਾਕਾ ਪੈ ਰਿਹਾ ਸੀ। ਘਰ ਵਿਚ ਇਕ ਬੇਹੱਦ ਖੂਬਸੂਰਤ ਕੁੜੀ ਵੀ ਸੀ। ਉਸ ਨੂੰ ਦੇਖ ਕੇ ਇਕ ਪਾਪੀ ਆਤਮਾ ਦਾ ਦਿਲ ਡੋਲ ਗਿਆ। ਉਸ ਨੇ ਲੜਕੀ ਦਾ ਹਥ ਜ਼ਬਰਦਸਤੀ ਫੜ ਲਿਆ। ਲੜਕੀ ਘਬਰਾ ਕੇ ਰੌਲਾ ਪਾਉਣ ਲਗੀ। ਇਕ ਦਮ ਕਰਤਾਰ ਸਿੰਘ ਰਿਵਾਲਵਰ ਤਾਣ ਕੇ ਉਸ ਦੇ ਨੇੜੇ ਪਹੁੰਚ ਗਏ ਅਤੇ ਉਸ ਆਦਮੀ ਦੇ ਮੱਥੇ ਉਤੇ ਪਿਸਤੌਲ ਰੱਖ ਕੇ ਉਸ ਨੂੰ ਨਿਹੱਥਾ ਕਰ ਦਿਤਾ ਅਤੇ ਫਿਰ ਕੜਕ ਕੇ ਬੋਲੇ "ਪਾਪੀ ! ਤੇਰਾ ਜੁਰਮ ਬਹੁਤ ਸੰਗੀਨ ਹੈ। ਤੈਨੂੰ ਸਜ਼ਾਏ ਮੌਤ ਮਿਲਣੀ ਚਾਹੀਦੀ ਹੈ, ਪਰ ਹਾਲਤਾਂ ਤੋਂ ਮਜ਼ਬੂਰ ਤੈਨੂੰ ਮੁਆਫ ਕੀਤਾ ਜਾਂਦਾ ਹੈ। ਛੇਤੀ ਇਸ ਲੜਕੀ ਦੇ ਪੈਰੀਂ ਪੈ ਕੇ ਮੁਆਫੀ ਮੰਗ ਕਿ, ਐ ਭੈਣ ! ਮੈਨੂੰ ਮੁਆਫ ਕਰ

ਬਾਕੀ ਪੰਨਾ 8 'ਤੇ

FOGG MOTORS
60 - 10th Street, New Westminster

ਸਾਡੇ ਕੋਲੋਂ ਬਹੁਤ ਸਾਰੀਆਂ ਪੁਰਾਣੀਆਂ ਕਾਰਾਂ, ਪਿਕ ਅਪ ਤੇ ਵੈਨਾਂ ਬੜੀ ਸਸਤੀ ਕੀਮਤ ਤੇ ਮਿਲ ਸਕਦੀਆਂ ਹਨ

ਚੰਗੀਆਂ ਕਾਰਾਂ, ਵੈਨਾਂ ਤੇ ਪਿਕ ਅਪ(ਨਵੀਆਂ ਜਾਂ ਪੁਰਾਣੀਆਂ) ਖ਼੍ਰੀਦਣ ਵਾਸਤੇ ਆਪਣੀ ਕਮਿਊਨਿਟੀ ਦੇ ਜਾਣੇ ਪਛਾਣੇ ਭਰੋਸੇਯੋਗ ਸੇਲਜਮੈਨ ਨੂੰ ਸਦਾ ਯਾਦ ਰੱਖੋ। GMC Chrysler ਜਾਂ Ford ਦੀ ਕਾਰ ਲੈਣੀ ਹੋਵੇ ਤਾਂ ਵੀ ਸੁਖਜਿੰਦਰ ਸਿੰਘ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਸਲਾਹ ਦੇ ਕੇ ਫਖਰ ਮਹਿਸੂਸ ਕਰਦੇ ਹਨ। ਕਾਰਾਂ ਸਸਤੇ ਰੇਟ ਤੇ ਅਸਾਨ ਕਿਸ਼ਤਾਂ ਵੀ ਮਿਲ ਸਕਦੀਆਂ ਹਨ।

ਅਸੀਂ ਹਰ ਐਤਵਾਰ 11 ਵਜੇ
ਸਵੇਰ ਤੋਂ ਲੈ ਕੇ
4 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ।

ਇਕ ਵਾਰ ਜ਼ਰੂਰ ਦਰਸ਼ਨ ਦਿਓ



Sukhjinder Bath (Sukhi)
Bus: 522-2821 Res: 594-7712

# ਲੰਕਾ ਸਰਕਾਰ ਨਾਲ ਗੱਲਬਾਤ ਤੋਂ ਨਾਂਹ

ਨਵੀਂ ਦਿੱਲੀ — ਸ੍ਰੀ ਲੰਕਾ ਵਿਚ ਈਲਮ ਨੈਸ਼ਨਲ ਲਿਬਰੇਸ਼ਨ ਫਰੰਟ ਨੇ ਸ੍ਰੀ ਲੰਕਾ ਦੀ ਸਰਕਾਰ ਨਾਲ ਸਿੱਧੀ ਗੱਲਬਾਤ ਕਰਨੋਂ ਨਾਂਹ ਕਰ ਦਿਤੀ ਹੈ ਅਤੇ ਇਸ ਗੱਲ ਦਾ ਸੰਕੇਤ ਦਿਤਾ ਹੈ ਕਿ ਜਥੇਬੰਦੀ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਮੁੜ ਹਥਿਆਰਬੰਦ ਟਾਕਰੇ ਦਾ ਰਾਹ ਅਪਣਾ ਲਏਗੀ। ਈਲਮ ਦੇ ਬੁਲਾਰੇ ਨੇ ਕਿਹਾ ਕਿ ਸ੍ਰੀਲੰਕਾ ਦੀ ਸਰਕਾਰ ਦੇ ਹੱਥਕੰਡਿਆਂ ਕਾਰਨ ਭਾਰਤ ਦੇ ਸ਼ਾਂਤੀ ਯਤਨ ਵੀ ਬੇਕਾਰ ਹੋ ਗਏ ਹਨ। ਬੁਲਾਰੇ ਨੇ ਕਿਹਾ ਕਿ ਈਲਮ ਦੇ ਚਾਰ ਗਰੁੱਪ ਨੇ ਕਦੇ ਵੀ ਹਥਿਆਰਾਂ ਦਾ ਰਾਹ ਨਹੀਂ ਛੱਡਿਆ ਸੀ ਅਤੇ ਇਨ੍ਹਾਂ ਗਰੁੱਪਾਂ ਨੇ ਸਿਰਫ ਹਿਥਆਰਬੰਦ ਕਾਰਵਾਈ ਮੁਲਤਵੀ ਹੀ ਕੀਤੀ ਸੀ।

# ਚੰਡੀਗੜ੍ਹ ਪ੍ਰਾਜੈਕਟਾਂ ਦੇ ਖਰਚਿਆਂ ਦਾ ਕੇਂਦਰ ਨੇ ਵੇਰਵਾ ਮੰਗਿਆ

ਚੰਡੀਗੜ੍ਹ — ਕੇਂਦਰ ਸਰਕਾਰ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਕਿਹਾ ਕਿ 26 ਜਨਵਰੀ 1986 ਤਕ ਇਸ ਕੇਂਦਰ ਸ਼ਾਸਤ ਪ੍ਰਦੇਸ਼ ਦੇ ਵੱਖ ਵੱਖ ਪ੍ਰਾਜੈਕਟਾਂ ਲਈ ਲੋੜੀਂਦੇ ਖਰਚਿਆਂ ਦਾ ਵੇਰਵਾ ਦਿਤਾ ਜਾਵੇ। ਪਤਾ ਲੱਗਾ ਹੈ ਕਿ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਪਿਛਲੇ ਹਫਤੇ ਦੀ ਮ ਮੀਟਿੰਗ ਵਿਚ ਕੇਂਦਰ ਸਰਕਾਰ ਵਲੋਂ ਭੇਜੇ ਉਕਤ ਪੱਤਰ ਬਾਰੇ ਵਿਚਾਰ ਵਟਾਂਦਰਾ ਕੀਤਾ। ਯੋਜਨਾ ਕਮਿਸ਼ਨ ਨੇ ਸੱਤਵੀਂ ਪੰਜ ਸਾਲਾ ਯੋਜਨਾ ਅਧੀਨ ਚੰਡੀਗੜ੍ਹ ਲਈ 208 ਕਰੋੜ ਰੁਪਏ ਦਾ ਖਾਕਾ ਤਿਆਰ ਕੀਤਾ ਸੀ।

ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਦੇ ਇਸ ਪੱਤਰ ਨੇ ਪ੍ਰਸ਼ਾਸਨ ਨੂੰ ਦੁਬਿਧਾ ਵਿਚ ਪਾ ਦਿਤਾ ਹੈ ਕਿਉਂਕਿ ਅਗਲੇ ਪੰਜ ਸਾਲਾਂ ਲਈ ਕਈ ਸਕੀਮਾਂ ਘੜੀਆਂ ਹੋਈਆਂ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਕੇਂਦਰ ਸਰਕਾਰ ਨੇ ਸਪਸ਼ਟ ਕਹਿ ਦਿਤਾ ਹੈ ਕਿ ਆਉਣ ਵਾਲੇ ਗਣਤੰਤਰ ਦਿਵਸ ਤੋਂ ਬਾਅਦ ਪੰਜਾਬ ਵਿਚ ਚੰਡੀਗੜ੍ਹ ਨੂੰ ਸ਼ਾਮਲ ਕੀਤੇ ਜਾਣ, ਪਿਛੋਂ ਉ ਉਸ ਦੀ ਕਿਸੇ ਪ੍ਰਾਜੈਕਟ ਲਈ ਮਾਇਕ ਸਹਾਇਤਾ ਦੀ ਜ਼ਿੰਮੇਵਾਰੀ ਨਹੀਂ ਰਹਿ ਜਾਵੇਗੀ। ਪ੍ਰਸ਼ਾਸਨ ਨੇ ਹਾਲ ਦੀ ਘੜੀ ਚਾਲੂ ਸਕੀਮਾਂ ਲਈ ਖਰਚੇ ਦਾ ਅਨੁਮਾਨ ਲਗਾਇਆ ਹੈ, ਉਹ ਸੱਠ ਕਰੋੜ ਰੁਪਏ ਤੋਂ ਵੱਧ ਹੈ। ਸ ਸਾਰੇ ਸਾਧਨਾਂ ਤੋਂ ਹੋਣ ਵਾਲੀ ਆਮਦਨ ਦਾ ਜੋੜ ਕਰਨ ਉਪਰੰਤ ਵੀ ਲਗਭਗ ਚਾਲੀ ਕਰੋੜ ਰੁਪਏ ਦਾ ਘਾਟਾ ਰਹਿ ਜਾਵੇਗਾ। 26 ਜਨਵਰੀ ਤੋਂ ਬਾਅਦ ਸਕੀਮਾਂ ਤਦ ਹੀ ਚਾਲੂ ਰਹਿ ਸਕਣਗੀਆਂ ਜੇਕਰ ਪੰਜਾਬ ਿ ਸਰਕਾਰ ਪੈਸੇ ਦਾ ਕੋਈ ਪ੍ਰਬੰਧ ਕਰੇਗੀ।

# ਰਾਮੂਵਾਲੀਆ ਨਜ਼ਰਬੰਦਾਂ ਨੂੰ ਮਿਲੇ

ਨਵੀਂ ਦਿੱਲੀ — ਸੰਸਦ ਮੈਂਬਰ ਤੇ ਅਕਾਲੀ ਦਲ ਦੇ ਜਨਰਲ ਸਕੱਤਰ ਬਲਵੰਤ ਸਿੰਘ ਰਾਮੂਵਾਲੀਆ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਸਿੱਖਾਂ ਨੂੰ ਮਿਲੇ। ਸ: ਰਾਮੂਵਾਲੀਆ ਨੇ ਉਨ੍ਹਾਂ ਨੂੰ ਦੱਸਿਆ ਕਿ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲ ਉਨ੍ਹਾਂ ਸਭ ਨੂੰ ਰਿਹਾਅ ਕਰਾਉਣ ਦੇ ਯਤਨਾਂ 'ਚ ਕੇਂਦਰ ਨਾਲ ਗੱਲਬਾਤ ਕਰ ਰਹੇ ਹਨ।

# ਡੋਡ, ਭਾਗ ਸਿੰਘ ਦੀ ਚੋਣ ਨੂੰ ਹਾਈਕੋਰਟ ਵਿਚ ਚੁਣੌਤੀ

ਚੰਡੀਗੜ੍ਹ — ਸ੍ਰੀ ਕਰਨੈਲ ਸਿੰਘ ਡੋਲ(ਅਜ਼ਾਦ) ਅਤੇ ਸ੍ਰੀ ਭਾਗ ਸਿੰਘ (ਕਾਂਗਰਸ) ਦੀ ਕਰਮਵਾਰ ਫਰੀਦਕੋਟ ਤੇ ਚਮਕੌਰ ਸਾਹਿਬ ਹਲਕਿਆਂ ਤੋਂ ਪੰਜਾਬ ਵਿਧਾਨ ਸਭਾ ਲਈ ਚੋਣ ਨੂੰ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦੋ ਰਿੱਟ ਪਟੀਸ਼ਨਾਂ ਰਾਹੀਂ ਚੁਣੌਤੀ ਦਿਤੀ ਗਈ।

ਸ੍ਰੀ ਡੋਡ ਦੀ ਚੋਣ ਨੂੰ ਚੁਣੌਤੀ ਫਰੀਦਕੋਟ ਹਲਕੇ ਤੋਂ ਹਾਰਨ ਵਾਲੇ ਅਕਾਲੀ ਉਮੀਦਵਾਰ ਬਲਬੀਰ ਸਿੰਘ ਬਰਾੜ ਨੇ ਦਿੱਤੀ। ਆਪਣੀ ਪਟੀਸ਼ਨ ਵਿਚ ਸ੍ਰੀ ਬਰਾੜ ਨੇ ਦੋਸ਼ ਲਾਇਆ ਕਿ ਸ੍ਰੀ ਡੋਡ ਨੇ ਚੋਣ ਪ੍ਰਚਾਰ ਦੌਰਾਨ ਆਪਣੇ ਆਪ ਨੂੰ ਅਸਲ ਪੰਥਕ ਉਮੀਦਵਾਰ ਦਰਸਾਇਆ ਅਤੇ ਵੋਟਰਾਂ ਤੋਂ ਸਿੱਖ ਧਰਮ ਦੇ ਨਾਂ 'ਤੇ ਵੋਟਾਂ ਮੰਗੀਆਂ। ਪਟੀਸ਼ਨ ਵਿਚ ਇਹ ਵੀ ਦੋਸ਼ ਲਾਇਆ ਗਿਆ ਕਿ ਸ੍ਰੀ ਡੋਡ ਨੇ ਚੋਣਾਂ ਦੌਰਾਨ ਕਥਿਤ ਤੌਰ 'ਤੇ ਸਰਕਾਰੀ ਅਧਿਕਾਰੀਆਂ ਦੀ ਵੀ ਮਦਦ ਲਈ ਅਤੇ ਕਾਨੂੰਨੀ ਹੱਦਾਂ ਤੋਂ ਵੱਧ ਪੈਸਾ ਖਰਚਿਆ।

# ਆਹ! ਸਾਥੀ ਜੀਤ ਸਿੰਘ ਪੂੰਨੀ

**ਵਲੋਂ : ਸੂਫੀ ਅਮਰਜੀਤ**

25 ਨਵੰਬਰ 1985 ਦੀ ਸ਼ਾਮ ਨੂੰ ਜਦੋਂ ਮੈਂ ਕੰਮ ਤੋਂ ਘਰ ਪੁੱਜਾ ਤਾਂ ਸਾਥੀ ਪਾਖਰ ਸਿੰਘ ਮਾਨ (ਖਮਾਂਚੋਂ) ਨੇ ਫੂਨ ਤੇ ਦੱਸਿਆ ਕਿ 'ਜੀਤ ਸਿੰਘ' ਚੱਲ ਵਸੇ। ਮੈਨੂੰ ਜਿਵੇਂ ਕੁਝ ਸੁੱਝ ਨਾ ਰਿਹਾ ਹੋਵੇ। ਮੈਂ ਪੁੱਛਿਆ 'ਕਿਹੜਾ ਜੀਤ ਸਿੰਘ ?' ਉਨ੍ਹਾਂ ਕਿਹਾ 'ਜ਼ੀਂਦੋਵਾਲੀਆ'। ਮੇਰਾ ਮਨ ਤਾਂ ਇਕ ਦਮ ਸਮਝ ਗਿਆ। ਪ੍ਰੰਤੂ ਬੁੱਧੀ ਦੀ ਤਸੱਲੀ ਨਾ ਹੋਈ, ਉਸ ਨੇ ਇਕ ਹੋਰ ਸਵਾਲ ਜ਼ਬਾਨ ਤੇ ਲੈ ਆਂਦਾ, 'ਕਿਹੜਾ ਜ਼ੀਂਦੋਵਾਲੀਆ' ਉਨ੍ਹਾਂ ਫਿਰ ਕਿਹਾ 'ਜੀਤ ਸਿੰਘ ਪੂੰਨੀ'। ਦੁਖੀ ਮਨ ਚੋਂ ਕਈ ਸਵਾਲ ਪੁਛੇ ਗਏ। ਕਿਵੇਂ ? ਕਿਥੇ ? ਕਦੋਂ ? ਕਿਸਤੋਂ ਪਤਾ ਲਗਾ ਆਦਿ। ਪ੍ਰੰਤੂ ਸਭ ਨੂੰ ਪਤਾ ਹੈ ਕਿ ਕਦੀ ਅਜਿਹੀ ਖਬਰ ਝੂਠੀ ਨਹੀਂ ਹੁੰਦੀ।

ਗਿਆਨੀ ਕੇਸਰ ਸਿੰਘ ਨਾਵਲਿਸਟ ਨਾਲ ਵੀ ਪੂੰਨੀ ਹੋਰਾਂ ਦੇ ਬੜੇ ਨੇੜੇ ਦੇ ਨਿਘੇ ਸੰਬੰਧ ਸਨ, ਜਦੋਂ ਮੈਂ ਉਨ੍ਹਾਂ ਤੋਂ ਵੀ ਜਾਨਣ ਦੇ ਲਈ ਫੂਨ ਕੀਤਾ, ਤਾਂ ਉਨ੍ਹਾਂ ਦੀ ਵੀ ਮੇਰੇ ਵਾਲੀ ਹੀ ਹਾਲਤ ਸੀ, ਕਿਉਂਕਿ ਉਨ੍ਹਾਂ ਨੂੰ ਵੀ ਹਾਲੇ ਤੱਕ ਪਤਾ ਨਾ ਲੱਗ ਸਕਿਆ ਸੀ। ਉਨ੍ਹਾਂ ਨੂੰ ਮੇਰੇ ਦੱਸਣ ਉਪਰ ਯਕੀਨ ਨਹੀਂ ਆ ਰਿਹਾ ਸੀ। ਉਨ੍ਹਾਂ ਮੇਰੇ ਕੋਲੋਂ ਪਾਖਰ ਸਿੰਘ ਦਾ ਫੂਨ ਲਿਆ। ਮੈਨੂੰ ਹੋਰ ਕਿਧਰੋਂ ਪੱਕੀ ਤਰ੍ਹਾਂ ਪਤਾ ਕਰਨ ਲਈ ਕਿਹਾ। ਮੈਂ ਉਜੱਲ ਦੁਸਾਂਝ ਹੋਰਾਂ ਤੋਂ ਪਤਾ ਕੀਤਾ ਤਾਂ ਉਨ੍ਹਾਂ ਕਿਹਾ ਇਹ ਮਾੜੀ ਖਬਰ ਸੱਚ ਹੀ ਹੈ।

ਸਾਥੀ ਜੀਤ ਸਿੰਘ ਪੂੰਨੀ ਦੀ ਮਿਰਤੂ ਕੰਮ ਉਪਰ ਹੀ 25 ਨਵੰਬਰ 1985 ਦੀ ਸਵੇਰ ਨੂੰ 4.25 ਦੇ ਕਰੀਬ ਸਖਤ ਦਿਲ ਦਾ ਦੌਰਾ ਪੈਣ ਨਾਲ ਹੋਈ। ਜਿਥੇ ਉਹ ਕੰਮ ਕਰਦੇ ਸਨ। ਉਥੇ ਕੋਈ ਹੋਰ ਨੇੜੇ ਵੀ ਨਹੀਂ ਸੀ ਜਦੋਂ ਕੋਈ ਸੁਪਰਵਾਈਜ਼ਰ ਗੇੜਾ ਮਾਰਨ ਆਇਆ ਤਾਂ ਉਸ ਨੂੰ ਨੇ ਇਨ੍ਹਾਂ ਨੂੰ ਿ ਡੱਗਿਆ ਹੋਇਆਂ ਨੂੰ ਦੇਖਿਆ। ਏਥੇ ਮਿਲ ਮਾਲਕਾਂ ਦੀ ਗੈਰ-ਮਨੁਖੀ ਮੁਨਾਫਾਖੋਰੀ ਦੀ ਵੀ ਇਕ ਨਿੰਦਣਯੋਗ ਕਰਤੂਤ ਦਾ ਪਤਾ ਲੱਗਾ ਹੈ ਕਿ ਉਨ੍ਹਾਂ ਇਨ੍ਹਾਂ ਦੀ ਥਾਂ ਪੂਰਤੀ ਲਈ ਤਾਂ ਤੁਰੰਤ ਫੂਨ ਕਰਕੇ ਇਕ ਬੰਦਾ ਸੱਦ ਲਿਆ, ਪ੍ਰੰਤੂ ਜਿਸ ਵਰਕਰ ਨੇ ਸਾਲਾਂ ਤੋਂ ਇਨ੍ਹਾਂ ਲਈ ਮੁਨਾਂਫਾ ਕਮਾ ਕੇ ਦਿਤਾ, ਉਸ ਦੇ ਅਫਸੋਸ ਲਈ ਮਿਲ੍ਹ ਤਾਂ ਕੀ ਖੜੀ ਕਰਨੀ ਸੀ, ਸਗੋਂ 8 ਵਜੇ ਤੱਕ ਉਨ੍ਹਾਂ ਦੇ ਘਰ ਫੂਨ ਕਰਕੇ ਵੀ ਨਹੀਂ ਦੱਸਿਆ, ਜਦੋਂ ਕਿ ਇਹ ਘਟਨਾ ਸਾਢੇ ਚਾਰ ਵਜੇ ਦੇ ਕਰੀਬ ਵਾਪਰੀ। ਫਿਰ ਵੀ ਪੁਲੀਸ ਦੇ ਇਕ ਸਿਪਾਹੀ ਨੇ ਘਰ ਆ ਕੇ ਇਸ ਮਾੜੀ ਖਬਰ ਬਾਰੇ ਪਰਵਾਰ ਨੂੰ ਦੱਸਿਆ।

ਸਾਥੀ ਜੀਤ ਸਿੰਘ ਪੂੰਨੀ ਦਾ ਜਨਮ ਜ਼ੀਂਦੋਵਾਲ, ਜ਼ਿਲਾ ਜਲੰਧਰ ਵਿਖੇ 19 ਜੂਨ 1928 ਨੂੰ ਨੰਬਰਦਾਰ ਬਾਵਾ ਸਿੰਘ ਦੇ ਘਰ ਵਿਖੇ ਹੋਇਆ। ਇਹ ਮਾਪਿਆਂ ਦੇ ਘਰ ਇਕੱਲੇ ਹੀ ਪੁੱਤਰ ਸੀ। ਨੰਬਰਦਾਰ ਬਾਵਾ ਸਿੰਘ ਬੜੇ ਧੜੱਲੇਦਾਰ, ਮੰਨੇਪਰਮੰਨੇ ਅਤੇ ਖੁਲੇ ਸੁਭਾਓ ਦੇ ਬੰਦੇ ਸਨ। ਉਨ੍ਹਾਂ ਕੋਲ ਇਲਾਕੇ ਦੇ ਸਾਰੇ ਹੀ ਰਾਜਨੀਤਕ ਲੋਕ ਆਉਂਦੇ ਜਾਂਦੇ ਰਹਿੰਦੇ ਸਨ। ਕਮਿਊਨਿਸਟ, ਅਕਾਲੀ, ਕਾਂਗਰਸੀ ਸਭੇ ਹੀ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਕਿਉਂਕਿ ਉਹ ਅੰਗਰੇਜ਼ ਪੱਖੀ ਨਹੀਂ ਸਨ। ਅਜਿਹੇ ਘਰ ਦੇ ਮਾਹੌਲ ਦਾ ਜੀਤ ਸਿੰਘ ਉਪਰ ਵੀ ਅਸਰ ਹੋਣਾ ਕੁਦਰਤੀ ਸੀ।

ਇਹ ਉਹ ਸਮਾਂ ਸੀ ਜਦੋਂ ਜਲੰਧਰ ਹੁਸ਼ਿਆਰਪੁਰ ਦਾ ਇਹ ਇਲਾਕਾ ਬਬਰ ਅਕਾਲੀਆਂ ਦੀਆਂ ਪੈੜਾਂ ਨੇ ਚੱਪਾ ਚੱਪਾ ਗਾਹਿਆ ਹੋਇਆ ਸੀ। ਬਬਰ ਲਹਿਰ ਤਾਂ ਭਾਵੇਂ ਖਤਮ ਹੋ ਚੁੱਕੀ ਸੀ ਪ੍ਰੰਤੂ ਬਬਰਾਂ ਦੀ ਬਹਾਦਰੀ ਅਤੇ ਉਨ੍ਹਾਂ ਦੀਆਂ ਸ਼ਹੀਦੀਆਂ ਦੀ ਵਾਰਾਂ ਵਰਗੀ ਚਰਚਾ, ਪੰਜਾਬ ਨਾਲੋਂ ਕਿਤੇ ਬਹੁਤੀ ਇਸ ਇਲਾਕੇ ਦੇ ਪਿੰਡਾਂ ਦੇ ਘਰ ਘਰ ਦੀ ਨਿਤ ਦਿਹਾੜੀ ਦੀ ਕਥਾ ਸੀ। ਇਸ ਤਰ੍ਹਾਂ ਇਨ੍ਹਾਂ ਨੂੰ ਸੁਰਤ ਸੰਭਾਲਦਿਆਂ ਹੀ ਵਿਦਰੋਹੀ ਹਵਾ ਵਿਚ ਸਾਹ ਲੈ ਕੇ ਵੱਡੇ ਹੋਣ ਦਾ ਵਾਤਾਵਰਣ ਮਿਲਿਆ।

ਮੁੱਢ ਵਿਚ ਇਨ੍ਹਾਂ ਉਪਰ ਕੁਝ ਧਾਰਮਕ ਪ੍ਰਭਾਵ ਵੀ ਪਿਆ। ਪ੍ਰੰਤੂ ਛੇਤੀ ਹੀ ਇਨ੍ਹਾਂ ਦਾ ਧਿਆਨ ਮਜ਼ਦੂਰਾਂ ਕਿਸਾਨਾਂ ਦੀ ਲਹਿਰ ਨੇ ਖਿਚ ਲਿਆ। ਇਨ੍ਹਾਂ ਦੇ ਗੁਆਂਢੀ ਕਾਮਰੇਡ ਇੰਦਰ ਸਿੰਘ ਿ ਕਰਤੀ, ਹਰਦੇਵ ਸਿੰਘ ਉਢਣੀ ਅਤੇ ਹੋਰ ਉਘੇ ਆਗੂਆਂ ਦਾ ਇਨ੍ਹਾਂ ਤੇ ਕਾਫੀ ਪ੍ਰਭਾਵ ਪਿਆ। ਜਦੋਂ 1947 ਦੀ ਦੇਸ਼ ਦੀ ਵੰਡ ਦੇ ਤੁਰਤ ਮਗਰੋਂ ਕਮਿਊਨਿਸਟ ਪਾਰਟੀ ਨੂੰ ਜਵਾਹਰ ਲਾਲ ਨਹਿਰੂ ਸਰਕਾਰ ਨੇ ਗੈਰ ਕਾਨੂੰਨੀ ਕਰਾਰ ਦੇ ਦਿਤਾ, ਉਨ੍ਹਾਂ ਦਿਲਾਂ ਵਿਚ ਜੀਤ ਸਿੰਘ ਪੂੰਨੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ ਅਤੇ ਆਪਣੇ ਆਖਰੀ ਸਮੇਂ ਤਕ ਉਹ ਕਮਿਊਨਿਸਟ ਹੀ ਰਹੇ।

1959 ਤੱਕ ਉਨ੍ਹਾਂ ਹਰ ਕਮਿਊਨਿਸਟ ਲਹਿਰ ਦਾ ਸਾਥ ਦਿਤਾ, ਜਲਸੇ, ਜਲੂਸਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਖੁਸ਼ ਹੈਸੀਅਤ ਮੋਰਚੇ ਸਮੇਂ ਉਨ੍ਹਾਂ ਮੁਹਿਮ ਵਿਚ ਪੂਰਾ ਹਿੱਸਾ ਲਿਆ। ਸ: ਪਾਖਰ ਸਿੰਘ ਮਾਨ ਨੇ ਉਨ੍ਹਾਂ ਦੇ ਸਬੰਧ ਵਿਚ ਦੱਸਿਆ ਕਿ ਉਹ ਮੁਹਿਮ ਵਿਚ ਇਕੱਠੇ ਕਈ ਜਲੂਸਾਂ ਵਿਚ ਗਏ। ਉਹ ਸਾਮਰਾਜ ਦੇ ਕੱਟੜ ਵਿਰੋਧੀ ਸਨ। ਉਹ ਦੇਸ਼ ਵਿਚ ਮਜ਼ਦੂਰ ਿ ਕਸਾਨਾਂ ਦੀ ਸਰਕਾਰ ਦੇਖਣਾ ਚਾਹੁੰਦੇ ਸਨ।

1959 ਵਿਚ ਉਹ ਕੈਨੇਡਾ ਆ ਗਏ। ਏਥੇ 1960 ਵਿਚ ਵੈਨਕੂਵਰ ਆਈਲੈਂਡ ਉਤੇ ਿ ਮੱਲ ਵਿਚ ਕੰਮ ਕਰਦੇ ਰਹੇ। ਸ. ਬੇਲਾ ਸਿੰਘ ਥਾਂਦੀ ਉਨ੍ਹਾਂ ਦੇ ਨਾਲ ਕੰਮ ਕਰਦੇ ਰਹੇ ਸਨ। ਉਨ੍ਹਾਂ ਦੱਸਿਆ ਕਿ ਉਹ ਇਕ ਪਾਇਦਾਰ, ਠੋਸ ਬੰਦਾ ਸੀ। ਉਹ ਕਦੀ ਥਿੜਕਿਆ ਨਹੀਂ ਸੀ। ਯੂਨੀਅਨ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸੀ।

1971 ਵਿਚ ਇਹ ਪਰਵਾਰ ਸਮੇਤ ਇਥੇ ਸਰੀ ਵਿਚ ਆ ਗਏ। ਉਸ ਵੇਲੇ ਤੋਂ ਇਥੇ ਹੀ ਰਹੇ ਹਨ। ਇਥੇ ਉਨ੍ਹਾਂ ਦਾ ਇਕ ਲੜਕਾ ਬਲਬੀਰ ਸਿੰਘ ਦੋ ਪੋਤਰੇ, ਚਾਰ ਧੀਆਂ ਅਤੇ ਉਨ੍ਹਾਂ ਦੇ ਪਰਵਾਰ ਰਹਿ ਰਹੇ ਹਨ।

ਮੈਂ ਉਨ੍ਹਾਂ ਨੂੰ ਪਿਛਲੇ ਕਈ ਸਾਲਾਂ ਤੋਂ ਜਾਣਦਾ ਹਾਂ। ਉਹ ਈਮਾਨਦਾਰ, ਦ੍ਰਿੜ ਅਤੇ ਪੱਕੇ ਇਰਾਦੇ ਦੇ ਸਮਝਦਾਰ ਇਨਸਾਨ ਸਨ। ਉਹੀ ਫਿਰਕਾਪ੍ਰਸਤੀ ਦੇ ਕੱਟੜ ਵਿਰੋਧੀ ਸਨ। ਭਾਰਤ ਦੀ ਏਕਤਾ ਦੇ ਪੱਕੇ ਸਮਰਥਕ ਸਨ।

ਜਦੋਂ 1964 ਵਿਚ ਭਾਰਤ ਦੀ ਕਮਿਊਨਿਸਟ ਲਹਿਰ ਵਿਚ ਫੁਟ ਪੈ ਗਈ। ਦੋ ਪਾਰਟੀਆਂ ਬਣ ਜਾਣ ਕਾਰਨ ਜੀਤ ਸਿੰਘ ਦੇ ਮਨ ਨੂੰ ਬੜੀ ਸੱਟ ਵੱਜੀ। ਹਰ ਸਮੇਂ ਹਰ ਕਮਿਊਨਿਸਟ ਨੂੰ ਮਿਲਣ ਉਪਰ ਉਹ ਇਸ ਚਿੰਤਾ ਦਾ ਪ੍ਰਗਟਾਵਾ ਕਰਦੇ। ਮੈਨੂੰ ਸਾਥੀ ਪ੍ਰੀਤਮ ਸਿੰਘ ਖਾਨਖਾਨਾ ਨੇ ਦੱਸਿਆ ਕਿ "ਜੀਤ ਸਿੰਘ ਮੁਢ ਤੋਂ ਪਾਰਟੀ ਨਾਲ ਰਿਹਾ। ਉਸ ਨੂੰ ਭਾਰਤ ਦੀ ਕਮਿਊਨਿਸਟ ਲਹਿਰ ਨਾਲ ਬੜੀ ਉਣਸ ਸੀ। ਉਹ ਹਮੇਸ਼ਾਂ ਹੀ ਇਹੋ ਪੁਛਦਾ ਕਿ ਕ ਦੋਂ ਦੋਵੇਂ ਪਾਰਟੀਆਂ ਇਕੱਠੀਆਂ ਹੋਣਗੀਆਂ।"

ਪਿਛਲੇ ਸਾਲ ਦੇ ਸ਼ੁਰੂ ਵਿਚ ਜਦੋਂ ਸੀ. ਪੀ. ਆਈ. (ਐਮ) ਦੇ ਆਗੂ ਹਰਿਕਸ਼ਨ ਸਿੰਘ 'ਸੁਰਜੀਤ' ਵੈਨਕੂਵਰ ਆਏ ਤਾਂ ਪੂੰਨੀ ਹੋਰਾਂ ਭਾਰਤੀ ਕਮਿਊਨਿਸਟ ਲਹਿਰ ਦੀ ਏਕਤਾ ਦੇ ਸਬੰਧ ਵਿਚ ਸਵਾਲ ਪੁਛੇ। ਉਨ੍ਹਾਂ ਤਫਸੀਲ ਨਾਲ ਉਤਰ ਦਿਤੇ ਕਿ ਵਖ ਹੋਣ ਦੇ ਕੀ ਕਾਰਨ ਸਨ। ਹੁਣ ਕਿਵੇਂ ਅਮਲ ਦੀ ਨੇੜਤਾ ਵਲ ਵਧ ਰਹੇ ਹਨ।

ਕਾਮਰੇਡ ਸੁਰਜੀਤ ਦੇ ਵਿਸਤਾਰ ਪੂਰਬਕ ਉਤਰ ਨਾਲ ਇਨ੍ਹਾਂ ਦੀ ਤਸੱਲੀ ਹੋਈ। ਇਨ੍ਹਾਂ ਸੀ. ਪੀ. ਆਈ. )ਐਮ) ਦੇ ਦਿੱਲੀ ਵਿਚ ਬਣ ਰਹੇ ਕੇਂਦਰੀ ਕਮੇਟੀ ਦੇ ਦਫਤਰ ਦੀ ਉਸਾਰੀ ਲਈ ਪੰਜ ਸੌ ਡਾਲਰ ਸਹਾਇਤਾ ਆਪ ਦਿਤੀ ਅਤੇ ਕਾਫੀ ਹੋਰ ਸਹਾਇਤਾ ਦੋਸਤਾਂ ਮਿਤਰਾਂ ਤੋਂ ਵੀ ਇਕੱਠੀ ਕਰਕੇ ਦਿਤੀ।

ਪਿਛਲੇ ਦੋ ਕੁ ਸਾਲਾਂ ਤੋਂ ਉਹ ਸਿਰ ਉਪਰ ਇਕ ਦਸੂਤੀ ਲਾਲ ਟੋਪੀ ਲੈ ਕੇ ਰਖਦੇ ਸਨ। ਇਕ ਬਾਰ ਮੈਂ ਪੁੱਛਿਆ 'ਕਾਮਰੇਡ ਇਹ ਟੋਪੀ ਤੁਹਾਨੂੰ ਬੜੀ ਚੰਗੀ ਲਗਦੀ ਹੈ, ਕੋਈ ਖਾਸ ਗੱਲ ਹੈ ਇਸ ਟੋਪੀ ਦੀ ?' ਉਨ੍ਹਾਂ ਹੱਸਦਿਆਂ ਕਿਹਾ, 'ਇਹ ਐਵੇਂ ਨਹੀਂ ਸਿਰ ਉਪਰ ਰਖੀ ਫਿਰਦਾਂ, ਇਕ ਤਾਂ ਇਸ ਦਾ ਰੰਗ ਲਾਲ ਹੈ, ਲਾਲ ਝੰਡੇ ਵਰਗਾ, ਦੂਜੇ ਇਹ ਗਿਆਨੀ ਕੇਸਰ ਸਿੰਘ ਜਦੋਂ ਸੰਸਾਰ ਅਮਨ ਕਾਂਗਰਸ ਉਪਰ 'ਪਰਾਗ' ਚੈਕਸਲਵਾਕੀਆ ਗਏ ਸਨ, ਉਥੋਂ ਲਿਆਏ ਸੀ, ਕਮਿਊਨਿਸਟ ਦੇਸ਼ ਤੋਂ। ਅਤੇ ਆਹ ਵੇਖ ਸਾਹਮਣੇ ਿ ਇਸ ਉਪਰ ਅਮਨ ਦੀ ਚਿੱਟੀ ਘੁੱਗੀ ਦੀ ਤਸਵੀਰ ਹੈ।" ਇਥੋਂ ਉਨ੍ਹਾਂ ਦੇ ਵਿਚਾਰਾਂ ਦੀ ਦ੍ਰਿੜਤਾ ਅਤੇ ਕਮਿਊਨਿਸਟ ਲਹਿਰ ਨਾਲ ਪਿਆਰ ਦੀ ਸਾਫ ਝਲਕ ਲ ਪੈਂਦੀ ਹੈ। ਵੈਨਕੂਵਰ ਦੇ ਸਲਾਨਾ ਅਮਨ ਮਾਰਚ ਉਨ੍ਹਾਂ ਸਦਾ ਹੀ ਭਾਗ ਲਿਆ।

ਅੰਤ ਵਿਚ ਮੈਂ ਸਾਥੀ ਜੀਤ ਸਿੰਘ ਪੂੰਨੀ ਦੀ ਯਾਦ ਵਿਚ ਸਿਰ ਝੁਕਾਉਂਦਾ ਹਾਂ। ਉਨ੍ਹਾਂ ਦੇ ਪਰਵਾਰ ਦੇ ਡੂੰਘੇ ਦੁੱਖ ਦੀ ਘੜੀ ਵਿਚ ਸ਼ਾਮਲ ਹੋ ਕੇ ਹਮਦਰਦੀ ਪਰਗਟ ਕਰਦਾ ਹਾਂ।

# ਪੰਜ ਤਾਮਿਲ ਮਰੇ

ਮਦਰਾਸ — ਸ੍ਰੀ ਲੰਕਾ ਦੇ ਜਾਫਨਾ ਜ਼ਿਲੇ ਵਿਚ ਪਾਰਥਾਨ ਵਿਖੇ ਫੌਜ ਵਲੋਂ ਗੋਲੀ ਚਲਾਏ ਕਾਰਨ ਪੰਜ ਤਾਮਿਲ ਸਿਵਲੀਅਨ ਮਾਰੇ ਗਏ। ਫੌਜ ਨੇ ਗੋਲੀ ਗੁਰੀਲਿਆਂ ਵਲੋਂ ਇਕ ਫੌਜੀ ਕੈਂਪ 'ਤੇ ਕੀਤੇ ਹਮਲੇ ਦਾ ਬਦਲਾ ਲੈਣ ਲਈ ਚਲਾਈ।

---

ਸ੍ਰੀ ਭਾਗ ਸਿੰਘ ਦੀ ਚੋਣ ਨੂੰ ਚਮਕੌਰ ਸਾਹਿਬ ਤੋਂ ਹਾਰੇ ਉਮੀਦਵਾਰ ਜਥੇਦਾਰ ਮਾਧੋ ਸਿੰਘ ਨੇ ਚੈਲੰਜ ਕੀਤਾ। ਸ੍ਰੀ ਬਲਬੀਰ ਸਿੰਘ ਬਰਾੜ ਦੀ ਪੈਰਵੀ ਸ੍ਰੀ ਨਸੀਬ ਸਿੰਘ ਗਿੱਲ, ਸ੍ਰੀ ਐਚ. ਐਸ. ਭੁੱਲਰ ਤੇ ਸ੍ਰੀ ਐਮ. ਐਮ. ਕੁਮਾਰ ਨੇ ਕੀਤੀ।

# ਕੇਰਲਾ ਵਿਚ ਮੱਧ-ਕਾਲੀ ਚੋਣਾਂ?

ਨਵੀਂ ਦਿੱਲੀ — ਕੇਰਲਾ ਵਿਚ ਛੇਤੀ ਹੀ ਵਿਧਾਨ ਸਭਾ ਦੀਆਂ ਮੱਧ-ਕਾਲੀ ਚੋਣਾਂ ਕਰਵਾਏ ਜਾਣ ਦੀ ਸੰਭਾਵਨਾ ਹੈ। ਰਾਜ ਦੇ ਮੁਖ ਮੰਤਰੀ ਕੇ. ਕਰੁਨਾਕਰਨ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਮੱਧ ਕਾਲੀ ਚੋਣਾਂ ਕਰਵਾਏ ਜਾਣ ਬਾਰੇ ਸਰਕਾਰੀ ਹਲਕਿਆਂ ਵਲੋਂ ਿ ਵਚਾਰ ਜਾਰੀ ਹੈ। ਪਰ ਨਾਲ ਹੀ ਉਨ੍ਹਾਂ ਕਿਹਾ ਕਿ ਇਸ ਸਬੰਧੀ ਕੋਈ ਅੰਤਮ ਫੈਸਲਾ ਅਜੇ ਨਹੀਂ ਲਿਆ ਗਿਆ।


**DOSANJH & PIRANI**

#202 - 5887 Victoria Drive, Vancouver, B.C. V5P 3W5

**Phone 327-6381**

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

**ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ**

## ਗਰੀਟਿੰਗ ਕਾਰਡ

ਅਜਾਇਬ ਸਿੰਘ ਹੁੰਦਲ

ਮੈਂ ਇਸ ਵਾਰ ਵੀ
ਨਵੇਂ ਸਾਲ ਦਾ ਕੋਈ ਕਾਰਡ ਨਹੀਂ ਭੇਜਿਆ.
ਪਰ ਮੈਨੂੰ ਇਸ ਵਾਰ ਵੀ
ਨਵੇਂ ਸਾਲ ਦੇ ਕਈ ਕਾਰਡ ਆਏ ਨੇ ।

ਮੇਰੇ ਬੱਚੇ ਹੈਰਾਨ ਨੇ
ਕਿ ਇਹਨਾਂ ਕਾਰਡਾਂ ਚੋਂ ਕੁਝ ਇਕ 'ਤੇ
ਭੇਜਣ ਵਾਲੇ ਨੇ
ਆਪਣੇ ਦੋ ਦੋ ਨਾਂ ਲਿਖੇ ਨੇ
ਮਸਲਨ
ਨਾਨਕ ਸਿੰਘ ਉਰਫ਼ ਨਾਨਕ ਚੰਦ
ਗੋਬਿੰਦ ਰਾਏ ਉਰਫ਼ ਗੋਬਿੰਦ ਸਿੰਘ
ਵਗ਼ੈਰਾ ਵਗ਼ੈਰਾ

ਮੈਂ ਪਰੇਸ਼ਾਨ ਹੋ ਜਾਂਦਾ ਹਾਂ
ਬੱਚਿਆਂ ਦੀ ਹੈਰਾਨੀ
ਉਹਨਾਂ ਦੇ ਨਿਆਣੇ ਹੋਣ ਕਰ ਕੇ ਹੈ
ਤੇ ਮੇਰੀ ਪਰੇਸ਼ਾਨੀ
ਮੇਰੇ ਸਿਆਣੇ ਹੋਣ ਕਰ ਕੇ ।

ਬੱਚਿਆਂ ਦੀ ਹੈਰਾਨੀ
ਸਵਾਲ ਬਣ ਰਹੀ ਹੈ
ਮੇਰੀ ਪਰੇਸ਼ਾਨੀ ਨੂੰ ਜਵਾਬ ਨਹੀਂ ਸੁੱਝ ਰਿਹਾ
ਮੈਂ ਰੋਣਹਾਕਾ ਹੋਇਆ
ਘਰੋਂ ਬਾਹਰ ਆ ਜਾਂਦਾ ਹਾਂ ।

●

## ਚਾਨਣ ਪਲ ਚੱਲੇ

ਸੱਜਣ ਗਰੇਵਾਲ

ਜ਼ਖ਼ਮਾਂ ਦੇ ਦੀਵੇ ਬਲ ਚੱਲੇ ।
ਨੈਣਾਂ ਵਿਚ ਚਾਨਣ ਪਲ ਚੱਲੇ ।

ਕੀ ਦੋਸ਼ ਸੀ ਘੁੱਗੀਆਂ ਚਿੜੀਆਂ ਦਾ,
ਕਾਂ ਬਾਜ਼ ਕਿਉਂ ਪੈਰੀਂ ਦਲ ਚੱਲੇ ।

ਕਿਸੇ ਦਾਵਾਨਲ ਨੇ ਘੇਰ ਲਏ,
ਕਿੰਨੇ ਬਿਰਖ ਪੰਖੇਰੂ ਜਲ ਚੱਲੇ ।

ਲਹੂ ਭਿੱਜੀਆਂ ਪੌਣਾਂ ਦੇ ਬੁੱਲੇ
ਇਕ ਕਹਿਰ ਸੁਨੇਹਾ ਘੱਲ ਚੱਲੇ ।

ਕਿਸੇ ਦਰਦ ਪਰਾਏ ਦੇ ਸ਼ੋਹਲੇ
ਇਹ ਦਿਲ-ਖਲਵਾੜਾ ਮਲ ਚੱਲੇ ।

ਰੁੱਤ ਆਈ ਸੋਗੀ ਪੱਤਝੜ ਦੀ
ਫੁੱਲਾਂ ਦੇ ਜੋਬਨ ਦਲ ਚੱਲੇ ।

ਬੂਰ ਝੜੇ ਸੱਖਣੇ ਸੀ ਹੋਏ
ਇਹ ਬਿਰਖ ਫੇਰ ਵੀ ਫਲ ਚੱਲੇ ।

# ਪ੍ਰਸੰਨ ਲੰਮੀ ਉਮਰ

ਰਾਮ ਸਿੰਘ ਢਿੱਲੋਂ, ਸਰੀ(ਗੋਰਾਇਆ)

ਸ਼ਾਸਤਰਾਂ ਦੇ ਫੁਰਮਾਨ ਮੁਜਬ ਕਿ, ਐਹ ਇਨਸਾਨੀ ਜਾਮਾ 84 ਲੱਖ ਜੂਨ ਭੋਗਣ ਉਪਰੰਤ ਪ੍ਰਾਪਤ ਹੁੰਦਾ ਹੈ। ਇਕ ਬੜੀ ਦੁਰਲੱਭ ਤੇ ਅਣਮੋਲ ਵਸਤੂ ਹੈ। ਜੇ ਭਲਾ ਇਹਨੂੰ ਨਿਰਾ ਸਾਇੰਸੀ-ਸੋਚਣੀ ਮੁਜਬ ਵੀ ਘੋਖਿਆ ਜਾਵੇ ਤਾਂ ਵੀ ਏਸ ਸਰੀਰ ਦਾ ਕੋਈ ਸਾਨੀ ਨਹੀਂ ਕੋਈ ਦੂਜਾ ਬਦਲ ਨਹੀਂ ਹੈ। ਏਹਨੇ ਪਹਾੜਾਂ ਦਾ ਸੀਨਾ ਚੀਰ ਲੁਕਿਆ ਸੋਨਾ, ਹੀਰੇ ਜਵਾਹਰ ਤੇ ਅਨੇਕ ਕੀਮਤੀ ਧਾਤਾਂ ਬਾਹਰ ਲਿਆਂਦੀਆਂ ਤੇ ਅਸਮਾਨਾਂ ਵਿਚ ਕੜਕਦੀ ਬਿਜਲੀ ਜਿਹਦਾ ਕੰਮ ਸਵਾਏ ਤਬਾਹੀ ਬਰਬਾਦੀ ਤੋਂ ਹੋਰ ਕੁਝ ਨਹੀਂ ਸੀ, ਉਹਨੂੰ ਵੀ ਏਹਨੇ ਕਾਬੂ ਕਰ ਉਹਤੋਂ ਹਰ ਪ੍ਰਕਾਰ ਦੀਆਂ ਮਸ਼ੀਨਾਂ ਚਲਵਾ ਆਪਣੀ ਲੌਂਡੀ ਬਾਂਦੀ ਬਣਾਇਆ ਹੋਇਆ ਹੈ। ਨਿਰਾ ਰੇਤ ਦੇ ਥਲਾਂ ਵਿਚੋਂ ਹੀ ਨਹੀਂ ਸਮੁੰਦਰ ਦੀਆਂ ਡੂੰਘਾਈਆਂ ਹੇਠੋਂ ਮੋਤੀ ਆਦਿ ਤੇ ਹੋਰ ਹੇਠੋਂ ਤੇਲ ਆਦਿ ਕੱਢ ਓਹਤੋਂ ਕਿੰਨੇ ਕੰਮ ਲੈ ਰਿਹਾ ਹੈ। ਮੇਰਾ ਭਾਵ ਦੱਸਣ ਤੋਂ ਕੇਵਲ ਏਹੋ ਹੀ ਹੈ ਕਿ ਰੱਬ ਦਾ ਸਰੂਪ ਬੰਦਾ, ਰਬ ਵਰਗੇ ਕ੍ਰਿਸ਼ਮੇਂ ਹੀ ਕਰ ਰਿਹਾ ਹੈ ਤੇ ਹੁਣ ਅਰਸ਼ਾਂ ਵਿਚ ਦੁਨੀਆਂ ਵਸਾਉਣ, ਓਥੇ ਹੀ ਫਸਲਾਂ ਉਗਾਉਣ ਤੇ ਬੇਲੋੜੇ ਛੱਪੜਾਂ ਤੇ ਹੋਰ ਬਨਾਸਪਤੀ ਆਦਿ ਤੋਂ ਮਜ਼ੇਦਾਰ ਇਨਸਾਨੀ ਖੁਰਾਕ ਬਣਾਉਣ ਦੀਆਂ ਵਿਧੀਆਂ ਬਾਰੇ ਸੋਚ ਰਿਹਾ ਹੈ।

"ਪ੍ਰਸੰਨ ਲੰਮੀ ਉਮਰ" ਦੇ ਪਹਿਲਾਂ-ਲਿਖੇ ਮੁਖ ਲੇਖ ਬਾਰੇ ਹੀ, ਆਪਣੇ ਪੰਜਾਬੀ ਪੜ੍ਹੇ ਲਿਖੇ ਵੀਰਾਂ-ਭੈਣਾਂ ਲਈ ਹੋਰ ਜਾਣਕਾਰੀ ਹਾਜ਼ਰ ਹੈ।

ਦੋ ਹਜ਼ਾਰ ਸਾਲ ਹੋਏ, ਹਿਪੋਕ੍ਰੇਟਸ ਜਿਹਨੂੰ ਦਵਾ-ਦਾਰੂ ਦਾ ਪਿਤਾਮਾਂ ਆਖਦੇ ਹਨ, ਨੇ ਆਖਿਆ ਸੀ, "ਸੈਰ ਮਨੁੱਖ ਲਈ ਸਭ ਤੋਂ ਵਧੀਆ ਦਾਰੂ ਹੈ।" ਅਜ ਦੀ ਸਾਇੰਸੀ ਸੱਜਰੀ ਖੋਜ ਨੇ ਵੀ, ਮੇਰੀ ਲੈਂਡ, ਅਮਰੀਕਾ ਵਿਚ ਹੋਈ ਕਾਨਫਰੰਸ ਜਿਹਦੇ ਵਿਚ ਅਮਰੀਕਾ, ਕੈਨੇਡਾ ਅਤੇ ਵੈਸਟਰਨ ਯੂਰਪ ਤੋਂ ਪ੍ਰਸਿਧ ਡਾਕਟਰ ਇਕੱਠੇ ਹੋਏ, ਨੇ ਵੀ ਉਪਰੋਕਤ ਸਚਾਈ ਦੀ ਬੜੇ ਜ਼ੋਰ ਨਾਲ ਪੁਸ਼ਟੀ ਕਰਦਿਆਂ ਆਖਿਆ :—

1. ਤੁਰਨਾ ਫਿਰਨਾ ਕਸਰਤ ਦੀ ਨਿਪੁੰਨ ਕਿਸਮ ਹੈ ਅਤੇ ਏਹੋ ਹੀ ਇਕ ਹੈ ਜਿਹੜੀ ਤੁਸੀਂ ਜੀਵਨ ਦੇ ਸਾਰੇ ਸਾਲ ਨਿਰਭਉ ਕਰ ਸਕਦੇ ਹੋ।

2. ਕਸਰਤ ਤੁਹਾਡੇ ਸਰੀਰ ਨੂੰ ਜੀਵਨ-ਰਖਿਅਕ ਭੰਡਾਰ ਨੂੰ ਸੰਭਾਲ ਰਖਣ ਦੇ ਯੋਗ ਬਣਾਉਂਦੀ ਹੈ ਜਿਹੜਾ ਆਤਮਿਕ ਤਣਾਓ ਸਮੇਂ ਤੁਹਾਡੀ ਰੱਖਿਆ ਕਰਦਾ ਹੈ।

3. ਕਸਰਤੀ ਹੱਡੀਆਂ ਮੁੜ ਖਣਿਜ-ਪਦਾਰਥ ਨਹੀਂ ਬਣਦੀਆਂ ਜਿਸਦਾ ਸਿੱਟਾ ਉਨ੍ਹਾਂ ਦੇ ਟੁੱਟਣ ਦਾ ਚਾਂਨਸ ਬੜਾ ਘੱਟ ਹੈ ਅਤੇ ਉਹ ਆਪਣੀ ਹਿਲ-ਜੁਲ ਹਦ ਵੀ ਨਹੀਂ ਗਵਾਉਂਦੀਆਂ।

4. ਕਸਰਤੀ ਬੰਦੇ ਦੇ ਫੇਫੜੇ ਬਹੁਤੀ ਉਮਰ ਤੇ ਵੀ, ਆਲਸੀ ਬੰਦੇ ਦੇ ਫੇਫੜਿਆਂ ਦੇ ਮੁਕਾਬਲੇ ਬੜੇ ਘੱਟ ਹੰਢਦੇ ਹਨ !

5. ਕਸਰਤੀ-ਦਿਲ ਦਾ ਗੋਰਖ ਧੰਦਾ ਵੀ ਬਹੁਤ ਲੰਮਾ ਸਮਾਂ ਰਾਖਵਾਂ ਰਹਿੰਦਾ ਹੈ। (ਸਾਂਭਿਆ ਰਹਿੰਦਾ ਹੈ)।

6. ਮੋਟਾਪੇ ਨੂੰ ਰੋਕਣ ਲਈ ਜਾਂ ਠੀਕ ਕਰਨ ਲਈ ਕਸਰਤ ਬੜੀ ਗੁਣਕਾਰੀ ਹੈ।

7. ਜੇ ਤੁਸੀਂ ਬੋਝਲ ਹੁੰਦੇ ਹੋਏ ਸ਼ੱਕਰ ਦੇ ਮਰੀਜ਼ ਹੋ ਤਾਂ ਕਸਰਤ ਤੁਹਾਡੀ ਕਾਇਆ ਕਲਪ ਕਰ ਸਕਦੀ ਹੈ।

8. ਰੋਜ਼ਾਨਾ ਕਸਰਤ ਤੁਹਾਡੀ ਭੁੱਖ ਵਧਾਂਦੀ ਹੈ ਅਤੇ ਬਲੱਡ ਸਰਕੂਲੇਸ਼ਨ ਠੀਕ ਕਰਦੀ, ਮੋਟਾਪੇ ਨੂੰ ਰੋਕਦੀ ਹੋਈ, ਸਰੀਰ ਦੇ ਹਰ ਸੈਲ (ਕੋਸ਼ਾਣੂ) ਦੀ ਖੁਰਾਕ ਨੂੰ ਬੇਹਤਰ ਬਣਾਉਂਦੀ ਹੈ।

9. ਸਰੀਰਕ ਅਸਮਰਥ, ਖਾਸ ਕਰ ਮਰੀਜ਼-ਗਠੀਆ ਕਸਰਤ ਤੋਂ ਬੇਹੱਦ ਲਾਭ ਉਠਾ ਸਕਦਾ ਹੈ ਬਸ਼ਰਤੇ ਕਿ ਕਸਰਤ ਹੌਲੀ ਹੌਲੀ ਪਰ ਬਨਾਗਾ ਵਧਾਈ ਜਾਵੇ।

10. ਕਸਰਤ ਜ਼ਿੰਦਗੀ ਦਾ ਸਰੂਪ ਵਧੀਆ ਬਣਾਂਦੀ ਹੈ। ਖੋਜ ਨੇ ਸਾਬਤ ਕਰ ਦਿਤਾ ਹੈ ਕਿ ਟੈਂਕਏਲਾਈਜ਼ਰ (ਸ਼ਾਂਤ ਕਰਨ ਵਾਲੀਆਂ ਗੋਲੀਆਂ) ਦੇ ਮੁਕਾਬਲੇ ਕਸਰਤ ਵਧੇਰੇ ਗੁਣਕਾਰੀ ਹੈ. ਬ੍ਰਿਤੀ ਉਚਯੋਣ ਵਿਚ ਅਤੇ ਟਿਕਾਉ ਲਿਆਉਣ ਵਿਚ ਵੀ।

11. ਠੀਕ ਪ੍ਰਕਾਰ ਦੀ ਕਸਰਤ ਉਮਰ ਵਧਾਉਂਦੀ ਹੈ।

### ਸੈਰ ਸਭ ਤੋਂ ਨਿਪੁੰਨ ਕਸਰਤ

ਤੁਹਾਡੇ ਸਰੀਰ ਵਿਚ ਤੁਰਨ-ਫਿਰਨ ਦੇ ਜੰਤਰ, ਬਿਲਕੁਲ ਸਾਹ ਲੈਣ ਵਾਲੇ ਜੰਤਰਾਂ ਵਾਂਗੂੰ ਹੀ ਬਣੇ ਹੋਏ ਹਨ। ਕਾਰੀਗਰੀ ਪਖੋਂ ਇਹ ਕੁਦਰਤੀ ਯੰਤਰ ਬੰਦੇ ਦੇ ਬਣਾਏ ਯੰਤਰਾਂ ਨਾਲੋਂ ਵਾਧੂ ਹਨ। ਤੁਹਾਡਾ ਸਰੀਰ ਬੈਠਣ ਲਈ ਝੁਕਵਾਂ ਨਹੀਂ ਬਣਿਆ ਹੋਇਆ ਅਤੇ ਨਾ ਹੀ ਖੜ੍ਹਣ ਲਈ, ਪਰ ਇਹ ਤੁਰਨ ਲਈ ਬੜਾ ਵਧੀਆ ਹੈ। ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਡੀ ਕੰਗਰੋੜ ਸਿਧਾ, ਖੜ੍ਹੋਤਾ ਸੋਟਾ ਨਹੀਂ ਬਲਕੇ ਇਹ ਜੁੜਿਆ ਹੋਇਆ ਦੋਹਾਰ-ਮੁੜਿਆ ਸਪ੍ਰਿੰਗ ਹੈ। ਜਦ ਤੁਸੀਂ ਆਪਣੇ ਡੈਸਕ ਤੇ ਬੈਠਦੇ ਹੋ ਤੁਹਾਡਾ ਉਪਰਲਾ ਭਾਗ ਅਤੇ ਮੋਢੇ ਹਰ ਵੇਲੇ ਭੂਮੀ-ਖਿਚ(ਗ੍ਰੈਵਿਟੀ) ਕਾਰਨ ਤਣੇ ਰਹਿੰਦੇ ਹਨ ਅਤੇ ਤੁਹਾਡੀ ਲਚਕਦਾਰ(S) ਵਾਂਗ ਮੁੜੀ ਕੰਗਰੋੜ ਲਈ ਆਪਣੀ ਸ਼ਕਲ ਨੂੰ ਏਸ ਮੋੜ-ਤੋੜ ਕਰਨ ਵਾਲੀ ਭੂਮੀ ਖਿਚ ਦੇ ਮੁਕਾਬਲੇ ਕਾਇਮ ਰਖਣਾ ਕਿੰਨਾ ਕਠਨ ਹੈ। ਸਿੱਟੇ ਵਜੋਂ ਜਦ ਤੁਸੀਂ ਰੋਜ਼ ਆਪਣੇ ਡੈਸਕ ਤੇ ਬੈਠੇ ਰਹਿੰਦੇ ਹੋ, ਥਕਾਵਟ ਤੇ ਜਲਣ, ਏਸ ਲੰਮੀ ਖੇਚਲ ਕਾਰਨ, ਪੱਕੀ ਹੋ ਜਾਂਦੀ ਹੈ। ਸਮਾਂ ਪਾ ਕੇ ਸਿਰ ਦਰਦ, ਗਰਦਨ ਦਾ ਅਕੜੇਵਾਂ, ਪੇਟ ਦਰਦ ਅਤੇ ਲਕ ਦਰਦ ਵਰਗੀਆਂ ਸਮੱਸਿਆਵਾਂ ਆਣ ਚਿੰਬੜਦੀਆਂ ਹਨ। ਇਨ੍ਹਾਂ ਵਿਚੋਂ ਬਹੁਤੇ ਦੁਖ ਕਾਫੀ ਦੇਰ ਲੁਕੇ ਹੀ ਰਹਿੰਦੇ ਹਨ ਜਿਵੇਂ ਕਿ ਤੁਹਾਡੇ ਦਿਲ-ਵਿਭਾਗ ਉਪਰ ਮਾੜਾ ਅਸਰ। ਕੋਈ ਵਜ੍ਹਾ ਨਹੀਂ ਕਿ ਤੁਸੀਂ ਬਹੁਤਾ ਚਿਰ ਆਪਣੀ ਅਫਸਰੀ ਕੁਰਸੀ ਤੇ ਬੈਠੇ ਰਹੋ ਅਤੇ ਆਪਣੇ ਲਈ ਬਿਪਤਾ ਸਹੇੜੋਂ, ਇਹ ਤਾਂ ਹੀ ਹੋਵੇਗਾ ਜੇ ਤੁਸੀਂ ਬਨਾਗਾ ਰੋਜ਼ ਸੈਰ ਰੂਪੀ ਦਵਾਈ ਤੋਂ ਪਰਹੇਜ਼ ਕਰੋਗੇ।

ਤੁਹਾਡੇ ਸਰੀਰ ਦੇ ਅਧ ਤੋਂ ਬਹੁਤੇ ਪੱਠਿਆਂ ਦੇ ਲਕੇ-ਤੁਕੇ ਦਾ ਪ੍ਰਿਥਮ ਕਰਤੱਵ ਸਵਾਏ ਫਿਰਨ ਤੁਰਨ ਤੋਂ ਹੋਰ ਕੁਝ ਵੀ ਨਹੀਂ, ਤੁਹਾਡੇ ਪੈਰ, ਲੱਤਾਂ ਤੇ ਚਿਤੜਾਂ ਦੇ ਅਤੇ ਬਹੁਤ ਸਾਰੇ ਕਮਰ ਦੇ ਪੱਠੇ ਇਹਦੇ ਵਿਚ ਉਲਝੇ ਹੁੰਦੇ ਹਨ ਤੁਹਾਡੇ ਪੇਟ ਦੇ ਪੱਠਿਆਂ ਦਾ ਸੁੰਗੜਨਾ ਅਤੇ ਸਰੀਰ ਦੇ ਭਾਰ ਨੂੰ ਚੁਕਣਾ ਅਤੇ ਅੰਦਰਲੇ ਲਕੇ-ਤੁਕੇ ਨੂੰ ਵੀ; ਤੁਹਾਡੇ ਪਸਲੀਆਂ ਦੇ ਪੱਠਿਆਂ ਨੂੰ ਤੁਰਨ ਕਰਕੇ, ਡੂੰਘੇ ਸਾਹ ਲੈਣਾ ਪੈਂਦਾ ਹੈ। ਹੋਰ ਵੀ, ਮੋਢੇ ਅਤੇ ਗਰਦਨ ਦੇ ਪੱਠਿਆਂ ਨੂੰ ਤੁਰਨ ਵੇਲੇ ਸਿਰ ਸਿੱਧਾ ਰਖਣਾ ਪੈਣਾ, ਮੁਕਦੀ ਗਲ ਤੁਰਨ ਵੇਲੇ ਤੁਹਾਡੇ ਸਾਰੇ ਸਰੀਰ ਦੇ ਪੱਠੇ ਵਰਤੀ ਦੇ ਹਨ ;

### ਲੰਮੀ ਉਮਰ ਕਿਸ ਕੰਮ ਜੇ ਉਹਦੇ ਜੀਵਨ ਦਾ ਆਨੰਦ ਨਹੀਂ

ਤੰਦਰੁਸਤੀ ਦੇ ਮੁਕਾਬਲੇ, ਨਿਰੀ ਜ਼ਿੰਦਗੀ, ਚਰਚਲ ਦੇ ਆਖਣ ਮੁਜਬ ਕੁਝ ਵੀ ਨਹੀਂ, "ਟੱਟੀ-ਪਿਸ਼ਾਬ ਕਰਦਾ ਤੇ ਸਾਹ ਲੈਂਦਾ ਢਾਂਚਾ ਵੀ ਕੋਈ ਜ਼ਿੰਦਗੀ ਹੈ।" ਜਿਹੜਾ ਇਕ ਘੰਟਾ ਰੋਜ ਸੈਰ ਕਰਨ ਦਾ ਆਦੀ ਹੈ ਉਹ 90 ਸਾਲ ਤੋਂ ਉਪਰ ਵੀ ਜ਼ਿੰਦਗੀ ਦਾ ਸਵਾਦ ਮਾਣ ਸਕਦਾ ਹੈ। (ਮੇਰੇ ਪੂਜਯ ਪਿਤਾ ਜੀ ਜਿਹੜੇ 101 ਸਾਲ ਦੀ ਤੰਦਰੁਸਤ ਜ਼ਿੰਦਗੀ ਦਾ ਸਵਾਦ ਮਾਣਦੇ ਰਹੇ, ਇਕ ਪਰਤੱਖ ਮਿਸਾਲ ਹਨ)।

### ਕਸਰਤ ਲਈ ਸਪੀਡ ਨਾਲੋਂ ਪੈਂਡਾ ਬਹੁਤਾ ਜ਼ਰੂਰੀ ਹੈ

ਦੌੜਨ ਜਾਂ ਹੌਲੀ ਦੌੜਨ(ਜੌਗਿੰਗ) ਨਾਲੋਂ ਤੁਰਨਾ ਬਹੁਤਾ ਲਾਭਦਾਇਕ ਹੈ, ਖਾਸ ਕਰ 50 ਸਾਲ ਤੋਂ ਉਪਰ। ਕੈਲੋਰੀਜ਼(ਤਾਪਮਾਨ ਦਾ ਇਕਾਈ) ਜਿਹੜੀਆਂ ਤੁਸੀਂ ਪੈਂਡਾ ਕਰਕੇ ਸਾੜਦੇ ਹੋ ਉਹ ਸਪੀਡ ਨਾਲ ਸਾੜਨ ਨਾਲੋਂ ਬਹੁਤੀਆਂ ਜ਼ਰੂਰੀ ਹਨ। ਜੇ ਤੁਸੀਂ ਛੇ ਮੀਲ ਦੌੜਦੇ ਹੋ ਤਾਂ ਤੁਸੀਂ ਛੇ ਮੀਲ ਤੁਰਨ ਨਾਲੋਂ ਸਿਰਫ 20 ਪ੍ਰਤੀਸ਼ਤ ਵੱਧ ਕੈਲੋਰੀਜ਼ ਸਾੜਦੇ ਹੋ ਪਰ ਭੁਲੋ ਨਾ ਕਿ ਤੁਰਨਾ ਸਿਹਤ ਤੇ ਉਮਰ ਵਧਾਉਣ ਲਈ ਬਹੁਤਾ ਚੰਗਾ ਹੈ

ਤੁਹਾਡੇ ਖੂਨ-ਦੌਰੇ ਲਈ ਗੁਜ਼ਾਰੇ ਜੋਗਾ ਤੁਰਨਾ, ਉਨਾ ਹੀ ਜ਼ਰੂਰੀ ਹੈ ਜਿੰਨਾ ਛੋਟੀ ਨਦੀ ਦੇ ਵਗਦੇ ਪਾਣੀ-ਰੋੜ ਲਈ, ਕਿਉਂ ਜੋ ਇਹ ਖਲੋ ਜਾਣ ਤਾਂ ਗੰਦੇ ਹੋ ਜਾਣਗੇ।

ਗੁਜ਼ਾਰੇ ਜੋਗਾ ਤੁਰਨ ਅੰਤੜੀਆਂ ਦੀ ਬੀਮਾਰੀ ਤੋਂ ਬਚਾਉਂਦਾ ਹੈ ਜਿਹਦੇ ਨਾਲ ਦਿਲ ਰੋਗ ਅਤੇ ਝਟਕੇ (ਅਧਰੰਗ) ਅਤੇ ਅਚਾਨਕ ਮੌਤ ਦਾ ਖਤਰਾ ਹੈ। ਤੁਰਨਾ ਤੁਹਾਡੇ ਖੂਨ ਵਿਚਲੀਆਂ ਦੋ ਸ਼ਕਤੀਆਂ(ਖੂਨ ਜੰਮੇ ਕਿ ਨਾਂ ਜੰਮੇ) ਨੂੰ ਇਕਸਾਰ ਰਖਦਾ ਹੈ। ਤੁਰਨ ਨਾਲ ਖੂਨ ਜੰਗਾਲਦਾ ਨਹੀਂ ਤੇ ਜੰਗਾਲੇ ਨੂੰ ਮੁੜ ਸਾਫ ਕਰਦਾ ਹੈ।

ਲੰਮੀ ਸੈਰ ਇਕ ਪ੍ਰਕਾਰ ਦਾ ਤਜਰਬਾ ਹੈ, ਜੇ ਤੁਹਾਡੀ ਆਦਤ ਬਣ ਜਾਵੇ, ਤੁਸੀਂ ਆਪਣੇ ਆਪ ਏਨਾਂ ਕੁਝ ਜਾਨਣ-ਸਮਝਣ ਲੱਗ ਜਾਉਗੇ ਜਿੰਨਾਂ ਕਿਸੇ ਦੇ ਦੱਸੇ ਸ਼ਬਦ ਕਰ ਸਕਦੇ ਹੋਣ। ਹੌਲੀ ਹੌਲੀ ਘੰਟੇ ਦਾ ਸਾਢੇ ਤਿੰਨ ਮੀਲ ਤੁਰ ਸਕਣ ਦੀ ਆਦਤ ਪਾ ਲੈਣੀ ਬਹੁਤ ਲਾਭਦਾਇਕ ਹੈ ਤੇ ਫੇਰ ਇਕ ਦਿਨ ਚਾਰ ਮੀਲ ਘੰਟਾ ਤੇ ਇਕ ਦਿਨ ਸਾਢੇ ਤਿੰਨ ਮੀਲ ਘੰਟਾ। ਚੜ੍ਹਾਈ-ਚੜ੍ਹਨ ਸੈਰ ਹੋਰ ਵੀ ਲਾਹੇਵੰਦ ਹੈ ਭਾਵੇਂ ਹੌਲੀ ਹੌਲੀ ਚੜ੍ਹਿਆ ਜਾਵੇ। ਫੌਜੀ-ਤੌਰ, 120 ਕਦਮ ਇਕ ਮਿੰਟ ਦੇ ਹੁੰਦੇ ਹਨ ਅਤੇ ਇਨ੍ਹਾਂ ਨਾਲ ਵੀ ਅਟੇ ਸਟੇ ਸਾਢੇ ਤਿੰਨ ਮੀਲ ਘੰਟਾ ਬਣਦਾ ਹੈ। ਘੰਟਾ ਰੋਜ਼ ਤੁਰਨਾ ਸਿਹਤ ਲਈ ਭਾਵ ਪ੍ਰਸੰਨ ਲੰਮੀ ਉਮਰ ਲਈ ਇਕ ਔਸ਼ਧੀ ਹੈ ਇਕ ਜਾਦੂ ਹੈ।

## ਬਾਬਿਓ

ਹੋਇਆ ਘੱਟ ਨਹੀਂ ਪਹਿਲਾਂ ਨੁਕਸਾਨ ਬਾਬਿਓ !
ਫੇਰ ਕੱਢ ਲਈ ਤੁਸਾਂ ਕਿਰਪਾਨ ਬਾਬਿਓ !
ਮੱਥਾ ਗੁਰੂ ਦੇ ਦਵਾਰੇ ਦੱਸੋ ਕਿਵੇਂ ਟੇਕੀਏ
ਮਾਰੇ ਡਰ ਦੇ ਨਾ ਹੁੰਦਾ ਅਸ਼ਨਾਨ ਬਾਬਿਓ !
ਆਪੋ ਵਿਚ ਜਦੋਂ ਚਲਦੀਆਂ, ਇੱਟਾਂ, ਗੋਲੀਆਂ
ਹੋਇਆ ਵੇਖ ਬੜਾ ਯਾਤਰੀ ਹੈਰਾਨ ਬਾਬਿਓ !
ਅਜੇ ਪਿਛਲੀਆਂ ਕੀਤੀਆਂ ਦਾ ਫਲ ਭੋਗਦੇ
ਨਵਾਂ ਚਾੜ੍ਹਿਆ ਹੈ ਚੰਦ ਅਸਮਾਨ ਬਾਬਿਓ !
ਕੈਸਾ ਏਕਤਾ ਦਾ ਫਾਰਮੂਲਾ ਤੁਸਾਂ ਲੱਭਿਆ
ਨਵਾਂ ਸਾਜਿਆ ਹੈ ਪੰਥ ਤੇ ਵਿਧਾਨ ਬਾਬਿਓ !
ਤੁਸੀਂ ਗੁਰੂ ਦੇ ਖਜ਼ਾਨੇ ਦੀਆਂ ਕਰੋ ਰਾਖੀਆਂ
ਬਣੂ ਤੁਸਾਂ ਦਾ ਵੀ ਰਾਖਾ ਭਗਵਾਨ ਬਾਬਿਓ !
ਕਿੰਜ ਕਾਬੂ ਵਿਚ ਰਹਿਣਗੇ ਅਲੂਏਂ ਛੋਕਰੇ,
ਥੋਹੜਾ ਬਹੁਤ ਕੁਝ ਰੱਖਿਓ ਧਿਆਨ ਬਾਬਿਓ !
ਉਹ ਵੀ ਲੱਗਦਾ ਹੈ, ਐਤਕੀਂ ਸਬੂਤ ਨਹੀਂ ਰਹਿਣਾ
ਇੱਕ ਅੱਧ ਜਿਹੜਾ ਬਚਿਆ ਮਕਾਨ ਬਾਬਿਓ !
ਵਣ ਵਣ ਦੀਆਂ ਲੱਕੜਾਂ ਨੇ ਹੋਈਆਂ ਕੱਠੀਆਂ
ਜਿਹਨਾਂ ਮੰਨਿਆਂ ਤੁਹਾਨੂੰ ਪ੍ਰਧਾਨ ਬਾਬਿਓ !
ਕਿਥੋਂ ਲੱਭੀਆਂ ਨੇ ਚੀਜ਼ਾਂ ਤੁਸਾਂ ਦੂਰ ਦੂਰ ਤੋਂ
ਰੰਗਾ ਸਿੰਘ ਤੇ ਵਿਲਾਇਤ ਦਾ ਚੁਹਾਨ ਬਾਬਿਓ !
ਇੰਝ ਲਗਦਾ ਪੰਜਾਬ ਵਿਚ ਸ਼ਾਂਤੀ ਹੋਣ ਲੱਗੀ,
ਕੋਈ ਅੱਗ-ਲਾਊ ਦਾਗਣਾ ਬਿਆਨ ਬਾਬਿਓ !


FRIENDS AUTO BODY & PAINTING LTD.

5605 BYRNE RD. BURNABY, B.C.

Burnaby Auto Auction Building

PH. 430-4233



15 Years Exp



- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL

MR. GURU

# ਧਰਮਵੀਰ ਸਿੰਘ ਤੇ ਦੋ ਹੋਰ ਹੈਂਡ ਗਰਨੇਡ ਕੇਸ ਵਿਚ ਬਰੀ

ਚੰਡੀਗੜ੍ਹ — ਚੰਡੀਗੜ੍ਹ ਦੇ ਐਡੀਸ਼ਨਲ ਸੈਸ਼ਨ ਜੱਜ ਸ੍ਰੀ ਏ. ਕੇ. ਬਾਂਸਲ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੇਤਾ ਧਰਮਵੀਰ ਸਿੰਘ ਤੇ ਉਸਦੇ ਦੋ ਹੋਰ ਸਾਥੀਆਂ ਨੂੰ ਹੈਂਡ ਗਰਨੇਡ ਕੇਸ ਵਿਚ ਬਰੀ ਕਰ ਦਿਤਾ। ਚੰਡੀਗੜ੍ਹ ਪੁਲਸ ਦ ਨੇ ਪਿਛਲੇ ਸ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਦੇ ਨੇੜੇ ਸੁਰਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਨੂੰ ਸਕੂਟਰ 'ਤੇ ਜਾਂਦਿਆਂ ਪਕੜ ਲਿਆ ਸੀ ਤੇ ਉਨ੍ਹਾਂ ਤੇ ਸਕੂਟਰ ਵਿਚ ਹੈਂਡ ਗਰਨੇਡ ਰੱਖਣ ਦਾ ਕਹੇਸ ਬਣਾਂ ਕੇ ਗ੍ਰਿਫਤਾਰ ਕਰ ਲਿਆ ਸੀ। ਪਿਛੋ ਇਹ ਕੇਸ ਧਰਮਵੀਰ ਸਿੰਘ ਤੇ ਵੀ ਪਾ ਦਿਤਾ ਗਿਆ ਸੀ।

# 12 ਬੰਗਲਾ ਦੇ ਨਾਗਰਿਕ ਗ੍ਰਿਫਤਾਰ

ਬਟਾਲਾ — ਬੀ. ਐਸ. ਐਫ. ਦੇ ਜਵਾਨਾਂ ਨੇ ਡੇਰਾ ਬਾਬਾ ਨਾਨਕ ਸੈਕਟਰ ਵਿਚ ਕਸੋਵਾਲ ਪਿੰਡ ਨੇੜੇ ਪਾਕਿਸਤਾਨ ਜਾਣ ਦੀ ਕੋਸ਼ਿਸ਼ ਕਰਦੇ ਹੋਏ ਬਾਰਾਂ ਬੰਗਲਾਦੇਸ਼ੀ ਨਾਗਰਿਕਾਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਪਾਸੋਂ ਕੁਝ ਭਾਰਤੀ ਅਤੇ ਕੁਝ ਪਾਕਿਸਤਾਨੀ ਕਰੰਸੀ ਵੀ ਮਿਲੀ ਹੈ।

---

ਗੀਤ ਬੁੱਲਾਂ ਸਾਡਿਆਂ ਤੇ ਹੋ ਨਿਰਾਸ਼ੇ ਮੁੜਨਗੇ
ਬੰਸਰੀ ਦੀ ਹੂਕ ਸਾਡੀ ਪੀੜ ਨਾ ਵੰਡਾਏਗੀ

# ਰੁਜ਼ਗਾਰ ਦੇ ਨਾਂ 'ਤੇ ਠੱਗੀ?

ਸਿੰਘਾਪੁਰ — ਭਾਰਤੀ ਹਾਈ ਕਮਿਸ਼ਨ ਨੇ ਉਨ੍ਹਾਂ ਛੇ ਭਾਰਤੀਆਂ ਨੂੰ ਵਾਪਸ ਨਵੀਂ ਦਿੱਲੀ ਭੇਜ ਦਿਤਾ ਜੋ ਕਿ ਕਿਸੇ ਟਰੈਵਲ ਏਜੰਟ ਵਲੋਂ ਦਿਤੇ ਰੁਜ਼ਗਾਰ ਦੇ ਲਾਰੇ ਹੇਠ ਪਿਛਲੇ ਚਾਰ ਹਫਤਿਆਂ ਤੋਂ ਇਥੇ ਭਟਕ ਰਹੇ ਸਨ। ਏਜੰਟ ਨੇ ਉਨ੍ਹਾਂ ਕੋਲੋਂ ਤੇਰਾਂ-ਤੇਰਾਂ ਹਜ਼ਾਰ ਰੁਪਏ ਲੈ ਲਏ ਅਤੇ ਕੁਝ ਦਿਨ ਪਹਿਲਾਂ ਪਾਸਪੋਰਟ ਤੇ ਟਿਕਟ ਵਗੈਰਾ ਲੈ ਕੇ ਕਿਧਰੇ ਖਿਸੱਕ ਗਿਆ।

ਉਨ੍ਹਾਂ ਛੇ ਜਣਿਆਂ ਨੇ ਸਥਾਨਕ ਪੁਲੀਸ ਤੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਸੂਚਿਤ ਕੀਤਾ ਤੇ ਅੱਗੋਂ ਉਨ੍ਹਾਂ ਨੂੰ ਭਾਰਤੀ ਹਾਈ ਕਮਿਸ਼ਨ ਕੋਲ ਭੇਜਿਆ ਗਿਆ। ਹਾਈ ਕਮਿਸ਼ਨ ਦੇ ਫਸਟ ਸੈਕਟਰੀ ਨੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਸਬੰਧਤ ਏਜੰਟ ਵਿਰੁਧ ਉਚਿਤ ਕਾਰਵਾਈ ਕੀਤੀ ਜਾਵੇ ਜਿਸ ਬਾਰੇ ਸ਼ੱਕ ਹੈ ਕਿ ਇਸ ਸਮੇਂ ਉਹ ਭਾਰਤ ਵਿਚ ਹੈ।

# ਵਿਦੇਸ਼ੀ ਕਰੰਸੀ ਘੁਟਾਲੇ 'ਚ 8 ਗ੍ਰਿਫਤਾਰ

ਜਲੰਧਰ, (ਵਿਸ਼ੇਸ਼ ਪ੍ਰਤੀਨਿਧ) - ਇਨਫੋਰਸਮੈਂਟ ਡਾਇਰੈਕਟੋਰੇਟ ਦੇ ਸਟਾਫ ਨੇ ਅੱਜ ਇਥੇ ਵਿਦੇਸ਼ੀ ਕਰੰਸੀ ਦੇ ਘੁਟਾਲੇ ਸਬੰਧੀ ਇਕ ਗਰੋਹ ਦੇ 8 ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਵਿਚ ਗਰੋਹ ਦਾ ਮੁਖੀ ਕੁੰਦਨ ਸਿੰਘ ਵੀ ਸ਼ਾਮਲ ਹੈ।

ਡਿਪਟੀ ਡਾਇਰੈਕਟਰ ਸੰਦੀਪ ਟੰਡਨ ਨੇ ਦੱਸਿਆ ਕਿ ਗਰੋਹ ਦੇ ਮੁਖੀ ਨੇ ਪੁਛਗਿੱਛ ਦੌਰਾਨ ਦੋਸ਼ ਮੰਨ ਲਿਆ ਹੈ। ਬਹੁਤ ਸਾਰੇ ਜਾਅਲੀ ਕਾਗਜ਼ਾਤ, ਸੀਲਾਂ, ਮੋਹਰਾਂ ਆਦਿ ਕਬਜ਼ੇ ਵਿਚ ਲੈ ਲਈਆਂ ਹਨ ਜੋ ਕਿ ਕੁੰਦਨ ਸਿੰਘ ਦੇ ਘਰ ਨੇੜੇ ਇਕ ਮੈਨ ਹੋਲ 'ਚ ਸੁੱਟੀਆਂ ਹੋਈਆਂ ਸਨ। ਹੋਰ ਗ੍ਰਿਫਤਾਰੀਆਂ ਦੀ ਵੀ ਸੰਭਾਵਨਾ ਹੈ।

## ਸਪਤਾਹਿਕ ਚਿਤਰ



# 'ਇੰਡੋ ਕਨੇਡੀਅਨ ਟਾਈਮਜ਼' ਦੇ ਸੰਪਾਦਕ ਦੇ ਨਾਂ ਖਤ

15 ਨਵੰਬਰ 1985 ਦੇਹੇ ਇੰਡੋ ਕਨੇਡੀਅਨ ਟਾਈਮਜ਼ ਵਿਚ ਕੂ ਕਲੈਕਸ ਕਲੈਨ ਦੇ ਲੀਡਰ ਅਰਮੰਡ 'ਐਂਡ ਸਿਕਸਨਾ ਦਾ ਖਤ ਪੜ੍ਹਕੇ ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ ('B.C.O.F.R.) ਨੂੰ ਬਹੁਤ ਦੁੱਖ ਹੋਇਆ ਹੈ। ਇਸ ਖਤ ਵਿਚ ਕੂ ਕਲੈਕਸ ਕਲੈਨ (K.K.K.) ਦੇ ਲੀਡਰ ਨੇ ਲਿਖਿਆ ਹੈ ਕਿ ਕਲੈਨ ਵਾਲੇ ਸਿੱਖਾਂ ਦੀ 'ਆਜ਼ਾਦੀ ਦੀ ਲੜਾਈ' ਸਿੱਖਾਂ ਦੇ ਹਿਮਾਇਤੀ ਹਨ। ਅਸੀਂ B.C.O.F.R. ਵੱਲੋਂ ਇਹ ਦੱਸਣਾ ਚਾਹੁੰਦੇ ਹਾਂ ਕਿ ਕਲੈਨ ਵਾਲੇ ਨਾਂ ਹੀ ਪਹਿਲਾਂ ਕਦੇ ਸਿੱਖਾਂ ਦੇ ਦੋਸਤ ਸਨ ਅਤੇ ਨਾ ਹੀ ਹੁਣ ਹਨ।

ਘੱਟ ਗਿਣਤੀਆਂ ਵਿਰੁੱਧ ਨਫਰਤ ਫੈਲਾਉਣ ਦਾ ਕੂ ਕਲੈਕਸ ਕਲੈਨ ਦਾ ਇਕ ਲੰਮਾ ਇਤਿਹਾਸ ਹੈ। ਉਹ ਹਿੰਸਾ ਵਿਚ ਯਕੀਨ ਰਖਦੇ ਹਨ ਅਤੇ ਆਪਣੇ ਵਿਰੋਧੀਆਂ ਉਪਰ ਕਾਤਲਾਨਾ ਹਮਲੇ ਕਰਨ ਤੱਕ ਜਾਂਦੇ ਹਨ।

B.C.O.F.R. ਨੂੰ ਬੀ. ਸੀ. ਵਿਚ ਅਜਿਹੇ ਕਈ ਕੇਸਾਂ ਦਾ ਪਤਾ ਹੈ ਜਿਨ੍ਹਾਂ ਵਿਚ ਸਿੱਖਾਂ ਉਪਰ ਹੋਏ ਨਸਲਵਾਦੀ ਹਮਲਿਆਂ ਪਿੱਛੇ ਕਲੈਨ ਦੀ ਸ਼ਹਿ ਸੀ। (ਜਿਵੇਂ :—

1. ਜਨਵਰੀ 1981 ਵਿਚ ਲੈਡਨਰ ਵਿਖੇ ਇਕ ਸਿਖ ਦੇ ਘਰ ਵਿਚ ਅੱਗ ਲਾਉਣ ਵਾਲਾ ਬੰਬ ਸੁੱਟਿਆ ਗਿਆ। ਇਸ ਘਟਨਾ ਬਾਰੇ ਮੀਡੀਏ ਵਿਚ ਆਈਆਂ ਖਬਰਾਂ ਤੋਂ ਪਤਾ ਲੱਗਾ ਕਿ ਉਨ੍ਹਾਂ ਦਿਨਾਂ ਵਿਚ ਕੂ ਕਲੈਕਸ਼ ਕਲੈਨ ਵਾਲੇ ਉਸ ਏਰੀਏ ਵਿਚ ਕਾਫੀ ਸਰਗਰਮ ਸਨ।

2. ਕੁੱਝ ਹਫਤਿਆਂ ਬਾਅਦ ਸਰੀ ਵਿਚ ਇਕ ਹੋਰ ਸਿਖ ਦੇ ਘਰ ਵਿਚ ਅੱਗ ਲਾਉਣ ਵਾਲਾ ਬੰਬ ਸੁੱਟਿਆ ਗਿਆ। ਪੁਲਿਸ ਨੇ ਬਾਅਦ ਵਿਚ ਇਸ ਸਬੰਧ ਵਿਚ ਗ੍ਰਿਫਤਾਰੀਆਂ ਕੀਤੀਆਂ। ਗ੍ਰਿਫਤਾਰ ਹੋਣ ਵਾਲਿਆਂ ਵਿਚੋਂ ਇਕ ਨੇ ਦੱਸਿਆ ਕਿ ਉਸ ਨੂੰ ਕੂ ਕਲੈਕਸ ਕਲੈਨ ਵਾਲਿਆਂ ਨੇ ਸੌ ਡਾਲਰ ਇਹ ਕੰਮ ਕਰਨ ਲਈ ਦਿੱਤਾ ਸੀ।

3. 1981 ਦੀਆਂ ਗਰਮੀਆਂ ਵਿਚ ਇਕ ਸਿਖ ਨੌਜਵਾਨ ਦੇ ਢਿੱਡ ਵਿਚ ਚਲਦੀ ਕਾਰ ਵਿਚੋਂ ਇਕ ਸੂਆ ਮਾਰਿਆ ਗਿਆ। ਇਸ ਸੂਏ ਦੇ ਸਿਰੇ ਤੇ ਲੱਗੇ ਇਕ ਕਾਗਜ਼ ਉਪਰ ਲਿਖਿਆ ਸੀ, "ਕਲੈਨ ਵਲੋਂ ਇਕ ਸੁਗਾਤ'।

ਕਲੈਨ ਵਾਲੇ ਸਦਾ ਇਹ ਪ੍ਰਚਾਰ ਕਰਦੇ ਹਨ ਕਿ ਕਨੇਡਾ ਸਿਰਫ ਚਿੱਟਿਆਂ ਲਈ ਹੈ। ਉਨ੍ਹਾਂ ਅਨੁਸਾਰ ਸਾਰੇ ਗੈਰ ਚਿੱਟੇ ਅਤੇ ਗੈਰ ਕ੍ਰਿਸਚੀਅਨ ਲੋਕਾਂ ਨੂੰ ਕਨੇਡਾ ਵਿਚੋਂ ਕੱਢ ਦੇਣਾ ਚਾਹੀਦਾ ਹੈ। 1982 ਵਿਚ ਕਲੈਨ ਨੇ ਇਕ ਹੋਰ ਨਸਲਵਾਦੀ ਗਰੁੱਪ 'ਆਰੀਅਨ ਨੇਸ਼ਨ' ਨਾਲ ਮਿਲਕੇ ਡਾਊਨ ਟਾਊਨ ਵੈਨਕੂਵਰ ਵਿਚ ਨਸਲਵਾਦੀ ਸਾਹਿਤ ਵੰਡਿਆ। ਇਸ ਵੰਡੇ ਗਏ ਸਾਹਿਤ ਵਿਚ ਲਿਖਿਆ ਹੋਇਆ ਸੀ ਕਿ 'ਵਾਈਟ ਕਨੇਡਾ' ਨੂੰ ਏਸ਼ੀਆ ਤੋਂ ਆ ਰਹੇ ਇਮੀਗਰੈਂਟਾਂ (ਸਮੇਤ ਸਿੱਖਾਂ) ਤੋਂ ਖਤਰਾ ਹੈ।

ਕੂ ਕਲਕਸ ਕਲੈਨ ਇਕ ਨਸਲਵਾਦੀ ਅਤੇ ਫਾਸ਼ੀ ਸੰਸਥਾ ਹੈ ਜਿਸ ਦਾ ਇਤਿਹਾਸ ਨਸਲੀ ਨਫਰਤ ਜਥੇਬੰਦਕ ਦਹਿਸ਼ਤ ਫੈਲਾਉਣ ਨਾਲ ਭਰਿਆ ਪਿਆ ਹੈ। B.C.OF.RE R. ਦਾ ਯਕੀਨ ਹੈ ਕਿ ਜਿਹੜੇ ਗਰੁੱਪ ਧਰਮ ਅਤੇ ਨਸਲ ਦੇ ਆਧਾਰ ਤੇ ਨਫਰਤ ਫੈਲਾਉਂਦੇ ਹਨ ਆਪਣੇ ਵਿਰੋਧੀਆਂ ਵਿਰੁੱਧ ਦਹਿਸ਼ਤ ਦਾ ਦੌਰ ਚਲਾਉਂਦੇ ਹਨ ਅਤੇ ਜਿਹੜੇ ਹਿੰਸਾਤਮਕ ਅਤੇ ਕਾਤਲਾਨਾ ਕਾਰਵਾਈਆਂ ਵਿਚ ਹਿੰਸਾ ਲੈਂਦੇ ਹਨ, ਉਹ ਸਾਰੀਆਂ ਘੱਟ ਗਿਣਤੀਆਂ ਅਤੇ ਨਸਲਵਾਦ ਦਾ ਵਿਰੋਧ ਕਰਨ ਵਾਲੇ ਲੋਕਾਂ ਦੇ ਦੁਸ਼ਮਣ ਹਨ। ਅਤੇ ਇਹੋ ਜਿਹੇ ਲੋਕ ਕਦੇ ਵੀ ਸਿਖ ਕਮਿਊਨਿਟੀ ਦੇ ਦੋਸਤ ਨਹੀਂ ਹੋ ਸਕਦੇ।

ਵੱਲੋਂ :
ਟਿਮ ਸਟੈਨਲੀ
ਬੀ. ਸੀ. ਓ. ਐਫ. ਆਰ. ਦੀ ਐਗਜ਼ੇਕਟਿਵ ਕਮੇਟੀ


Non-smokers pay less for insurance.



Mohindar Singh Gill

MOHINDAR SINGH GILL
B. Comm., M.B.A., C.G.A.
Life Underwriter

Suite 1206,
4330 Kingsway,
Burnaby, B.C.

Ph. Off. 430-0455
Ph. Res. 433-1684

SunLife OF CANADA

Get your life in shape.

United Realty Ltd.
3879 Oak Street, Vancouver, B.C. V6H 2M6



Malkit Dhami,
M.A. (Eco.)

■ BUYING
■ SELLING

Free Evaluation For Your Property Call Any Time Without Any Obligation

Bus. 736-3831 or Res. 434-8548
Pager— 524-8581, ÷2229

( ਪੰਨਾ ੪ ਦੀ ਬਾਕੀ )

ਦੇਹ। ਅਤੇ ਫਿਰ ਇਸ ਦੀ ਮਾਤਾ ਦੇ ਪੈਰ ਫੜਕੇ ਆਖ ਕਿ ਮਾਤਾ ਜੀ ਮੈਂ ਇਸ ਗਿਰਾਵਟ ਦੇ ਲਈ ਮਾਫੀ ਮੰਗਦਾ ਹਾਂ। ਜੇ ਤੈਨੂੰ ਉਹ ਮਾਫ ਕਰ ਦੇਣ ਤਾਂ ਜ਼ਿੰਦਾ ਛੱਡਿਆ ਜਾਵੇਗਾ ਵਰਨਾ ਗੋਲੀ ਨਾਲ ਉਡਾ ਦਿਤਾ ਜਾਏਂਗਾ।" ਉਸ ਨੇ ਇਸੇ ਤਰ੍ਹਾਂ ਕੀਤਾ। ਗੱਲ ਅਜੇ ਜ਼ਿਆਦਾ ਨਹੀਂ ਵਧੀ ਸੀ। ਇਹ ਵੇਖ ਕੇ ਮਾਂ-ਧੀ ਦੀਆਂ ਅੱਖਾਂ ਭਰ ਆਈਆਂ। ਮਾਂ ਨੇ ਕਰਤਾਰ ਸਿੰਘ ਨੂੰ ਪਿਆਰ ਭਰੇ ਲਹਿਜੇ ਵਿੱਚ ਕਿਹਾ, "ਬੇਟਾ! ਇਹੋ ਜਿਹੇ ਧਰਮਾਤਮਾ ਅਤੇ ਸੁਸ਼ੀਲ ਨੌਜਵਾਨ ਹੋ ਕੇ ਤੁਸੀਂ ਇਸ ਕੰਮ ਵਿਚ ਕਿਸ ਤਰ੍ਹਾਂ ਸ਼ਾਮਲ ਹੋਏ!" ਕਰਤਾਰ ਸਿੰਘ ਦਾ ਵੀ ਦਿਲ ਭਰ ਆਇਆ ਤੇ ਕਿਹਾ, "ਮਾਂ ਜੀ! ਰੁਪਏ ਦੇ ਲੋਭ ਨਾਲ ਇਹ ਕੰਮ ਨਹੀਂ ਕਰਨਾ ਸ਼ੁਰੂ ਕੀਤਾ। ਆਪਣਾ ਸਭ ਕੁਝ ਦਾਅ ਤੇ ਲੱਗਾ ਕੇ ਡਾਕਾ ਮਾਰਨ ਆਏ ਹਾਂ। ਹਥਿਆਰ ਖਰੀਦਣ ਲਈ ਰੁਪਏ ਦੀ ਜ਼ਰੂਰਤ ਹੈ। ਉਹ ਕਿਥੋਂ ਲਿਆਈਏ? ਮਾਂ ਜੀ ਇਸੇ ਮਹਾਨ ਕੰਮ ਦੇ ਲਈ ਅੱਜ ਇਹ ਕੰਮ ਕਰਨ 'ਤੇ ਮਜ਼ਬੂਰ ਹੋ ਗਏ ਹਾਂ"

ਇਸ ਵਕਤ ਤੇ ਇਹ ਬੜਾ ਦਰਦਨਾਕ ਦ੍ਰਿਸ਼ ਸੀ। ਮਾਂ ਨੇ ਫਿਰ ਕਿਹਾ, "ਇਸ ਲੜਕੀ ਦੀ ਸ਼ਾਦੀ ਕਰਨੀ ਹੈ। ਇਸ ਲਈ ਕੁੱਝ ਦੇ ਜਾਓ ਤਾਂ ਚੰਗਾ ਹੈ।" ਇਸ ਤੋਂ ਬਾਅਦ ਉਹਨਾਂ ਸਾਰਾ ਧੰਨ ਮਾਂ ਦੇ ਸਾਹਮਣੇ ਰੱਖ ਦਿਤਾ, ਤੇ ਕਿਹਾ, "ਜਿੰਨਾ ਚਾਹੋ ਲੈ ਲਓ।" ਕੁੱਝ ਪੈਸੇ ਲੈ ਕੇ ਬਾਕੀ ਸਾਰੀ ਮਾਈ ਨੇ ਬੜੇ ਚਾਅ ਨਾਲ ਕਰਤਾਰ ਸਿੰਘ ਦੀ ਝੋਲੀ ਪਾ ਦਿਤਾ ਅਤੇ ਅਸ਼ੀਰਵਾਦ ਦਿਤੀ, "ਜਾਓ, ਬੇਟਾ ਤੁਹਾਨੂੰ ਕਾਮਯਾਬੀ ਨਸੀਬ ਹੋਵੇ।" ਡਕੈਤੀ ਜਿਹੇ ਭਿਆਨਕ ਕੰਮ ਵਿਚ ਵੀ ਸ਼ਾਮਲ ਹੋ ਕੇ ਕਰਤਾਰ ਸਿੰਘ ਦਾ ਦਿਲ ਕਿੰਨਾ ਜਜ਼ਬਾਤੀ, ਕਿੰਨਾ ਪਵਿਤਰ ਤੇ ਕਿੰਨਾ ਵੱਡਾ ਸੀ। ਇਹ ਇਸ ਘਟਨਾ ਤੋਂ ਪਤਾ ਲਗਦਾ ਹੈ।

ਫਰਵਰੀ 1915 ਵਿਚ ਬਗਾਵਤ ਦੀ ਤਿਆਰੀ ਸੀ। ਪਹਿਲੇ ਹਫਤੇ ਆਪ, ਪਿੰਗਲੇ ਅਤੇ ਦੂਜੇ ਦੋ-ਤਿੰਨ ਸਾਥੀਆਂ ਨਾਲ ਆਗਰਾ, ਕਾਨਪੁਰ, ਅਲਾਹਾਬਾਦ, ਲਖਨਊ, ਮੇਰਠ ਅਤੇ ਕਈ ਹੋਰ ਥਾਂ ਗਏ ਅਤੇ ਬਗਾਵਤ ਲਈ ਉਨ੍ਹਾਂ ਨਾਲ ਮੇਲ-ਮਿਲਾਪ ਕਰ ਆਏ। ਅਖੀਰ ਉਹ ਦਿਨ ਨੇੜੇ ਆਉਣ ਲੱਗਾ, ਜਿਸ ਦਾ ਬੜੇ ਚਿਰ ਤੋਂ ਇੰਤਜ਼ਾਰ ਹੋ ਰਿਹਾ ਸੀ। 21 ਫਰਵਰੀ 1915 ਨੂੰ ਭਾਰਤ ਵਿਚ ਬਗਾਵਤ ਦਾ ਦਿਨ ਮੁਕੱਰਰ ਹੋਇਆ ਸੀ। ਇਸ ਦੇ ਮੁਤਾਬਕ ਤਿਆਰੀ ਹੋ ਰਹੀ ਸੀ। ਪਰੰਤੂ ਬਿਲਕੁਲ ਇਸ ਵੇਲੇ ਹੀ ਉਨ੍ਹਾਂ ਦੀਆਂ ਉਮੀਦਾਂ ਦੇ ਰੁੱਖ ਦੀ ਜੜ੍ਹ 'ਤੇ ਬੈਠਾ ਇਕ ਚੂਹਾ ਇਸ ਨੂੰ ਕੱਟ ਰਿਹਾ ਸੀ। ਚਾਰ ਪੰਜ ਦਿਨ ਪਹਿਲਾਂ ਸ਼ੱਕ ਪੈ ਗਿਆ ਕਿ ਕਿਰਪਾਲ ਸਿੰਘ ਦੀ ਗਦਾਰੀ ਨਾਲ ਸਭ ਕੁੱਝ ਢਹਿ-ਢੇਰੀ ਹੋ ਜਾਏਗਾ। ਇਸ ਡਰ ਨਾਲ ਹੀ ਕਰਤਾਰ ਸਿੰਘ ਨੇ ਰਾਸ ਬਿਹਾਰੀ ਬੋਸ ਨੂੰ ਬਗਾਵਤ ਦੀ ਤਰੀਕ 21 ਫਰਵਰੀ ਦੀ ਬਜਾਏ 19 ਫਰਵਰੀ ਕਰਨ ਲਈ ਕਿਹਾ। ਇਸ ਤਰ੍ਹਾਂ ਹੋ ਜਾਣ ਦੇ ਵੀ ਕਿਰਪਾਲ ਸਿੰਘ ਨੂੰ ਸੂਹ ਪਹੁੰਚ ਗਈ। ਇਸ ਇਨਕਲਾਬੀ ਗਰੋਹ ਵਿਚ ਇਕੋ ਗਦਾਰ ਦੀ ਹੋਂਦ ਕਿੰਨੀ ਖਤਰਨਾਕ ਨਤੀਜੇ ਦਾ ਕਾਰਨ ਬਣੀ। ਰਾਸ ਬਿਹਾਰੀ ਤੇ ਕਰਤਾਰ ਸਿੰਘ ਵੀ ਕੋਈ ਮੁਨਾਸਬ ਇੰਤਜਾਮ ਨਾ ਹੋਣ ਕਰਕੇ ਆਪਣਾ ਭੇਦ ਨਾ ਛੁਪਾ ਸਕੇ। ਇਸ ਦਾ ਕਾਰਨ ਭਾਰਤ ਦੀ ਬਦਕਿਸਮਤੀ ਦੇ ਸਿਵਾਏ ਹੋਰ ਕੀ ਹੋ ਸਕਦਾ ਸੀ?

ਕਰਤਾਰ ਸਿੰਘ ਪੰਜਾਹ, ਸੱਠ ਸਾਥੀਆਂ ਨਾਲ ਪਿਛਲੇ ਫੈਸਲੇ ਅਨੁਸਾਰ 19 ਫਰਵਰੀ ਨੂੰ ਫਿਰੋਜ਼ਪੁਰ ਜਾ ਪਹੁੰਚੇ। ਆਪਣੇ ਸਾਥੀ ਫੌਜੀ ਹੌਲਦਾਰ ਨੂੰ ਮਿਲੇ ਤੇ ਬਗਾਵਤ ਦੀ ਗੱਲ ਕੀਤੀ। ਪਰੰਤੂ ਕਿਰਪਾਲ ਸਿੰਘ ਨੇ ਤਾਂ ਸਾਰਾ ਮਾਮਾਲਾ ਪਹਿਲਾਂ ਹੀ ਤਿੱਤਰ-ਬਿੱਤਰ ਕਰ ਦਿਤਾ ਸੀ। ਹਿਦੁਸਤਾਨੀ ਸਿਪਾਹੀ ਨਿਹੱਥੇ ਕਰ ਦਿੱਤੇ ਗਏ। ਧੜਾ-ਧੜ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਹੌਲਦਾਰ ਨੇ ਸਹਾਇਤਾ ਕਰਨ ਤੋਂ ਇਨਕਾਰ ਕਰ ਦਿਤਾ। ਕਰਤਾਰ ਸਿੰਘ ਦੀ ਕੋਸ਼ਿਸ਼ ਅਸਫਲ ਰਹੀ। ਨਿਰਾਸ਼ ਹੋ ਕੇ ਵਾਪਸ ਲਾਹੌਰ ਆ ਗਏ। ਪੰਜਾਬ ਭਰ ਵਿਚ ਗ੍ਰਿਫਤਾਰੀਆਂ ਦਾ ਚੱਕਰ ਤੇਜ਼ੀ ਨਾਲ ਚਲਣ ਲੱਗਾ। ਹੁਣ ਸਾਥੀ ਵੀ ਟੁੱਟਣ ਲੱਗੇ। ਇਹੋ ਜਿਹੀ ਹਾਲਤ ਵਿਚ ਰਾਸ ਬਿਹਾਰੀ ਬੋਸ ਮਾਯੂਸੀ ਦੀ ਹਾਲਤ ਵਿਚ ਲਾਹੌਰ ਦੇ ਇਕ ਮਕਾਨ ਵਿਚ ਲੇਟੇ ਹੋਏ ਸਨ। ਕਰਤਾਰ ਸਿੰਘ ਵੀ ਉਥੇ ਆ ਕੇ ਇੱਕ ਚਾਰਪਾਈ ਉਤੇ ਦੂਸਰੇ ਪਾਸੇ ਮੂੰਹ ਕਰਕੇ ਲੇਟ ਗਿਆ। ਆਪਸ ਵਿਚ ਕੋਈ ਗੱਲ ਨਾ ਕੀਤੀ। ਪਰੰਤੂ ਚੁੱਪ-ਚਾਪ ਹੀ ਇਕ ਦੂਜੇ ਦੇ ਦਿਲ ਦੀ ਹਾਲਤ ਤਾੜ ਗਏ। ਇਨ੍ਹਾਂ ਦੀ ਹਾਲਤ ਦਾ ਅੰਦਾਜ਼ਾ ਅਸੀਂ ਕੀ ਲੱਗਾ ਸਕਦੇ ਹਾਂ:

ਦਰੇ ਤਦਬੀਰ ਪਰ ਸਿਰ ਫੋੜਨਾ ਸ਼ੇਵਾਹ ਰਿਹਾ ਅਪਨਾ।
ਵਸੀਲੇ ਹਾਥ ਹੀ ਨਾ ਆਏ ਕਿਸਮਤ ਅਜ਼ਮਾਈ ਕੇ।

(ਸਾਡਾ ਕੰਮ ਕਿਸਮਤ ਦੇ ਦਰਵਾਜ਼ਿਆਂ ਤੇ ਮੱਥਾ ਮਾਰਨਾ ਹੀ ਰਿਹਾ। ਪਰ ਕਿਸੀਮਤ ਅਜ਼ਮਾਈ ਲਈ ਵਸੀਲੇ ਹੱਥ ਹੀ ਨਾ ਲੱਗੇ।)

ਉਨ੍ਹਾਂ ਦੀ ਤਾਂ ਖਾਹਸ਼ ਇਹੀ ਸੀ ਕਿ ਕਿਤੇ ਲੜਾਈ ਹੋਵੇ ਅਤੇ ਉਹ ਆਪਣੇ ਦੇਸ਼ ਲਈ ਲੜਦੇ-ਲੜਦੇ ਜਾਨਾਂ ਦੇਣ। ਫਿਰ ਸਰਗੋਧਾ ਦੇ ਨੇੜੇ ਚੱਕ ਨੰਬਰ ਪੰਜ ਵਿਚ ਆ ਗਏ। ਫਿਰ ਬਗਾਵਤ ਦਾ ਚਰਚਾ ਛੇੜ ਦਿਤਾ। ਉਥੇ ਹੀ ਫੜੇ ਗਏ। ਜੰਜੀਰਾਂ ਵਿਚ ਜਕੜੇ ਗਏ। ਨਿੱਡਰ ਬਾਗੀ ਕਰਤਾਰ ਸਿੰਘ ਨੂੰ ਲਾਹੌਰ ਸਟੇਸ਼ਨ ਤੇ ਲਿਆਂਦਾ ਗਿਆ। ਪੁਲੀਸ ਕਪਤਾਨ ਨੂੰ ਕਿਹਾ, "ਮਿਸਟਰ ਟਾਮਕਿਨ ਕੁੱਝ ਖਾਣ ਨੂੰ ਲਿਆਦੋ", ਉਹ ਕਿਤਨਾ ਮਸਤਾਨਾ ਮਨ ਸੀ। ਇਸ ਦਿਲ ਖਿਚਵੀਂ ਸਖਸ਼ੀਅਤ ਨੂੰ ਦੇਖ ਕੇ ਦੋਸਤ ਅਤੇ ਦੁਸ਼ਮਣ ਸਭ ਖੁਸ਼ ਹੋ ਜਾਂਦੇ ਹਨ ਸਨ। ਗ੍ਰਿਫਤਾਰੀ ਦੇ ਸਮੇਂ ਉਹ ਬਹੁਤ ਖੁਸ਼ ਸਨ। ਆਮ ਤੌਰ ਤੇ ਕਿਹਾ ਕਰਦੇ ਸਨ, "ਬਹਾਦਰੀ ਤੇ ਹਿੰਮਤ ਨਾਲ ਮਰ ਜਾਣ ਤੇ ਮੈਨੂੰ ਬਾਗੀ ਦਾ ਖਿਤਾਬ ਦੇਣਾ। ਕੋਈ ਯਾਦ ਕਰੇ ਤਾਂ ਬਾਗੀ ਕਰਤਾਰ ਸਿੰਘ ਕਹਿ ਕੇ ਯਾਦ ਕਰੇ।" ਮੁਕੱਦਮਾ ਚੱਲਿਆ। ਇਸ ਵੇਲੇ ਕਰਤਾਰ ਸਿੰਘ ਦੀ ਉਮਰ ਸਿਰਫ ਸਾਢੇ ਅਠਾਰਾਂ ਸਾਲ ਦੀ ਸੀ। ਸਾਰਿਆਂ ਤੋਂ ਘੱਟ ਉਮਰ ਦੇ ਅਪਰਾਧੀ ਆਪ ਹੀ ਸਨ। ਪ੍ਰੰਤੂ ਜੱਜ ਨੇ ਆਪ ਦੇ ਬਾਰੇ ਇਹ ਲਿਖਿਆ :—

"ਉਹ ਇਨ੍ਹਾਂ ਅਪਰਾਧੀਆਂ ਵਿਚੋਂ ਸਭ ਤੋਂ ਖਤਰਨਾਕ ਅਪਰਾਧੀਆਂ ਵਿਚੋਂ ਇਕ ਹੈ। ਅਮਰੀਕਾ ਦੇ ਸਫਰ ਦੇ ਦੌਰਾਨ ਤੇ ਫਿਰ ਭਾਰਤ ਵਿਚ ਇਸ ਸਾਜ਼ਿਸ਼ ਦਾ ਕੋਈ ਹਿਸਾ ਨਹੀਂ ਜਿਸ ਵਿਚ ਇਸ ਨੇ ਇਕ ਉਘਾ ਹਿਸਾ ਨਾ ਪਾਇਆ ਹੋਵੇ।"

ਇਕ ਦਿਨ ਆਪ ਦੇ ਬਿਆਨ ਦੇਣ ਦੀ ਵਾਰੀ ਆਈ। ਆਪਨੇ ਸਭ ਕੁੱਝ ਮੰਨ ਲਿਆ। ਆਪ ਇਨਕਲਾਬੀ ਬਿਆਨ ਦਿੰਦੇ ਰਹੇ। ਜੱਜ ਦੰਦਾਂ ਹੇਠ ਕਲਮ ਦਬਾਈ ਦੇਖਦਾ ਰਿਹਾ, ਇਕ ਲਫਜ਼ ਤੱਕ ਨਾ ਲਿਖਿਆ। ਬਾਅਦ ਵਿਚ ਇਨਾ ਕਿਹਾ, "ਕਰਤਾਰ ਸਿੰਘ ਅਜੇ ਤੁਹਾਡਾ ਬਿਆਨ ਨਹੀਂ ਲਿਖਿਆ ਗਿਆ। ਤੁਸੀਂ ਸੋਚ-ਸਮਝ ਕੇ ਬਿਆਨ ਦਿਉ। ਤੁਸੀਂ ਜਾਣਦੇ ਹੋ ਕਿ ਤੁਹਾਡੇ ਬਿਆਨ ਦਾ ਨਤੀਜਾ ਕੀ ਨਿਕਲ ਸਕਦਾ ਹੈ।" ਵੇਖਣ ਵਾਲੇ ਦੱਸਦੇ ਹਨ ਕਿ ਜੱਜ ਦੇ ਇਹਨਾਂ ਲਫਜ਼ਾਂ ਤੇ ਕਰਤਾਰ ਸਿੰਘ ਨੇ ਬਹੁਤ ਮਸਤਾਨੀ ਅਦਾ ਨਾਲ ਕੇਵਲ ਇੰਨਾ ਹੀ ਕਿ ਕਿਹਾ, "ਫਾਂਸੀ ਹੀ ਲਾ ਦਿਉਗੇ ਹੋਰ ਕੀ? ਅਸੀਂ ਇਸ ਤੋਂ ਨਹੀਂ ਡਰਕੇ।" ਇਸ ਦਿਨ ਅਦਾਲਤ ਦਾ ਜਲਸਾ ਖਤਮ ਹੋ ਗਿਆ। ਦੂਸਰੇ ਦਿਨ ਫਿਰ ਕਰਤਾਰ ਸਿੰਘ ਦਾ ਅਦਾਲਤ ਵਿਚ ਬਿਆਨ ਸ਼ੁਰੂ ਹੋਇਆ। ਪਹਿਲੇ ਦਿਨ ਜੱਜਾਂ ਦਾ ਕੁੱਝ ਐਹੋ ਜਿਹਾ ਖਿਆਲ ਸੀ ਕਿ ਕਰਤਾਰ ਸਿੰਘ ਭਾਈ ਪ੍ਰਮਾਨੰਦ ਦੇ ਇਸ਼ਾਰੇ 'ਤੇ ਉਹ ਬਿਆਨ ਦੇ ਰਹੇ ਹਨ। ਪਰੰਤੂ ਉਹ ਬਾਗੀ ਕਰਤਾਰ ਸਿੰਘ ਦੇ ਦਿਲ ਦੀਆਂ ਗਹਿਰਾਈਆਂ ਵਿਚ ਨਹੀਂ ਉਤਰ ਸਕਦੇ ਸਨ। ਕਰਤਾਰ ਸਿੰਘ ਦਾ ਬਿਆਨ ਜ਼ਿਆਦਾ ਜ਼ੋਰਦਾਰ ਜ਼ਿਆਦਾ ਜੋਸ਼ੀਲਾ ਅਤੇ ਪਹਿਲੇ ਦਿਨ ਦੀ ਤਰ੍ਹਾਂ ਇਨਕਲਾਬੀ ਸੀ। ਅਖੀਰ ਵਿਚ ਆਪ ਨੇ ਕਿਹਾ, "ਜੁਰਮ ਦੇ ਲਈ ਮੈਨੂੰ ਉਮਰ ਕੈਦ ਦੀ ਸਜ਼ਾ ਮਿਲੇਗੀ ਜਾਂ ਫਾਂਸੀ। ਪਰੰਤੂ ਮੈਂ ਫਾਂਸੀ ਨੂੰ ਪਹਿਲ ਦੇਵਾਂਗਾ ਤਾਂ ਕਿ ਫਿਰ ਜਨਮ ਲੈ ਕੇ ਜਦ ਤੱਕ ਹਿੰਦੁਸਤਾਨ ਅਜ਼ਾਦ ਨਹੀਂ ਹੋਵੇਗਾ, ਤਦ ਤੱਕ ਮੈਂ ਬਾਰ-ਬਾਰ ਜਨਮ ਲੈ ਕੇ ਫਾਂਸੀ ਤੇ ਲਟਕਦਾ ਰਹਾਂਗਾ। ਇਹ ਮੇਰੀ ਆਖਰੀ ਖਾਹਿਸ਼ ਹੈ।"

ਆਪ ਦੀ ਬਹਾਦਰੀ ਨੂੰ ਜੱਜਾਂ ਨੂੰ ਬਹੁਤ ਪ੍ਰਭਾਵਤ ਕੀਤਾ। ਪਰੰਤੂ ਉਨ੍ਹਾਂ ਨੇ ਖੁੱਲੇ ਦਿਲ ਦੁਸ਼ਮਣ ਦੀ ਤਰ੍ਹਾਂ ਆਪਦੀ ਬਹਾਦਰੀ ਨੂੰ ਬਹਾਦਰੀ ਨਾ ਕਹਿਕੇ ਢੀਠ-ਪੁਣੇ ਦੇ ਸ਼ਬਦਾਂ ਨਾਲ ਯਾਦ ਕੀਤਾ। ਕਰਤਾਰ ਸਿੰਘ ਨੂੰ ਸਿਰਫ ਗਾਲਾਂ ਹੀ ਨਹੀਂ ਮੌਤ ਦੀ ਸਜ਼ਾ ਵੀ ਮਿਲੀ। ਆਪ ਨੇ ਮੁਸਕਰਾਂਦੇ ਹੋਏ ਜੱਜ ਦਾ ਸ਼ੁਕਰੀਆ ਅਦਾ ਕੀਤਾ। ਕਰਤਾਰ ਸਿੰਘ ਫਾਂਸੀ ਦੀ ਕੋਠੜੀ ਵਿਚ ਬੰਦ ਸਨ। ਆਪਦੇ ਦਾਦਾ ਨੇ ਆ ਕੇ ਕਿਹਾ, "ਕਰਤਾਰ ਸਿੰਘ, ਜਿਨ੍ਹਾਂ ਲਈ ਮਰ ਰਿਹਾ ਹੈਂ? ਜਿਹੜੇ ਤੈਨੂੰ ਗਾਲੀਆਂ ਦਿੰਦੇ ਹਨ। ਤੇਰੇ ਮਰਨ ਨਾਲ ਦੇਸ਼ ਨੂੰ ਕੁੱਝ ਫਾਇਦਾ ਹੋਵੇਗਾ ਇਹ ਵੀ ਨਜ਼ਰ ਨਹੀਂ ਆਉਂਦਾ।" ਕਰਤਾਰ ਸਿੰਘ ਨੇ ਬਹੁਤ ਹੌਲੀ ਜਿਹੀ ਪੁੱਛਿਆ :—

"ਦਾਦਾ ਜੀ ਫਲਾਣਾ ਰਿਸ਼ਤੇਦਾਰ ਕਿੱਥੇ ਹੈ?"

"ਪਲੇਗ ਨਾਲ ਮਰ ਗਿਆ।"

"ਫਲਾਣਾ ਕਿੱਥੇ ਹੈ?"

"ਹੈਜੇ ਨਾਲ ਮਰ ਗਿਆ ਹੈ।"

"ਤਾਂ ਕੀ ਤੁਸੀਂ ਚਾਹੁੰਦੇ ਹੋ ਕਰਤਾਰ ਸਿੰਘ ਬਿਸਤਰੇ ਉਤੇ ਮਹੀਨਿਆਂ ਬੱਧੀ ਪਿਆ ਰਹੇ ਤੇ ਦਰਦ ਨਾਲ ਦੁਖ ਦੁਖੀ ਕਿਸੇ ਰੋਗ ਨਾਲ ਮਰੇ? ਕੀ ਉਸੀਂ ਮੌਤ ਨਾਲੋਂ ਇਹ ਮੌਤ ਹਜ਼ਾਰ ਦਰਜੇ ਚੰਗੀ ਨਹੀਂ?" ਦਾਦਾ ਚੁੱਪ ਹੋ ਗਏ।

ਅੱਜ ਫਿਰ ਸਵਾਲ ਉਠਦਾ ਹੈ ਕਿ ਉਨ੍ਹਾਂ ਦੇ ਮਰਨ ਨਾਲ ਕੀ ਫਾਇਦਾ ਹੋਇਆ? ਉਹ ਕਿਸ ਲਈ ਮਰੇ? ਇਸ ਦਾ ਜਵਾਬ ਬਿਲਕੁਲ ਸਾਫ ਹੈ। ਦੇਸ਼ ਦੇ ਲਈ ਮਰੇ। ਉਨ੍ਹਾਂ ਦਾ ਆਦਰਸ਼ ਹੀ ਦੇਸ਼ ਸੇਵਾ ਵਿਚ ਲੜਦੇ ਮਰਨਾ ਸੀ। ਉਹ ਇਸ ਤੋਂ ਜ਼ਿਆਦਾ ਕੁੱਝ ਨਹੀਂ ਚਾਹੁੰਦੇ ਸਨ। ਮਰਨਾ ਵੀ ਗੁਮਨਾਮ ਰਹਿ ਕੇ ਚਾਹੁੰਦੇ ਸਨ।

ਚਮਨ ਜਾਰੇ ਮੁਹਬਤ ਮੇਂ, ਉਸੀ ਨੇ ਕੀ ਬਾਗਬਾਨੀ।
ਜਿਸਨੇ ਮਿਹਨਤ ਕੋ ਹੀ ਮਿਹਨਤ ਕਾ ਸਮਰ ਜਾਨਾ।
ਨਹੀਂ ਹੋਤਾ ਹੈ ਮੁਹਤਾਜੇ ਨੁਮਾਇਸ਼ ਫੈਜ ਸ਼ਬਨਮ ਕਾ,
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ, ਗੁਲਸ਼ਨ ਮੇਂ।

(ਮੁਹੱਬਤ ਦੀ ਫੁਲਵਾੜੀ ਵਿਚ ਉਸ ਮਾਲੀ ਦੀ ਥਾਂ ਹੈ, ਕਿ ਜਿਹੜਾ ਆਪਣੀ ਮਿਹਨਤ ਨੂੰ ਹੀ ਆਪਣਾ ਫਲ ਸਮਝਦਾ ਹੈ। ਤਰੇਲ ਦ ਦੀ ਦਰਿਆ ਮਿਲੀ ਵਿਖਾਵੇ ਲਈ ਨਹੀਂ ਹੈ, ਉਹ ਤਾਂ ਹਨੇਰੀ ਰਾਤ ਵਿਚ ਚੁੱਪ-ਚਾਪ ਬਾਗ ਵਿਚ ਮੋਤੀ ਕੇਰ ਜਾਂਦੀ ਹੈ।)

ਡੇਢ ਸਾਲ ਤੱਕ ਮੁਕੱਦਮਾ ਚਲਿਆ। 16 ਨਵੰਬਰ, 1915 ਦਾ ਦਿਨ ਸੀ, ਜਦ ਉਨ੍ਹਾਂ ਨੂੰ ਫਾਂਸੀ ਤੇ ਲਟਕਾ ਦਿਤਾ ਗਿਆ। ਉਸ ਦਿਨ ਵੀ ਹਮੇਸ਼ਾਂ ਦੀ ਤਰ੍ਹਾਂ ਖੁਸ਼ ਸਨ। ਇਨ੍ਹਾਂ ਦਾ ਭਾਰ ਦਸ ਪੌਂਡ ਵੱਧ ਗਿਆ ਸੀ। ਭਾਂਰਤ ਮਾਤਾ ਦੀ ਜੈ ਕਹਿੰਦੇ ਹੋਏ ਉਹ ਫਾਂਸੀ ਦੇ ਤਖਤੇ ਤੇ ਝੂਲ ਗਏ।

(ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ' ਵਿਚੋਂ)



ਹਰਭਜਨ ਹੁੰਦਲ

ਕੀ ਪਤਾ ਸੀ ਚੰਦਰੀ ਇਸ ਤਰਾਂ ਦੀ ਰੁੱਤ ਆਏਗੀ
ਉਮਰ ਦੀ ਕੀਤੀ ਕਰਾਈ ਵਿੰਹਦਿਆਂ ਰੁੜ ਜਾਏਗੀ

ਰੁੱਸ ਕੇ ਮਿੱਤਰ ਪਿਆਰੇ ਸ਼ਹਿਰ 'ਚੋ ਤੁਰ ਜਾਣਗੇ
ਰਿਸ਼ਤਿਆਂ ਦੀ ਮੌਤ ਸਾਨੂੰ ਇਸ ਤਰਾਂ ਤੜਪਾਏਗੀ

ਆਪਣਾ ਵਿਹੜਾ ਤੇ ਗਲੀਆਂ ਵੀ ਪਰਾਏ ਹੋਣਗੇ
ਵਾਜ ਮਾਰੀ ਨਾਲ ਕੰਧਾਂ ਦੇ ਜਿਵੇ ਟਕਰਾਏਗੀ

ਦਿਲਾਂ ਅੰਦਰ ਚੁੱਪ ਕੀਤਾ ਜ਼ਹਿਰ ਘੁਲਦਾ ਰਹੇਗਾ
ਚਿਹਰਿਆਂ ਤੇ ਫੁੱਲ ਦੀ ਨਾ ਪੰਖੜੀ ਮੁਸਕਾਏਗੀ

ਵੈਦ ਲੈਕੇ ਨਸ਼ਤਰਾਂ ਨੂੰ ਜ਼ਖਮ ਡੂੰਘੇ ਕਰਨਗੇ
ਡੈਣ ਵਾਂਗੂ ਇਸ ਤਰਾਂ ਮਾਂ ਬੱਚਿਆਂ ਨੂੰ ਖਾਏਗੀ

ਹਰ ਗਲੀ ਦੇ ਮੋੜ ਤੇ ਸੰਗੀਨ ਮੱਥੇ ਵੱਜਦੀ
ਹਰ ਜਗਾ ਬੰਦੂਕ ਆ ਕੇ ਗੁੱਝਲਾਂ ਗੁੰਝਲਾਏਗੀ

ਰੱਬ ਦਾ ਘਰ ਇਸ ਤਰਾਂ ਸ਼ਤਰੰਜ ਵਿਹੜਾ ਬਣੇਗਾ
ਇਸ ਤਰਾਂ ਵੀ ਆਦਮੀ ਦੀ ਆਤਮਾ ਕੁਰਲਾਏਗੀ

ਦਰਦ ਸਾਡੇ ਦੀ ਦਵਾਈ ਮੁੱਲ ਵੀ ਨਾ ਮਿਲੇਗੀ
ਹਰ ਘੜੀ ਤਕਲੀਫ ਸਾਡੀ ਹੋਰ ਵਧਦੀ ਜਾਏਗੀ






AMIN LADHA

# AMIN ON MARINE

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

dueck

CHEVROLET-OLDSMOBILE-CADILLAC LTD.

86 SE Marine Dr., [between Main & Cambie]

Ph: 324-7222

Res.: 433-1681

Pager 687-7711 Pager #2122

DUECK CHEVROLET OLDSMOBILE CADILLAC LTD.

ਭਾਰਤ ਜਾਣ ਦੀ ਤਿਆਰੀ ਹੈ?

# East West Travel Ltd.

ਹਵਾਈ ਟਿਕਟਾਂ

ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.

Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫੋਨ ਕਰੋ

Ph.(403)235-3661

5320 - 8th AVE. S.E. CALGARY, ALTA T2A 4L7

# ਪੰਜਾਬ ਦੇ ਨਜ਼ਰਬੰਦਾਂ ਦੀ ਰਿਹਾਈ ਦਾ ਮਸਲਾ

**ਪ੍ਰੋ: ਦਰਸ਼ਨ ਸਿੰਘ ਧਾਲੀਵਾਲ**

ਪੰਜਾਬ ਵਿਚ ਸਦਭਾਵਨਾ ਦਾ ਮਾਹੌਲ ਪੈਦਾ ਕਰਨ ਲਈ 11 ਮਾਰਚ 1984 ਨੂੰ ਸਵਰਗੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਰਿਹਾ ਕੀਤਾ ਗਿਆ। 25 ਸਤੰਬਰ 1985 ਨੂੰ ਪੰਜਾਬ ਵਿਚ ਚੋਣਾਂ ਕਰਵਾਈਆਂ ਗਈਆਂ। ਚੋਣਾਂ ਦੌਰਾਨ ਅਕਾਲੀ ਦਲ ਨੇ ਲੋਕਾਂ ਨਾਲ ਕੁਝ ਵਾਅਦੇ ਕੀਤੇ ਸਨ ਜੋ ਸੱਤਾ ਸੰਭਾਲਣ ਮਗਰੋਂ ਕੁਝ ਵਾਅ ਪੂਰੇ ਕਰਨੇ ਸਨ। ਹੋਰਨਾਂ ਵਾਅਦਿਆਂ ਤੋਂ ਇਲਾਵਾ ਇਕ ਵਾਅਦਾ ਸੀ — 'ਜੇਲ੍ਹਾਂ ਵਿਚੋਂ ਨਜ਼ਰਬੰਦਾਂ ਦੀ ਬਿਨਾਂ ਸ਼ਰਤ ਰਿਹਾਈ' ਕਰਾਉਣ ਦਾ। ਪੰਜਾਬ ਦੇ ਵੋਟਰਾਂ ਨੇ ਭਾਰੀ ਬਹੁਮਤ ਨਾਲ ਆਪਣਾ ਫਤਵਾ ਅਕਾਲੀ ਦਲ ਦੇ ਪੱਖ ਵਿਚ ਦਿਤਾ ਜਿਸਦੇ ਸਿੱਟੇ ਵਜੋਂ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਅਕਾਲੀ ਦਲ ਦੀ ਸਰਕਾਰ ਸਥਾਪਤ ਹੋਈ। ਭਾਵੇਂ ਬਰਨਾਲਾ ਸਰਕਾਰ ਨੇ ਹੋਂਦ ਵਿਚ ਆਉਂਦਿਆਂ ਹੀ ਇਸ ਵਾਅਦੇ ਨੂੰ ਪੂਰਾ ਕਰਨ ਦਾ ਕੰਮ ਪਹਿਲੀ ਅਕਤੂਬਰ 1985 ਨੂੰ ਹੀ ਸ਼ੁਰੂ ਕਰ ਦਿਤਾ ਸੀ ਜੋ ਹੁਣ ਤਕ ਵੀ ਜਾਰੀ ਹੈ ਪਰ ਕੁੱਝ ਕਾਨੂੰਨੀ ਤੇ ਰਾਜਨੀਤਕ ਮੁਸ਼ਕਲਾਂ ਵੀ ਦਰਪੇਸ਼ ਹਨ ਜਿਨ੍ਹਾਂ ਨੂੰ ਦੂਰ ਕਰਕੇ ਰਿਹਾਈਆਂ ਦਾ ਮਸਲਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਸਿਫਾਰਸ਼ਾਂ

ਬਰਨਾਲਾ ਸਰਕਾਰ ਵਲੋਂ 2 ਅਕਤੂਬਰ 1985 ਨੂੰ ਸ. ਅਜੀਤ ਸਿੰਘ ਬੈਂਸ ਦੀ ਅਗਵਾਈ ਵਿਚ ਚਾਰ ਮੈਂਬਰੀ ਕਮੇਟੀ ਬਣਾਈ ਗਈ ਜਿਸ ਵਿਚ ਐਡਵੋਕੇਟ ਜਨਰਲ ਸ. ਗੁਰਦਰਸ਼ਨ ਸਿੰਘ ਗਰੇਵਾਲ, ਜਲੰਧਰ ਦੇ ਸੀਨੀਅਰ ਵ ਕੀਲ ਸ੍ਰੀ ਲਾਲ ਚੰਦ ਸਭਰਵਾਲ ਅਤੇ ਪ੍ਰਾਸੀਕਿਊਸ਼ਨ ਦੇ ਐਡੀਸ਼ਨਲ ਡਾਇਰੈਕਟਰ ਸ੍ਰੀ ਮਿੱਢਾ ਮੈਂਬਰ ਲਏ ਗਏ। ਇਸ ਕਮੇਟੀ ਦਾ ਅਧਿਕਾਰ ਖੇਤਰ ਅਗਸਤ 1981 ਤੋਂ ਰਾਜਸੀ ਅੰਦੋਲਨ ਦੌਰਾਨ ਸਜ਼ਾ ਯਾਫਤਾ ਜਾਂ ਜਿਨ੍ਹਾਂ ਉਪਰ ਕੇਸ ਚਲ ਰਹੇ ਹਨ ਉਨ੍ਹਾਂ ਦਾ ਨਵੇਂ ਸਿਰਿਓਂ ਜਾਇਜ਼ਾ ਲੈ ਕੇ ਰਿਹਾਈਆਂ ਸਬੰਧੀ ਪੰਜਾਬ ਸਰਕਾਰ ਨੂੰ ਸਿਫਾਰਸ਼ਾਂ ਕਰਨਾ ਹੈ। ਕਮੇਟੀ ਨੇ ਆਪਣੀ ਅੰਤਿਮ ਰਿਪੋਰਟ 5 ਨਵੰਬਰ 1985 ਤਕ ਦੇਣੀ ਸੀ। ਇਸ ਕਮੇਟੀ ਦੀ ਸਥਾਪਨਾ ਦਾ ਪੰਜਾਬੀਆਂ ਵਲੋਂ ਸਵਾਗਤ ਕੀਤਾ ਗਿਆ। 5 ਅਕਤੂਬਰ 1985 ਨੂੰ ਕੇਂਦਰ ਸਰਕਾਰ ਨੇ ਬਿਆਨ ਦਿਤਾ ਕਿ ਅਮਨ ਕਾਨੂੰਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ, ਇਸ ਲਈ ਕੇਂਦਰ ਸਰਕਾਰ ਨਜ਼ਰਬੰਦ ਵਿਅਕਤੀਆਂ ਨੂੰ ਰਿਹਾਅ ਕਰਨ ਲਈ ਪੰਜਾਬ ਸਰਕਾਰ ਦੇ ਕੰਮਾਂ ਵਿਚ ਦਖਲ ਨਹੀਂ ਦੇਵੇਗੀ। ਕੇਂਦਰ ਸਰਕਾਰ ਨੇ ਇਹ ਵੀ ਸਪਸ਼ਟ ਕਰ ਦਿਤਾ ਸੀ ਕਿ ਪੰਜਾਬ ਵਿਚੋਂ ਗ੍ਰਿਫਤਾਰ ਕਰਕੇ ਜਿਨ੍ਹਾਂ ਲੋਕਾਂ ਨੂੰ ਬਾਹਰਲੇ ਰਾਜਾਂ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਕੀਤਾ ਗਿਆ ਹੈ, ਪੰਜਾਬ ਸਰਕਾਰ ਉਨ੍ਹਾਂ ਬਾਰੇ ਵੀ ਫੈਸਲਾ ਲੈ ਸਕਦੀ ਹੈ। ਕੇਂਦਰ ਦੇ ਇਸ ਫੈਸਲੇ ਪਿਛੋਂ ਨਜ਼ਰਬੰਦਾਂ ਦੀ ਰਿਹਾਈ ਦਾ ਰਸਤਾ ਸਾਫ ਹੋ ਗਿਆ ਅਤੇ ਪੰਜਾਬ ਸਰਕਾਰ ਵਲੋਂ ਇਨ੍ਹਾਂ ਬਾਰੇ ਨਿਰਣਾ ਛੇਤੀ ਲਏ ਜਾਣ ਦੀ ਸੰਭਾਵਨਾ ਵੀ ਵਧ ਗਈ। 11 ਅਕਤੂਬਰ 1985 ਨੂੰ ਬੈਂਸ ਕਮੇਟੀ ਨੇ ਚਾਰ ਸੌ ਤੋਂ ਵੱਧ ਸ਼ਿਵ ਸੈਨਾ ਤੇ ਹਿੰਦੂ ਸੁਰੱਖਿਆ ਮ ਸੰਮਤੀ ਦੇ ਮੈਂਬਰਾਂ ਦੀ ਰਿਹਾਈ ਦੀ ਸਿਫਾਰਸ਼ ਕੀਤੀ। 2 ਨਵੰਬਰ 1985 ਤਕ ਬੈਂਸ ਕਮੇਟੀ ਨੇ ਲਗਭਗ ਦੋ ਹਜ਼ਾਰ ਤੋਂ ਵੱਧ ਸਿਖ ਨਜ਼ਰਬੰਦਾਂ ਦੀ ਰਿਹਾਈ ਦੀ ਵੀ ਸਿਫਾਰਸ਼ ਕੀਤੀ ਹੈ। ਕਮੇਟੀ ਨੇ ਦੱਸਿਆ ਕਿ 'ਨੀਲਾ ਤਾਰਾ ਅਪਰੇਸ਼ਨ' ਦੌਰਾਨ ਦਰਬਾਰ ਸਾਹਿਬ ਵਿਚੋਂ ਫੜੇ ਗਏ ਬਹੁਤੇ ਲੋਕ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਅਤੇ ਸ਼ਰਧਾਲੂ ਸਿਖ ਯਾਤਰੂ ਹਨ। ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਹੈ ਕਿ ਜਿਨ੍ਹਾਂ ਅਤਿਵਾਦੀਆਂ ਨੇ ਫੌਜ ਸਾਹਮਣੇ ਹਥਿਆਰ ਸੁੱਟ ਦਿਤੇ ਸਨ, ਉਨ੍ਹਾਂ ਸਮੇਤ ਸਾਰਿਆਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ। ਸੋ ਕਮੇਟੀ ਅਨੁਸਾਰ ਕਮੇਟੀ ਨੇ ਸਾਰੇ ਪਏ ਕੇਸਾਂ 'ਤੇ ਵਿਚਾਰ ਮੁਕੰਮਲ ਕਰ ਲਿਆ ਹੈ। ਇਹ ਕੇਸ ਜ਼ਿਲੇ ਵਾਰ ਘ੍ਰ ਘੋਖੇ ਗਏ ਹਨ। ਜਿਨ੍ਹਾਂ ਵਿਅਕਤੀਆਂ ਨੂੰ ਕਮੇਟੀ ਨੇ ਰਿਹਾਅ ਕਰਨ ਦੀ ਸਿਫਾਰਸ਼ ਕੀਤੀ ਹੈ, ਉਨ੍ਹਾਂ 'ਚ ਧਾਰਾ 124 (ੲ), 133 ਅਤੇ ਧਾਰਾ 295 ਅਧੀਨ ਦੇਸ਼ ਧਰੋਹੀ, ਅਸਲਾ ਐਕਟ ਅਤੇ ਹੋਰਨਾਂ ਦੋਸ਼ਾਂ 'ਚ ਫੜੇ ਵਿਅਕਤੀ ਸ਼ਾਮਲ ਹਨ। ਕਮੇਟੀ ਨੇ ਇਨ੍ਹਾਂ ਸਿਫਾਰਸ਼ਾਂ ਦਾ ਮੁਖ ਆਧਾਰ ਦਸਦਿਆਂ ਕਿਹਾ ਹੈ ਕਿ ਬਹੁਤੇ ਦੋਸ਼ਾਂ ਵਿਚ ਪੁਲੀਸ ਸਬੂਤ ਪੇਸ਼ ਨਾ ਕਰ ਸਕੀ ਅਤੇ ਕਈ ਵਿਅਕਤੀ ਝੂਠੇ ਕੇਸਾਂ ਵਿਚ ਫਸਾਏ ਗਏ। ਸ਼ਾਇਦ ਇਹੀ ਕਾਰਨ ਸੀ ਕਿ ਬੈਂਸ ਕਮੇਟੀ ਨੇ ਇਹ ਕਿੰਤੂ ਪ੍ਰਗਟ ਕੀਤਾ ਸੀ ਕਿ ਪੁਥਲਸ ਸਿੰ ਸਹਿਯੋਗ ਨਹੀਂ ਦੇ ਰਹੀ ਅਤੇ ਘੋਖ ਕਰਨ ਵਿਚ ਰੁਕਾਵਟਾਂ ਪਾ ਰਹੀ ਹੈ। ਕ ਮੇਟੀ ਨੇ ਹੋਰ ਦੱਸਿਆ ਹੈ ਕਿ ਜਿਨ੍ਹਾਂ ਦੀ ਰਿਹਾਈ ਦੀ ਸਿਫਾਰਸ਼ ਕੀਤੀ ਗਈ ਹੈ ਉਨ੍ਹਾਂ ਵਿਚ 150 ਦੇ ਲਗਭਗ ਧਾਰਾ 302 (ਕਤਲ) ਦੇ ਕੇਸ ਸ਼ਾਮਲ ਹਨ, ਜੋ ਪੁਲਸੀ ਨੇ ਕਾਰਵਾਈ ਪਾਉਣ ਲਈ ਬੇਦੋਸ਼ਿਆਂ 'ਤੇ ਬਣਾਏ ਹੋਏ ਸਨ। 99 ਫੀਸਦੀ ਪੁਲੀਸ ਮੁਕਾਬਲੇ ਨਕਲੀ ਬਣਾਏ ਗਏ ਜਿਨ੍ਹਾਂ ਵਿਚ ਇਕ ਵੀ ਪੁਲਸ ਕਰਮਚਾਰੀ ਫੱਟੜ ਨਹੀਂ ਹੋਇਆ। ਅਤੇ ਅਜਿਹੇ ਦੋ ਸੌ ਦੇ ਲਗਭਗ ਪੁਲਸ ਮੁਕਾਬਲਿਆਂ ਦੇ ਬਹਾਨੇ ਫ ੜੇ ਵਿਅਕਤੀਆਂ ਨੂੰ ਰਿਹਾਅ ਕਰਨ ਦੀਹ ਸਿਫਾਰਸ਼ ਵੀ ਕੀਤੀ ਗਈ ਹੈ। ਧਾਰਾ 506, 293, 353 ਅਤੇ ਅਯੋਗ ਹਥਿਆਰ ਰੱਖਣ ਦੇ ਦੋਸ਼ਾਂ ਅਧੀਨ ਨਜ਼ਰਬੰਦ ਸਾਰੇ ਵਿਅਕਤੀਆਂ ਨੂੰ ਵੀ ਰਿਹਾਅ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਕਮੇਟੀ ਨੇ ਡਕੈਤੀ ਅਤੇ ਕਤਲ ਵਰਗੇ ਗੰਭੀਰ ਜ਼ੁਰਮਾਂ ਅਧੀਨ 220 ਨਜ਼ਰਬੰਦਾਂ ਦੀ ਰਿਹਾਈ ਦੀ ਸਿਫਾਰਸ਼ ਨਹੀਂ ਕੀਤੀ। ਹੁਣ 29 ਅਕਤੂਬਰ ਤੋਂ ਕਮੇਟੀ ਉਨ੍ਹਾਂ ਕੈਦੀਆਂ ਦੇ ਕੇਸਾਂ ਦੀ ਜਾਂਚ ਕਰ ਰਹੀ ਹੈ ਜਿਨ੍ਹਾਂ ਨੂੰ ਵੱਖ ਵੱਖ ਕੇਸਾਂ ਵਿਚ ਵਿਸ਼ੇਸ਼ ਅਦਾਲਤਾਂ ਨੇ 9 ਮਹੀਨੇ ਤੋਂ ਲੈ ਕੇ ਉਮਰ ਕੈਦ ਤਕ ਦੀਆਂ ਸਜ਼ਾਵਾਂ ਦਿਤੀਆਂ ਹੋਈਆਂ ਹਨ ਅਤੇ ਜਿਨ੍ਹਾਂ ਦੀ ਗਿਣਤੀ ਲਗਭਗ ਇਕ ਹਜ਼ਾਰ ਹੈ। ਸੋ ਦੋ ਲਵੰਬਰ 1985 ਤਕ ਪੰਜਾਬ ਸਰਕਾਰ ਨੇ ਬੈਂਸ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਕੁਲ 1031 ਵਿਅਕਤੀਆਂ ਨੂੰ ਰਿਹਾਅ ਕਰ ਦਿਤਾ ਹੈ। ਕੌਮੀ ਸੁਰੱਖਿਆ ਐਕਟ ਅਧੀਨ 224 ਨਜ਼ਰਬੰਦਾਂ ਵਿਚੋਂ ਲਗਭਗ ਪੰਜਾਹ ਵਿਅਕਤੀ ਰਿਹਾਅ ਕੀਤੇ ਜਾ ਚੁੱਕੇ ਹਨ।

## ਅਧਿਕਾਰ ਖੇਤਰ

ਨਜ਼ਰਬੰਦ ਨੌਜਵਾਨਾਂ ਦੀਆਂ ਤਿੰਨ ਕਿਸਮਾਂ ਹਨ। ਪਹਿਲੀ ਕਿਸਮ ਵਿਚ ਪੰਜਾਬ ਸਰਕਾਰ ਵਲੋਂ ਦਾਇਰ ਕੀਤੇ ਗਏ ਕੇਸ ਹਨ ਜਿਨ੍ਹਾਂ ਅਧੀਨ ਨੌਜਵਾਨਾਂ ਉਪਰ ਮੁਕੱਦਮੇ ਚਲ ਰਹੇ ਹਨ ਜਾਂ ਸਜ਼ਾ ਭੁਗਤ ਰਹੇ ਹਨ। ਇਨ੍ਹਾਂ ਵਿਚੋਂ ਕੁਝ ਨੌਜਵਾਨ ਬੈਂਸ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਰਿਹਾਅ ਵੀ ਕੀਤੇ ਜਾ ਚੁੱਕੇ ਹਨ। ਦੂਜੀ ਕਿਸਮ ਵਿਚ, ਕੇਂਦਰ ਸ ਸਰਕਾਰ ਵਲੋਂ ਦਾਇਰ ਕੀਤੇ ਕ ਕੇਸਾਂ ਅਧੀਨ ਨਜ਼ਰਬੰਦ ਨੌਜਵਾਨ ਹਨ ਜਿਵੇਂ ਜੋਧਪੁਰ ਜੇਲ੍ਹ ਵਿਚ 279 ਵਿਅਕਤੀ ਭਾਰਤ ਵਿਰੁਧ ਜੰਗ ਛੇੜਨ ਦੇ ਦੋਸ਼ ਅਧੀਨ ਨਜ਼ਰਬਬੰਦ ਹਨ। ਤੀਜੀ ਕਿਸਮ ਵਿਚ ਪੰਜਾਬੀ ਫੌਜੀ ਭਗੌੜੇ ਹਨ। ਸੋ ਸਵਾਲ ਪੈਦਾ ਹੁੰਦਾ ਹੈ ਕਿ ਕੀ ਪੰਜਾਬ ਸਰਕਾਰ ਪਿਛਲੀਆਂ ਦੋ ਕਿਸਮਾਂ ਦੇ ਨਜ਼ਰਬੰਦ ਨੌਜਵਾਨਾਂ ਦੀ ਰਿਹਾਈ ਸਬੰਧੀ ਕੋਈ ਕਾਰਗਰ ਨਿਰਣਾ ਲੈ ਸਕਦੀ ਹੈ? ਫੌਜੀ ਨੌਜਵਾਨਾਂ ਦੀ ਰਿਹਾਈ ਤਾਂ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੀ। ਇਨ੍ਹਾਂ ਦੀ ਰਿਹਾਈ ਸਬੰਧੀ, ਪੰਜਾਬ ਸਰਕਾਰ ਗੱਲਬਾਤ ਰਾਹੀਂ ਕੇਂਦਰ ਸਰਕਾਰ ਉਪਰ, ਹਮਦਰਦੀ ਨਾਲ ਵਿਚਾਰ ਕਰਨ ਲਈ ਦਬਾਉ ਹੀ ਪਾ ਸਕਦੀ ਹੈ। ਇਕ ਪਾਸੇ ਦੂਜੀ ਕਿਸਮ ਸਬੰਧੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 11 ਅਕਤੂਬਰ 1985 ਨੂੰ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ ਬੈਂਸ ਕਮੇਟੀ ਕੇਂਦਰ ਵਲੋਂ ਦਾਇਰ ਕੀਤੇ ਗਏ ਕੇਸਾਂ ਉਤੇ ਗੌਰ ਨਹੀਂ ਕਰ ਸਕਦੀ ਅਤੇ ਜਿਨ੍ਹਾਂ ਲੋਕਾਂ ਵਿਰੁੱਧ ਦੇਸ਼ ਦੇ ਵਿਰੁਧ ਜੰਗ ਛੇੜਨ ਦੇ ਦ ਦੋਸ਼ ਹਨ ਉਨ੍ਹਾਂ ਨੂੰ ਪੰਜਾਬ ਸਰਕਾਰ ਰਿਹਾਅ ਨਹੀਂ ਕਰ ਸਕਦੀ। ਅਤੇ ਜਿਹੜੇ ਦੇਸ਼ ਧਰੋਹ ਦੇ ਦੋਸ਼ੀ ਪਾਏ ਜਾਣਗੇ, ਉਨ੍ਹਾਂ ਨਾਲ ਕੋਈ ਨਰਮੀ ਨਹੀਂ ਵਰਤੀ ਜਾਵੇਗੀ। ਦੂਜੇ ਪਾਸੇ ਬੈਂਸ ਕਮੇਟੀ ਦਾ ਕਹਿਣਾ ਹੈ ਕਿ ਜੋਧਪੁਰ ਦੀ ਜੇਲ੍ਹ ਵਿਚਲੇ 379 ਨੌਜਵਾਨ ਬੇਗੁਨਾਹ ਹਨ ਅਤੇ ਉਨ੍ਹਾਂ ਦੇ ਕੇਸਾਂ 'ਤੇ ਵੀ ਕਮੇਟੀ ਨੂੰ ਵਿਚਾਰ ਕਰਨ ਦਾ ਅਧਿਕਾਰ ਹੈ। ਕਮੇਟੀ ਦੀ ਦਲੀਲ ਹੈ ਕਿ ਇਨ੍ਹਾਂ ਵਿਅਕਤੀਆਂ ਵਿਰੁਧ ਕੇਸ ਅੰਮ੍ਰਿਤਸਰ ਵਿਚ ਦਰਜ ਹੋਏ ਹਨ ਅਤੇ ਫੜੇ ਵੀ ਅੰਮ੍ਰਿਤਸਰ ਵਿਚੋਂ ਹੀ ਗਏ ਹਨ, ਇਸ ਲਈ ਇਨ੍ਹਾਂ ਦੇ ਕੇਸ ਵੀ ਕਮੇਟੀ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ। ਕਮੇਟੀ ਨੇ ਕਿਹਾ ਕਿ ਪੰਜਾਬ ਵਿਚ ਨਜ਼ਰਬੰਦਾਂ ਬਾਰੇ ਕੇਸਾਂ ਦੀ ਵਾਪਸੀ ਲਈ ਪੰਜਾਬ ਸਰਕਾਰ ਦਰਖਾਸਤ ਦੇ ਸਕਦੀ ਹੈ ਪਰ ਜਿਹੜੇ ਪੰਜਾਬ ਤੋਂ ਬਾਹਰ ਕੈਦ ਹਨ, ਉਨ੍ਹਾਂ ਦੀਆਂ ਦਰਖਾਸਤਾਂ ਕੇਂਦਰ ਰਾਹੀਂ ਹੀ ਦੇਣੀਆਂ ਪੈਣਗੀਆਂ। ਕਮੇਟੀ ਨੇ ਪੰਜਾਬ ਸਰਕਾਰ ਨੂੰ ਸੁਝਾਅ ਦਿਤਾ ਹੈ ਕਿ ਜੋਧਪੁਰ ਦੀ ਜੇਲ੍ਹ ਵਿਚ ਨਜ਼ਰਬੰਦ ਸਿਖ ਨੌਜਵਾਨਾਂ ਦੀ ਰਿਹਾਈ ਦਾ ਮਾਮਲਾ ਕੇਂਦਰ ਪਾਸ ਉਠਾਏ। ਪੰਜਾਬ ਦੇ ਲੋਕਾਂ ਵਲੋਂ ਇਸ ਸਿਫਾਰਸ਼ ਦਾ ਸਵਾਗਤ ਕੀਤਾ ਗਿਆ। ਸੰਯੁਕਤ ਅਕਾਲੀ ਦਲ, ਨਕਸਲੀ ਜਥੇਬੰਦੀਆਂ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਆਦਿ ਜਥੇਬੰਦੀਆਂ ਨੇ ਬਰਨਾਲਾ ਸਰਕਾਰ ਉਪਰ ਜ਼ੋਰ ਪਾਇਆ ਹੈ ਕਿ ਬੈਂਸ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਜੋਧਪੁਰ ਵਿਚਲੇ 379 ਨੌਜਵਾਨਾਂ ਦੀ ਰਿਹਾਈ ਲਈ ਪੰਜਾਬ ਸਰਕਾਰ ਕੇਂਦਰ ਨਾਲ ਰਾਬਤਾ ਕਾਇਮ ਕਰ ਕਰੇ। ਉਨ੍ਹਾਂ ਅਨੁਸਾਰ ਇਹ ਰਾਜ ਦਾ ਵਿਸ਼ਾ ਹੈ ਤੇ ਇਸ ਸਬੰਧੀ ਘੋਖ ਕਰਨ ਦਾ ਰਾਜ ਸਰਕਾਰ ਨੂੰ ਪੂਰਾ ਪੂਰਾ ਹੱਕ ਹੈ। ਇਨ੍ਹਾਂ ਵਿਚ ਬਹੁਤੇ ਨਜ਼ਰਬੰਦ ਉਹ ਹਨ ਜੋ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਅਤੇ ਉਨ੍ਹਾਂ ਨੇ ਹੱਥ ਖੜੇ ਕਰਕੇ ਗ੍ਰਿਫਤਾਰੀ ਕ ਦਿਤੀ। 29 ਅਕਤੂਬਰ 1985 ਨੂੰ ਸ. ਬਰਨਾਲਾ ਨੇ ਪੰਜਾਬ ਅਸੈਂਬਲੀ ਵਿਚ ਇਕ ਧਿਆਨ ਦਿਵਾਊ ਮਤੇ ਦਾ ਉਤਰ ਦੇਂਦਿਆਂ ਕਿਹਾ ਕਿ ਜੋਧਪੁਰ ਜੇਲ੍ਹ ਵਿਚ ਨਜ਼ਰਬੰਦਾਂ ਦੀ ਰਿਹਾਈ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੀ ਅਤੇ ਅਸੀਂ ਇਸ ਸਬੰਧ ਵਿਚ ਕੋਈ ਕਾਰਵਾਈ ਕਰਨ ਤੋਂ ਅਸਮਰਥ ਹਾਂ। ਕਿਉਂਕਿ ਇਹ ਕੇਸ ਭਾਰਤੀ ਫੌਜ ਦੇ 350 ਇਨਫੈਂਟਰੀ ਬ੍ਰਿਗੇਡ ਦੇ ਕਮਾਂਡਰ ਦੀ ਰਿਪੋਰਟ 'ਤੇ ਦਰਜ ਹੋਇਆ ਸੀ। ਸ. ਬਰਨਾਲਾ ਨੇ ਅੱਗੇ ਕਿਹਾ ਕਿ ਸੀ. ਬੀ. ਆਈ. ਨੇ ਇਨ੍ਹਾਂ ਕੇਸਾਂ ਦੀ ਜਾਂਚ ਕਰਕੇ ਇਹ ਕੇਸ ਵਿ ਸ਼ੇਸ਼ ਅਦਾਲਤ ਅੱਗੇ ਪੇਸ਼ ਕੀਤੇ ਤੇ ਇਸ ਏਜੰਸੀ ਨੂੰ ਹੀ ਇਹ ਕੇਸ ਵਾਪਸ ਲੈਣ ਦਾ ਅਧਿਕਾਰ ਹੈ। ਪਰ ਅਗਲੇ ਦਿਨ ਖਜ਼ਾਨਾ ਮੰਤਰੀ ਸ. ਬਲਵੰਤ ਸਿੰਘ ਨੇ ਪੰਜਾਬ ਵਿਧਾਨ ਸਭਾ ਵਿਚ

(ਬਾਕੀ ਪੰਨਾ 15 ਤੇ)

**BUYING & SELLING**

Farms—Home—Lots
& Commercial Properties

Bus. 877-1138
Pager 667-0868



**BEST CHOICE REALTY LTD.**
1331 Kingsway, Vancouver, B.C. V5V 3E3
(24 HRS) PHONE: 877-1138

KULDIP [KAL] RANGI
RES: 278-8320

**Woods Auto Body**
530 Victoria St. NEW WESTMINSTER, B.C.
Collision Repairs & Painting
14 Year's experienced persons



We Serve :
■ Free Estimates ■ I.C.B.C. Claims ■ Rust Repairs
■ Glass installations
All work is guranteed
Come and see
more information : Call

Gurdip [Gordy] Mutti
Ph. Bus. 521-6730
Res. 521-2184



Kuldip S. Jhand

**WHEATON PONTIAC BUICK GMC LTD.**
ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ
ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ
ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ
Bus. 526-2781
Res. 524-4137
Pager 687-7711 #7610
SUPER BUYS
325 - 12th St., New Westminster, B.C.

**BOMBAY SWEETS**
**& Restaurants**
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
*Delicious Indian food*

# ਸਾ ਹਿ ਤ ਦ ਰ ਪ ਣ

## ਕਹਾਣੀ:

# ਝੁਟ-ਪੁਟਾ

**ਭੀਸ਼ਮ ਸਾਹਨੀ**

ਦੁੱਧ ਦੇ ਬੂਥ ਦੇ ਬਾਹਰ ਲੋਕਾਂ ਦੀ ਲੰਮੀ ਲਾਈਨ ਲੱਗੀ ਹੋਈ ਸੀ। ਦੋ ਦਿਨਾ ਬਾਅਦ ਦੁੱਧ ਮਿਲਣ ਦੀ ਆਸ ਬੱਝੀ ਸੀ ਤੇ ਲੋਕ ਕਾਹਲੀ-ਕਾਹਲੀ ਆਉਣ ਲੱਗੇ ਸਨ, ਤੇ ਲਾਈਨ ਲੰਮੀ ਹੁੰਦੀ ਚਲੀ ਗਈ ਸੀ। ਵੇਖਦੇ-ਵੇਖਦੇ ਉਸ ਦਾ ਦੂਜਾ ਸਿਰਾ ਪਾਰਕ ਤਕ ਜਾ ਪਹੁੰਚਿਆ ਸੀ। ਲੋਕ ਚੁੱਪ ਸਨ। ਲੰਮੀ ਲਾਈਨ ਦੇ ਬਾਵਜੂਦ ਮਾਹੌਲ ਵਿਚ ਸੰਨਾਟਾ ਸੀ ਕੱਲ੍ਹ ਦੁੱਧ ਨਹੀਂ ਸੀ ਆਇਆ। ਕੱਲ੍ਹ ਸਬਜ਼ੀ ਵਾਲੇ ਦੀ ਦੁਕਾਨ ਦੇ ਬਾਹਰ ਵੀ ਦਿਨ ਭਰ ਟਾਟ ਦਾ ਪਰਦਾ ਟੰਗਿਆ ਰਿਹਾ ਸੀ। ਮੱਖਣ-ਡਬਲ ਰੋਟੀ ਦੀਆਂ ਦੁਕਾਨਾਂ ਵੀ ਕੁਝ ਚਿਰ ਲਈ ਖੁੱਲ੍ਹੀਆਂ ਸਨ ਤੇ ਫੇਰ ਬੰਦ ਹੋ ਗਈਆਂ ਸਨ।

ਕੱਲ੍ਹ ਤਾਂ ਗੱਲ ਹੀ ਵਖਰੀ ਸੀ। ਕੱਲ੍ਹ ਤਾਂ ਲੁੱਟ-ਮਾਰ ਤੇ ਅੱਗ ਲਗਣ ਦੀਆਂ ਵਾਰਦਾਤਾਂ ਹੁੰਦੀਆਂ ਰਹੀਆਂ ਸਨ। ਇਸ ਵੇਲੇ ਸਵੇਰ ਦਾ ਝੁਟਪੁਟਾ ਸੀ, ਤੇ ਕੱਲ੍ਹ ਦੀਆਂ ਘਟਨਾਵਾਂ ਦੇ ਨਿਸ਼ਾਨ ਸਾਫ ਵਖਾਈ ਦੇ ਰਹੇ ਸਨ। ਬੂਥ ਤੋਂ ਕੁ'ਝ ਹਟ ਕੇ, ਐਨ ਚੁਰਾਹੇ ਦੇ ਵਿਚਕਾਰ, ਇਕ ਜਲੀ ਹੋਈ ਮੋਟਰ ਦਾ ਕਾਲਾ ਜਿਹਾ ਕੁਰੰਗ ਪਿਆ ਸੀ। ਜਲਾਉਣ ਵਾਲੇ ਉਸੀਂ ਨੂੰ, ਅੱਗ ਲਾਉਣ ਵੇਲੇ, ਸੱਜੇ ਪਾਸੇ ਵਲ ਉਲਟ ਗਏ ਸਨ, ਜਿਸ ਨਾਲ ਉਹ ਹੋਰ ਵੀ ਕੋਝਾ ਤੇ ਭਿਆਨਕ ਲਗ ਰਿਹਾ ਸੀ। ਇਸ ਵੇਲੇ ਦੁਕਾਨ ਕਿਸੇ ਖੋਹ ਵਾਂਗ ਨਜ਼ਰ ਆ ਰਹੀ ਸੀ। ਲਾ ਸਾਈਨ-ਬੋਰਡ ਦਾ ਇਕ ਸਿਰਾ ਟੁੱਟ ਕੇ ਥੱਲੇ ਵੱਲ ਲਟਕ ਰਿਹਾ ਸੀ, ਤੇ ਅੰਦਰ ਟੁੱਟੀਆਂ-ਭੁੱਟੀਆਂ ਅਲਮਾਰੀਆਂ ਮਲਬੇ ਦਾ ਢੇਰ ਬਣੀਆਂ ਹੋਈਆਂ ਸਨ। ਬੜਾ ਬੇਤੁਕਾ ਜਿਹਾ ਲਗ ਰਿਹਾ ਸੀ। ਭਲਾ ਕੋਈ ਦਵਾਈਆਂ ਵੀ ਲੁਟਦਾ ਹੈ?

ਪ੍ਰੋਫੈਸਰ ਕਨ੍ਹਈਆ ਲਾਲ ਵੀ ਲਾਈਨ ਵਿਚ ਡੋਲਚੀ ਚੁੱਕੀ ਖੜਾ ਸੀ ਤੇ ਸੋਚ ਰਿਹਾ ਸੀ ਕਿ ਕਿਵੇਂ ਇਕੋ, ਦਿਨ ਵਿਚ ਮੁਹੱਲੇ ਦਾ ਮਾਹੌਲ ਬਦਲ ਗਿਆ ਹੈ। ਉਂਜ ਸੰਨਾਟਾ ਤਾਂ ਸੜਕਾਂ 'ਤੇ ਕੱਲ੍ਹ ਸਵੇਰ ਤੋਂ ਹੀ ਛਾ ਗਿਆ ਸੀ ਪਰ ਫੇਰ ਵੀ ਇਕੱਾ-ਦੁੱਕਾ ਆਦਮੀ ਆ-ਜਾ ਰਹੇ ਸਨ, ਤੇ ਕੁਝ ਇਕ ਦੁਕਾਨਾਂ ਵੀ ਖੁੱਲ੍ਹੀਆਂ ਹੋਈਆਂ ਸਨ। ਕਨ੍ਹਈਆ ਲਾਲ ਖੁਦ ਇਕ ਦੁਕਾਨ ਤੋਂ ਸੌਦਾ-ਸੁਲਫ ਲਿਆਇਆ ਸੀ। ਹਵਾ ਵਿਚ ਬੇਯਕੀਨੀ ਫੈਲੀ ਹੋਈ ਸੀ, ਤੇ ਦੁਕਾਨ ਦੇ ਕਾਰਿੰਦੇ ਨੇ ਵੀ ਕਿਹਾ ਸੀ:

"ਹੋਰ ਵੀ ਕੁਝ ਲੈਣੈ, ਤਾਂ ਹੁਣੇ ਲੈ ਲਓ; ਕੀ ਪਤਾ ਦੁਕਾਨਾਂ ਫੇਰ ਕਦ ਖੁੱਲ੍ਹਣ।"

"ਕਿਉਂ, ਕੀ ਗੱਲ ਏ? ਕਿਸੇ ਗਲ ਦਾ ਅੰਦੇਸ਼ਾ ਏ?"

"ਕੀ ਪਤਾ, ਕੁਝ ਵੀ ਹੋ ਸਕਦੈ।"

ਇਸ ਤੋਂ ਕੁਝ ਹੀ ਚਿਰ ਪਿਛੋਂ ਦੁਕਾਨਾਂ ਬੰਦ ਹੋਣ ਲਗੀਆਂ ਸਨ। ਲਗਭਗ ਦਸ ਵਜੇ ਸੁਣਨ ਵਿਚ ਆਇਆ ਸੀ ਕਿ ਪਿਛਲੀ ਬਸਤੀ ਵਿਚ ਅੱਗ ਲਗੀ ਹੈ। ਸ਼ਾਇਦ ਇਸ ਦੀ ਭਿਣਕ ਦੁਕਾਨਦਾਰਾਂ ਨੂੰ ਪਹਿਲਾਂ ਤੋਂ ਪੈ ਗਈ ਸੀ। ਤਦੇ ਬੱਚੀਆਂ-ਖੁਚੀਆਂ ਦੁਕਾਨਾਂ ਵੀ ਅਚਾਨਕ ਬੰਦ ਹੋ ਗਈਆਂ ਸਨ। ਕਨ੍ਹਈਆ ਲਾਲ ਆਪਣੇ ਘਰ ਦੀ ਛੱਤ 'ਤੇ ਇਹ ਵੇਖਣ ਲਈ ਚੜ੍ਹ ਗਿਆ ਸੀ ਕਿ ਅੱਗ ਕੀ ਸੱਚਮੁੱਚੀਂ ਲਗੀ ਸੀ, ਜਾਂ ਐਵੇਂ ਅਫਵਾਹ ਹੀ ਫੈਲੀ ਸੀ। ਤੇ ਉਸ ਨੇ ਵੇਖਿਆ ਕਿ ਅੱਗ ਇਕ ਥਾਂ ਨਹੀਂ, ਕਈ ਥਾਈਂ ਲੱਗੀ ਸੀ। ਕਰੋਲ ਬਾਗ ਵਲੋਂ ਤਿੰਨਾ ਥਾਵਾਂ ਤੋਂ ਧੂੰਆਂ ਉਠ ਰਿਹਾ ਸੀ, ਇਕ ਥਾਂ ਤਾਂ ਸੰਘਣਾ ਕਾਲਾ ਧੂੰਆਂ ਸੀ, ਜੋ ਉਤਾਂਹ ਉਠ ਜਾਣ 'ਤੇ ਵੀ ਖਿੰਡਰ ਨਹੀਂ ਸੀ ਰਿਹਾ।

ਥਾਂ-ਥਾਂ ਤੋਂ ਉਠਦੇ ਧੂੰਏਂ ਨੂੰ ਵੇਖ ਕੇ ਕਨ੍ਹਈਆ ਲਾਲ ਦੇ ਦਿਲ ਵਿਚ ਸ਼ੱਕ ਜਿਹਾ ਹੋਇਆ ਸੀ, ਤੇ ਫੇਰ ਜਿਵੇਂ ਉਸ ਦੇ ਦਿਮਾਗ ਵਿਚ ਜੜਤਾ ਜਹੀ ਆ ਗਈ ਸੀ। ਇਸ ਤੋਂ ਵਧ ਉਸ ਦਾ ਪ੍ਰਤੀਕਰਮ ਨਹੀਂ ਸੀ ਹੋਇਆ। ਉਸ ਨੂੰ ਵੀ ਲੱਗਾ, ਜਿਵੇਂ ਉਹ ਕੀਲਿਆ ਹੋਇਆ ਉਸ ਦ੍ਰਿਸ਼ ਨੂੰ ਵੇਖੀ ਜਾ ਰਿਹਾ ਹੈ। ਉਸ ਨੇ ਪਹਿਲਾਂ ਵੀ ਕਈ ਵਾਰ ਅੱਗ ਦੀਆਂ ਉਠਦੀਆਂ ਹੋਈਆਂ ਲਾਟਾਂ ਵੇਖੀਆਂ ਸਨ — ਅਜਿਹੀਆਂ ਲਾਟਾਂ ਵੀ, ਜਿਨ੍ਹਾਂ ਨਾਲ ਅੱਧਾ ਅਸਮਾਨ ਲਾਲ ਹੋ ਉਠੇ। ਬਾਅਦ ਵਿਚ ਉਹਨਾਂ ਨੂੰ ਯਾਦ ਕਰਕੇ ਉਹ ਡਰ ਵੀ ਮਹਿਸੂਸ ਕਰਿਆ ਕਰਦਾ ਸੀ। ਪਰ ਉਸ ਵੇਲੇ ਤਾਂ ਉਸ ਦੇ ਸੁੰਨੇ ਹੋਏ ਦਿਮਾਗ ਵਿਚ ਇਕੋ ਗੱਲ ਵਾਰ-ਵਾਰ ਉਠ ਰਹੀ ਸੀ: ਦਿਨ ਨੂੰ ਲਾਈ ਗਈ ਅੱਗ ਤੇ ਰਾਤ ਨੂੰ ਲਾਈ ਗਈ ਅੱਗ ਵਿਚ ਬੜਾ ਫਰਕ ਹੁੰਦਾ ਹੈ। ਦਿਨ ਨੂੰ ਲਾਈ ਗਈ ਅੱਗ ਬੜੀ ਭਿਆਨਕ ਨਜ਼ਰ ਆਉਂਦੀ ਹੈ। ਰਾਤ ਦੀ ਅੱਗ ਵਿਚ ਧੂੰਆਂ ਨਜ਼ਰ ਨਹੀਂ ਆਉਂਦਾ, ਸਿਰਫ ਸਿਸਕਦੀ ਅੱਗ ਦਾ ਚਾਨਣ ਤੇ ਸੱਪਾਂ ਵਾਂਗ ਉਤਾਂਹ ਉਠਦੀਆਂ ਲਿਸ਼ਕਦੀਆਂ ਲਾਟਾਂ ਨਜ਼ਰ ਆਉਂਦੀਆਂ ਹਨ, ਤੇ ਅਸਮਾਨ ਲਾਲ ਹੋਣ ਲਗਦਾ ਹੈ। ਦਿਨ ਵੇਲੇ ਧੂੰਆਂ ਵਧੇਰੇ ਨਜ਼ਰ ਆਉਂਦਾ ਹੈ, ਤੇ ਅੱਗ ਦੀਆਂ ਲਾਟਾਂ ਧੂੰਏਂ ਦੇ ਬਦਲਾਂ ਵਿਚ ਗਵਾਚੀਆਂ ਰਹਿੰਦੀਆਂ ਹਨ। ਕਈ ਮਕਾਨਾਂ ਦੀਆਂ ਛੱਤਾਂ 'ਤੇ ਲੋਕ ਖੜੋਤੇ ਸਨ। ਸਿਰਫ ਸਿੱਖ ਪਰਵਾਰਾਂ ਦੇ ਘਰਾਂ ਦੀਆਂ ਛੱਤਾਂ ਖਾਲੀ ਸਨ, ਤੇ ਛੱਜੇ ਵੀ ਖਾਲੀ ਸਨ। ਕਨ੍ਹਈਆ ਲਾਲ ਦੀਆਂ ਅੱਖਾਂ ਨੇ ਇਹ ਵੀ ਵੇਖਿਆ। ਗੱਲ ਉਸ ਦੇ ਮਨ ਵਿਚ ਬੈਠ ਗਈ, ਪਰ ਉਸ ਦਾ ਕੋਈ ਖਾਸ ਪ੍ਰਤੀਕਰਮ ਨਹੀਂ ਹੋਇਆ

ਜਦ ਤੋਂ ਇਹ ਘਟਨਾ-ਚੱਕਰ ਸ਼ੁਰੂ ਹੋਇਆ ਸੀ — ਲਗਭਗ ਤਿੰਨ ਸਾਲ ਪਹਿਲਾਂ ਤੋਂ — ਉਦੋਂ ਤੋਂ ਹੌਲੀ-ਹੌਲੀ ਉਸ ਦੇ ਦਿਮਾਗ ਵਿਚ ਜੜਤਾ ਆਉਣ ਲਗੀ ਸੀ। ਸ਼ੁਰੂ-ਸ਼ੁਰੂ ਵਿਚ ਉਹ ਬੜਾ ਬੇਚੈਨ ਮਹਿਸੂਸ ਕਰਿਆ ਕਰਦਾ ਸੀ। ਸਹੀ ਕੌਣ ਹੈ ਤੇ ਗਲਤ ਕੌਣ, ਇਸ ਦਾ ਅੰਦਾਜ਼ਾ ਵੀ ਉਹ ਆਪਣੀ ਸਮਰੱਥਾ ਅਨੁਸਾਰ ਲਾ ਲਿਆ ਕਰਦਾ ਸੀ। ਉਹ ਬਹਿਸਾਂ ਵੀ ਕਰਦਾ ਤੇ ਬੇਚੈਨ ਵੀ ਹੁੰਦਾ, ਪਰ ਹੌਲੀ-ਹੌਲੀ ਉਸ ਦੇ ਮਨ ਵਿਚ ਖਾਲੀਪਨ ਜਿਹਾ ਭਰਨ ਲਗਾ ਸੀ, ਤੇ ਉਸ ਨੂੰ ਲਗਦਾ ਸੀ, ਜਿਵੇਂ ਕੁਝ ਹੈ, ਜੋ ਫੜਿਆ ਨਹੀਂ ਜਾ ਰਿਹਾ, ਜੋ ਹੱਥਾਂ 'ਚੋਂ ਛੁਟਦਾ ਜਾ ਰਿਹਾ ਹੈ। ਕਿਤੇ ਕੁਝ ਫੁੱਟ ਪਿਆ ਹੈ, ਜੋ ਕਾਬੂ ਵਿਚ ਨਹੀਂ ਆ ਰਿਹਾ ਹੈ। ਤਦੇ ਉਹ ਚੁਪ ਕੀਤਾ ਸਿਰ ਹਿਲਾਉਂਦਾ ਰਿਹਾ। ਉਸ ਦੀ ਧਾਰਣਾ ਕਿਤੇ ਟਿਕਣ ਵੀ ਲਗਦੀ, ਤਾਂ ਦਲੀਲਾਂ ਦੇ ਇਕੋ ਥਪੇੜੇ ਵਿਚ ਉਹ ਰੇਤ ਦੀ ਕੰਧ ਵਾਂਗ ਢਹਿ ਢੇਰੀ ਹੋ ਜਾਂਦੀ। ਬਸ, ਏਨਾਂ ਹੀ ਰਹਿ ਗਿਆ ਸੀ ਕਿ ਜਦ ਕੋਈ ਰੁਮਾਂਚਕ ਘਟਨਾ ਵਾਪਰਦੀ, ਤਾਂ ਉਹ ਸਿਰ ਹਿਲਾ ਕੇ ਕਹਿੰਦਾ:

"ਬਹੁਤ ਬੁਰਾ ਹੋਇਆ। ਚ-ਚ-ਚ..... ਬਹੁਤ ਬੁਰਾ ਹੋਇਆ। ਇੰਜ ਨਹੀਂ ਸੀ ਹੋਣਾ ਚਾਹੀਦਾ।"

ਇਸ ਤੋਂ ਅੱਗੇ ਉਸ ਦਾ ਦਿਮਾਗ ਕੰਮ ਨਹੀਂ ਸੀ ਕਰ ਪਾਉਂਦਾ। ਜਾਂ ਫੇਰ ਦਿਮਾਗੀ ਉਧੇੜਨ ਬੁਨ ਸ਼ੁਰੂ ਹੋ ਜਾਂਦੀ ਸੀ।

ਲਗਭਗ ਦੋ ਵਜੇ ਲੱਠਬਾਜ਼ਾਂ ਦੀ ਇਕ ਜੁੰਡਲੀ ਮੁਹੱਲੇ ਵਿਚ ਵੜੀ ਸੀ। ਉਹ ਲੋਕ ਮੋਤੀ ਨਗਰ ਵਲੋਂ ਆਏ ਸਨ। ਉਹਨਾਂ ਨੇ ਲਾਠੀਆਂ ਤੇ ਲੋਹੇ ਦੀਆਂ ਲੰਮੀਆਂ-ਲੰਮੀਆਂ ਸੀਖਾਂ ਚੁੱਕੀਆਂ ਹੋਈਆਂ ਸਨ। ਉਸ ਵੇਲੇ ਕਨ੍ਹਈਆ ਲਾਲ ਮੁਹੱਲੇ ਦੇ ਕੁੱਝ ਲੋਕਾਂ ਦੇ ਨਾਲ ਬਾਹਰ ਚੌਕ ਵਿਚ ਖੜਾ ਸੀ। ਉਹ ਲੋਕ ਸਿੱਧੀ ਸੜਕ ਛੱਡ ਕੇ ਖੱਬੇ ਪਾਸੇ ਵਲ ਮੁੜ ਗਏ ਸਨ ਤੇ ਅੱਖਾਂ ਤੋਂ ਓਝਲ ਹੋ ਗਏ ਸਨ। ਉਹਨਾਂ ਦੇ ਓਝਲ ਹੋ ਜਾਣ 'ਤੇ ਚੌਕ ਵਿਚ ਖੜੇ ਲੋਕ ਕਿਆਸ ਲਾਉਣ ਲਗੇ ਸਨ ਕਿ ਉਹ ਕਿਸ ਮਕਾਨ 'ਤੇ ਹਮਲਾ ਕਰਨ ਗਏ ਹੋਣਗੇ।

ਉਹ ਹਲਵਾਈ ਦੀ ਦੁਕਾਨ ਸੀ। ਇਹੋ ਬਹੁਤ ਸਾਰੇ ਲੋਕਾਂ ਦਾ ਕਿਆਸ ਵੀ ਸੀ। ਇਸ ਦਾ ਪਤਾ ਧੂੰਏਂ ਦੇ ਉਸ ਵਾਵਰੋਲੇ ਤੋਂ ਲਗ ਗਿਆ ਸੀ, ਜੋ ਉਧਰੋਂ ਛੇਤੀ ਹੀ ਉਠਣ ਲਗਾ ਸੀ।

ਤਰ੍ਹਾਂ-ਤਰ੍ਹਾਂ ਦੀਆਂ ਟਿਪਣੀਆਂ ਕਨ੍ਹਈਆ ਲਾਲ ਦੇ ਕੰਨਾਂ ਵਿਚ ਪੈ ਰਹੀਆਂ ਸਨ:

"ਮੈਂ ਕੱਲ੍ਹ ਰਾਤੀਂ ਹੀ ਕਿਹਾ ਸੀ ਕਿ ਗੜਬੜ ਹੋਵੇਗੀ, ਮੁਹੱਲੇ ਦੀ ਇਕ ਕਮੇਟੀ ਬਣਾ ਲਓ। ਜਦ ਗੁੰਡੇ ਆਉਣ, ਤਾਂ ਉਹਨਾਂ ਨੂੰ ਮੁਹੱਲੇ ਵਿਚ ਹੀ ਨਾ ਵੜਣ ਦਿਓ।"

ਇਹ ਮਲਹੋਤਰਾ ਸੀ, ਚੌਥੇ ਬਲਾਕ ਵਾਲਾ। ਇਸ 'ਤੇ ਕੋਈ ਨਹੀਂ ਬੋਲਿਆ।

"ਇਹਨਾਂ ਸਰਦਾਰਾਂ ਨੂੰ ਇਕ ਚਪੇੜ ਤਾਂ ਪੈਣੀ ਹੀ ਚਾਹੀਦੀ ਏ।"

ਕੋਈ ਦੂਜਾ ਆਦਮੀ ਕਹਿ ਰਿਹਾ ਸੀ। "ਉਹਨਾਂ ਨੇ ਅਤਿ ਚੁਕ ਰਖੀ ਸੀ।"

ਇਸ 'ਤੇ ਵੀ ਕੋਈ ਨਹੀਂ ਬੋਲਿਆ।

ਕ੍ਰਿਸ਼ਨ ਲਾਲ ਦੀ ਬੁੱਢੀ ਮਾਂ ਕਿਤਿਓਂ ਤੁਰੀ ਆ ਰਹੀ ਸੀ। ਚੌਕ ਕੋਲ ਖੜੋਤੀ ਮੰਡਲੀ ਕੋਲੋਂ ਲੰਘਦਿਆਂ ਬੋਲੀ:

"ਵੇ ਜੀਣ ਜੋਗਿਓ, ਇਹਨਾਂ ਨੂੰ ਰੋਕ ਦਿਓ।"

ਪਰ ਕਿਸੇ ਨੇ ਜਵਾਬ ਨਹੀਂ ਦਿਤਾ। ਇਸ 'ਤੇ ਬੁੱਢੀ ਖੜੋ ਗਈ। "ਮੇਰਾ ਦਿਲ ਥਰ-ਥਰ ਕੰਬਦਾ ਏ। ਮੇਰੇ ਤਿੰਨੋਂ ਪੁੱਤਰ ਅੰਮ੍ਰਿਤਸਰ 'ਚ ਨੇ। ਏਥੇ ਤੁਸੀਂ ਸਿੱਖਾਂ ਨੂੰ ਬਚਾਓਗੇ, ਤਾਂ ਕੋਈ ਮਾਈ ਦਾ ਲਾਲ ਉਥੇ ਮੇਰੇ ਬੱਚਿਆਂ ਨੂੰ ਵੀ ਬਚਾਏਗਾ।"

ਫੇਰ ਵੀ ਕਿਸੇ ਨੇ ਜਵਾਬ ਨਹੀਂ ਦਿਤਾ।

ਇਕ ਜ਼ਮਾਨਾ ਸੀ, ਜਦ ਕਿਤੇ ਵੀ ਝਗੜਾ ਹੋ ਜਾਣ 'ਤੇ ਕਨ੍ਹਈਆ ਲਾਲ ਉਸ ਵਿਚ ਕੁੱਦ ਪੈਂਦਾ ਸੀ ਤੇ ਲੜਨ ਵਾਲਿਆਂ ਨੂੰ ਛੁੜਾ ਦਿੰਦਾ ਸੀ। ਪਰ ਅੱਜ ਉਸ ਦੇ ਪੈਰ ਉਠ ਹੀ ਨਹੀਂ ਸਨ ਰਹੇ। ਉਹ ਅੱਖਾਂ ਟੱਡੀ ਸਿਰਫ ਵੇਖੀ ਜਾ ਰਿਹਾ ਸੀ। ਤੇ ਸਿਰਫ ਇਕੋ ਫਿਕਰਾ ਮਨ ਵਿਚ ਮੁੜ-ਮੁੜ ਉਠ ਰਿਹਾ ਸੀ:

"ਬਹੁਤ ਬੁਰਾ ਹੋ ਰਿਹਾ ਏ। ਬਹੁਤ ਬੁਰੀ ਗੱਲ ਏ। ਬਹੁਤ ਬੁਰਾ ..."

ਤਦੇ ਲਠਬਾਜ਼ਾਂ ਦੀ ਜੁੰਡਲੀ ਮੁੜ ਕੇ ਸੜਕ 'ਤੇ ਆ ਗਈ ਸੀ ਤੇ ਮਸਤੀ ਵਿਚ ਝੂਮਦੀ ਹੋਈ ਅਗੇ ਵਧ ਰਹੀ ਸੀ। ਦਵਾਈਆਂ ਦੀ ਦੁਕਾਨ ਦੇ ਸਾਹਮਣੇ ਉਹ ਲੋਕ ਰੁਕ ਗਏ। ਸਓਲੇ ਰੰਗ ਦਾ ਇਕ ਲੰਮਾ ਮੁੰਡਾ, ਜਿਸ ਦੇ ਹੱਥ ਵਿਚ ਲੋਹੇ ਦੀ ਲੰਮੀ ਸੀਖ ਸੀ, ਸਭ ਤੋਂ ਪਹਿਲਾਂ ਦੁਕਾਨ ਵਲ ਵਧਿਆ ਤੇ ਉਸ ਨੇ ਸਾਈਨ ਬੋਰਡ 'ਤੇ ਵਾਰ ਕੀਤਾ। ਇਕੋ ਵਾਰ ਵਿਚ ਸਾਈਨ ਬੋਰਡ ਦਾ ਸਿਰਾ ਟੁਟ ਗਿਆ ਤੇ ਉਹ ਥੱਲੇ ਵੱਲ ਲਟਕ ਗਿਆ। ਫੇਰ ਬਾਕੀ ਲੋਕ ਸਰਗਰਮ ਹੋ ਗਏ। ਬੂਹਾ ਟੁੱਟਾ, ਤਾਂ ਉਹ ਬੜੇ ਆਰਾਮ ਨਾਲ ਦੁਕਾਨ ਦੇ ਅੰਦਰ ਜਾਣ ਲੱਗੇ, ਤੇ ਜੋ ਕੁਝ ਹੱਥ ਲੱਗਾ ਚੁੱਕ ਕੇ ਹੱਸਦੇ-ਚਹਿਕਦੇ ਬਾਹਰ ਨਿਕਲਣ ਲੱਗੇ। ਕੋਈ ਹੜਬੜੀ ਨਹੀਂ ਸੀ, ਕੋਈ ਹੁੱਲੜ ਨਹੀਂ ਸੀ। — ਨਾ ਦੁਕਾਨ ਤੋੜਨ ਵਿਚ, ਨਾ ਉਸ ਨੂੰ ਲੁੱਟਣ ਵਿਚ। ਦੂਰ ਖੜੋਤੇ ਲੋਕ ਇੰਜ ਵੇਖ ਰਹੇ ਸਨ, ਜਿਵੇਂ ਮੇਲਾ ਵੇਖ ਰਹੇ ਹੋਣ। ਲੁੱਟ ਵਾਲੇ ਬੜੇ ਆਰਾਮ ਨਾਲ, ਇਕ-ਇਕ ਕਰਕੇ, ਜਿਵੇਂ ਲਾਈਨ ਬਣਾ ਕੇ ਲੁਟ ਰਹੇ ਸਨ। ਕਨ੍ਹਈਆ ਲਾਲ ਦੀ ਗਵਾਂਢਣ ਮੋਟੀ-ਠੁੱਲ੍ਹੀ ਸ਼ਿਆਮਾ ਵੀ ਟਹਿਲਦੀ ਹੋਈ ਉਥੇ ਜਾ ਪਹੁੰਚੀ ਤ ਸੀ ਤੇ ਪਾਊਡਰ ਦਾ ਵੱਡਾ ਸਾਰਾ ਡੱਬਾ ਚੁੱਕੀ ਹੱਸਦੀ-ਮੁਸਕਰਾਉਂਦੀ ਬਾਹਰ ਨਿਕਲ ਆਈ ਸੀ। ਰਾਹ ਵਿਚ ਉਸ ਨੂੰ ਆਪਣੀ ਧੀ ਮਿਲ ਗਈ ਸੀ, ਜਿਸ ਨੂੰ ਡਾਂਟਦਿਆਂ ਉਹ ਬੋਲੀ, "ਮਰ ਜਾਣੀਏ, ਭੱਜ ਕੇ ਜਾ। ਦੇਰ ਕਰੇਂਗੀ ਤਾਂ ਕੁਝ ਵੀ ਹੱਥ ਨਹੀਂ ਲੱਗਣਾ।" ਤੇ ਧੀ ਭਜਦੀ ਹੋਈ ਗਈ ਸੀ ਤੇ ਦੁਕਾਨ 'ਚੋਂ ਕੋਈ ਗੋਲੀਆਂ ਦੀ ਬੋਤਲ ਚੁੱਕ ਲਿਆਈ ਸੀ। ਸੜਕ 'ਤੇ ਕੋਈ ਤਣਾਅ ਨਹੀਂ ਸੀ। ਸਿਰਫ ਸਰਦਾਰ ਲੋਕ ਘਰਾਂ 'ਚੋਂ ਬਾਹਰ ਨਹੀਂ ਸਨ ਨਿਕਲੇ। ਉਹ ਸਾਰੇ ਘਰਾਂ ਵਿਚ ਚਲੇ ਗਏ ਸਨ।

'ਚਿੰਤਾ ਦੀ ਕੋਈ ਗੱਲ ਨਹੀਂ। ਦੁਕਾਨ ਵਾਲੇ ਨੂੰ ਬੀਮਾ-ਕੰਪਨੀ ਮੁਆਵਜ਼ਾ ਦੇ ਦਏਗੀ।"

ਚੁਰਾਹੇ ਤੇ ਖੜੇ ਦਰਸ਼ਕਾਂ 'ਚੋਂ ਇਕ ਬੋਲਿਆ ਸੀ। ਇਸ 'ਤੇ ਦੂਜੇ ਨੇ ਉਸ ਦਾ ਖੰਡਨ ਕਰਦਿਆਂ ਕਿਹਾ ਸੀ:

"ਨਹੀਂ, ਫਸਾਦ 'ਚ ਲੁੱਟਮਾਰ ਹੋਵੇ, ਤਾਂ ਉਸ ਦਾ ਮੁਆਵਜ਼ਾ ਕੰਪਨੀ ਨਹੀਂ ਦਿੰਦੀ।"

"ਕੀ ਪਤਾ, ਉਸ ਨੇ ਫਸਾਦ ਦਾ ਵੀ ਬੀਮਾ ਕਰਾ ਰਖਿਆ ਹੋਵੇ।"

ਇਸ 'ਤੇ ਕੁਝ ਲੋਕ ਹੱਸੇ।

ਤਦੇ ਕੁਝ ਲੋਕ ਦੁਕਾਨ 'ਚੋਂ ਇਕ ਅਲਮਾਰੀ ਘਸੀਟ ਕੇ ਸੜਕ ਵਿਚਕਾਰ ਲਿਆਏ ਤੇ ਵੇਖਦੇ-ਵੇਖਦੇ ਸੂ-ਸੂ ਕਰਦੀਆਂ ਅੱਗ ਦੀਆਂ ਲਾਟਾਂ ਉਸ 'ਚੋਂ ਨਿਕਲਣ ਲਗੀਆਂ। ਕੁਝ ਲੋਕ ਘੇਰਾ ਬੰਨ੍ਹ ਕੇ ਉਸ ਦੇ ਚੁਫੇਰੇ ਖੜੇ ਹੋ ਗਏ ਸਨ, ਜਿਵੇਂ ਲੋਹੜੀ ਬਾਲੀ ਗਈ ਹੋਵੇ। ਸਾਈਨ ਬੋਰਡ ਤੋੜਨ ਵਾਲਾ ਮੁੰਡਾ ਹਾਲੀ ਵੀ ਆਪਣੀ ਸੀਖ ਨਾਲ ਅਲਮਾਰੀ ਨੂੰ ਕੁੱਟ ਰਿਹਾ ਸੀ।

"ਦੁਕਾਨ ਸਰਦਾਰ ਦੀ ਏ, ਪਰ ਘਰ ਤਾਂ ਹਿੰਦੂ ਦਾ ਏ", ਤਮਾਸ਼ਬੀਨਾਂ 'ਚੋਂ ਇਕ ਆਦਮੀ ਬੋਲਿਆ। "ਏਸੇ ਲਈ ਅਲਮਾਰੀ ਬਾਹਰ ਖਿਚ ਲਿਆਏ ਨੇ।"

ਇਸ 'ਤੇ ਇਕ ਹੋਰ ਬੰਦੇ ਨੇ ਟਿੱਪਣੀ ਕੀਤੀ:

"ਏਧਰ ਪਿਛੇ ਡਰਾਈਕਲੀਨਰ ਦੀ ਦੁਕਾਨ ਨੂੰ ਅੱਗ ਨਹੀਂ ਲਾਈ?"

"ਕਿਉਂ?"

"ਕਿਉਂਕਿ ਉਸ ਵਿਚ ਇਕ ਸਿਖ ਤੇ ਇਕ ਹਿੰਦੂ ਦੋਵੇਂ ਭਾਈਵਾਲ ਨੇ।"

"ਇਹ ਵੀ ਚੰਗੀ ਕਹੀ!"

ਇਸ 'ਤੇ ਕੁਝ ਲੋਕ ਹੱਸੇ।

"ਪਿਛੇ, ਮੋਤੀ ਨਗਰ ਵਿਚ ਡਰਾਈਕਲੀਨਰ ਦੀ ਇਕ ਦੁਕਾਨ ਕਿਸੇ ਸਿਖ-ਸਰਦਾਰ ਦੀ ਏ। ਉਸ ਨੂੰ ਜਲਾਉਣ ਗਏ, ਤਾਂ ਕਿਸੇ ਨੇ ਕਿਹਾ, 'ਕੰਬਖਤੋ, ਦੁਕਾਨ ਸਿਖ ਦੀ ਏ, ਪਰ ਉਸ ਵਿਚ ਕਪੜੇ ਤਾਂ ਜ਼ਿਆਦਾਤਰ ਹਿੰਦੂਆਂ ਦੇ ਨੇ।" ਇਸ 'ਤੇ ਉਸ ਨੂੰ ਵੀ ਛਡ ਦਿਤਾ।"

ਬਗਲ ਵਾਲੀ ਸੜਕ ਤੇ ਕੁਝ ਮਨਚਲੇ ਇਕ ਕਾਰ ਨੂੰ ਧੱਕ ਕੇ ਲਿਆ ਰਹੇ ਸਨ। ਦੋ ਮੁੰਡੇ ਉਸ ਦੀ ਛੱਤ 'ਤੇ ਬੈਠੇ ਸਵਾਰੀ ਕਰ ਰਹੇ ਸਨ। ਸਾਓਲੇ ਰੰਗ ਦਾ ਮੁੰਡਾ ਏਥੇ ਵੀ ਆਪਣੀ ਸੀਖ ਲਗਾਤਾਰ ਚਲਾ ਰਿਹਾ ਸੀ, ਜਿਸ ਨਾਲ ਕਾਰ ਦਾ ਕਦੇ ਇਕ ਸ਼ੀਸ਼ਾ ਟੁਟਦਾ, ਕਦੇ ਦੂਜਾ, ਕਦੇ ਉਂਸ ਦੀ ਛੱਤ 'ਤੇ ਡੂੰਘਾ ਟੋਆ ਪੈ ਜਾਂਦਾ, ਕਦੇ ਉਸ ਦੇ ਪਿਛਲੇ ਹਿੱਸੇ 'ਤੇ। ਦੁੱਧ ਦੇ ਡੀਪੂ ਦੇ ਨੇੜੇ, ਚੁਰਾਹੇ ਤੇ ਪਹੁੰਚ ਕੇ, ਛਤ 'ਤੇ ਬੈਠੇ ਮੁੰਡਿਆਂ ਨੂੰ ਥੱਲੇ ਉਤਾਰਨ ਲਈ ਉਹਨਾਂ ਨੇ ਕਾਰ ਨੂੰ ਇਕ ਪਾਸੇ ਨੂੰ ਉਲਟਾ ਦਿਤਾ। ਦੋਵੇਂ ਮੁੰਡੇ ਛਾਲ ਮਾਰ ਕੇ, ਹਸਦੇ ਹੋਏ ਥੱਲੇ ਉਤਰ ਆਏ। ਫੇਰ, ਸੀਖ ਦਾ ਇਕ ਵਾਰ ਮੋਟਰ ਦੀ ਟਾਂਕੀ 'ਤੇ ਹੋਇਆ, ਜਿਸ ਨਾਲ ਪੇਟਰੋਲ ਫੱਵਾਰੇ ਵਾਂਗ ਉਸ 'ਚੋਂ ਫੁੱਟ ਪਿਆ। ਕਿਸੇ ਨੇ ਤੀਲੀ ਬਾਲ ਕੇ ਉਸ ਉਤੇ ਸੁੱਟੀ। ਤਦੇ ਮੁੰਡੇ ਕਾਰ ਕੋਲੋਂ ਇੰਜ ਭੱਜੇ, ਜਿਵੇਂ ਦੀਵਾਲੀ ਦੇ ਦਿਨੀਂ ਪਟਾਕਿਆ ਦੀ ਲੜੀ ਨੂੰ ਅੱਗ ਲਾ ਕੇ ਭਜਦੇ ਹਨ। ਸੂ-ਸੂ ਕਰ ਕੇ ਮੋਟਰਕਾਰ ਜਲਣ ਲਗੀ।

"ਲਓ, ਸੇਠੀ ਦੀ ਕਾਰ ਤਾਂ ਗਈ!" ਇਕ ਆਦਮੀ ਬੋਲਿਆ।

ਇਸ 'ਤੇ ਇਕ ਆਦਮੀ ਠਰਾਕਾ ਮਾਰ ਕੇ ਹੱਸਿਆ।

"ਕਿਉਂ, ਇਸ ਵਿਚ ਹੱਸਣ ਦੀ ਕੀ ਗੱਲ ਏ?"

"ਇਹ ਕਾਰ ਸੇਠੀ ਦੀ ਨਹੀਂ ਏ। ਇਹ ਲੋਕ ਸੇਠੀ ਦੇ ਘਰ ਦੇ ਸਾਹਮਣਿਓਂ ਧੱਕ ਕੇ ਲਿਆਏ ਨੇ। ਇਹ ਕਾਰ ਸੇਠੀ ਦੇ ਜਵਾਈ ਦੀ ਏ, ਜੋ ਹਿੰਦੂ ਏ। ਉਹ ਗਾਜ਼ੀਆਬਾਦ ਵਿਚ ਰਹਿੰਦਾ ਏ। ਹਾ—ਹਾ.."

ਜਲਦੀ ਹੋਈ ਕਾਰ 'ਚੋਂ ਗੂੜੇ ਰੰਗ ਦਾ ਧੂੰਆਂ ਨਿਕਲ ਰਿਹਾ ਸੀ। ਛੇਤੀ ਹੀ ਕਾਰ ਦਾ ਰੰਗ ਕਾਲਾ ਪੈ ਗਿਆ। ਹਾਲੀ ਵੀ ਲਗਦਾ ਸੀ ਕਿ ਕੋਈ ਕਾਰ ਜਲ ਰਹੀ ਹੈ। ਧੂੰਆਂ ਘਟਣ 'ਤੇ ਮੁੰਡੇ-ਖੁੰਡੇ ਬਲਦੀ ਹੋਈ ਕਾਰ 'ਤੇ ਸੀਖ ਦਾ ਇਕ ਹੋਰ ਵਾਰ ਕਰਕੇ ਹਸਦੇ-ਬੋਲਦੇ ਅੱਗੇ ਬਧ ਗਏ।

ਚੁਰਾਹੇ ਕੋਲ ਖੜੋਤੇ ਲੋਕ ਵੀ ਚੁੱਪ ਕੀਤੇ ਉਥੋਂ ਜਾਣ ਲੱਗੇ। ਭੀੜ ਤਿੱਤਰ-ਖਿੱਤਰ ਹੋਣ ਲਗੀ। ਕਨ੍ਹਈਆ ਲਾਲ ਵੀ "ਚ-ਚ-ਰ ਬਹੁਤ ਬੁਰਾ ਹੋਇਆ, ਬਹੁਤ ਬੁਰਾ", ਕਹਿੰਦਾ ਹੋਇਆ ਆਪਧੇ ਘਰ ਵਲ ਜਾਣ ਲੱਗਾ। ਆਤਮ ਗਲਾਨੀ ਦਾ ਹਲਕਾ ਜਿਹਾ ਅਹਿਸਾਸ ਉਸ ਦੇ ਮਨ ਵਿਚ ਚੁੱਭਣ ਲਗਾ। ਪਰ ਉਸ ਨੇ ਖੁਦ ਨੂੰ ਹੌਂਸਲਾ ਦਿੰਦਿਆਂ ਮਨ ਹੀ ਮਨ ਕਿਹਾ:

"ਇਹਨਾਂ ਚੀਜ਼ਾਂ ਨੂੰ ਵੇਖ ਕੇ ਘਟੋ ਘਟ ਮੇਰੀਆਂ ਲੱਤਾਂ ਵਿਚ ਪਾਣੀ ਤਾਂ ਭਰ ਆਇਆ ਸੀ। ਮੇਰੀ ਹਿਸ ਤਾਂ ਨਹੀਂ ਮਰ ਗਈ ਹੈ। ਹੋਰ ਲੋਕ ਤਾਂ ਚੁਪ ਕੀਤੇ ਵੇਖਦੇ ਰਹਿ ਗਏ ਸਨ, ਹਾਸਾ-ਮਜ਼ਾਕ ਕਰ ਰਹੇ ਸਨ।"

ਰਾਹ ਵਿਚ ਉਹੋ ਬੁੱਢੀ, ਜੋ ਸੜਕ 'ਤੇ ਮਿਲੀ ਸੀ, ਸ਼ਿਆਮਾ ਨੂੰ ਫਟਕਾਰ ਰਹੀ ਸੀ:

"ਕਿਸੇ ਬਦਨਸੀਬ ਦਾ ਸਮਾਨ ਚੁਕ ਲਿਆਈ ਏਂ। ਧੀ ਨੂੰ ਵੀ ਅਜਿਹੇ ਪਾਪ ਕਰਨੇ ਸਿਖਾ ਰਹੀ ਏਂ। ਲੱਖ ਲਾਹਨਤ ਏ ਤੇਰੇ 'ਤੇ। ਹੁਣੇ ਜਾ, ਤੇ ਜਿਥੋਂ ਇਹ ਸਮਾਨ ਲਿਆਂਦਾ ਏ, ਉਥੇ ਸੁੱਟ ਕੇ ਆ।".."

ਤੇਸ਼ਿਆਮਾ ਬੁੱਢੀ ਦੀਆਂ ਗੱਲਾਂ ਬਕਵਾਸ ਸਮਝ ਕੇ ਸੁਣੀ ਜਾ ਰਹੀ ਸੀ ਤੇ ਹੌਲੀ ਹੌਲੀ ਮੁਸਕਰਾ ਰਹੀ ਸੀ।

ਘਰ ਪਹੁੰਚ ਕੇ ਕਨ੍ਹਈਆ ਲਾਲ ਨੂੰ ਸਾਰੀਆਂ ਘਟਨਾਂਵਾਂ ਬੜੀਆਂ ਬੇਤੁਕੀਆਂ ਲਗੀਆਂ। ਇਹ ਕੋਈ ਦੰਗਾ ਤਾਂ ਨਾ ਹੋਇਆ। ਦੰਗੇ ਵਿਚ ਤਾਂ ਲੋਕ ਦੁਸ਼ਮਣ ਨੂੰ ਪਛਾਣਦੇ ਹਨ ਇਕ ਦੂਜੇ ਨੂੰ ਲਲਕਾਰਦੇ ਹਨ, ਇਕ-ਦੂਜੇ ਦਾ ਪਿੱਛਾ ਕਰਦੇ ਹਨ। ਪਰ ਏਥੇ ਤਾਂ ਸੜਕ ਖਾਲੀ ਸੀ, ਤੇ ਦੁਕਾਨ ਨੂੰ ਜਿਹੜਾ ਚਾਹੇ ਤੋੜ ਜਾਏ, ਜਿਹੜਾ ਚਾਹੇ ਜਲਾ ਜਾਏ। ਦੰਗੇ ਇੰਜ ਤਾਂ ਨਹੀਂ ਹੁੰਦੇ। ਲੁਟੇਰਿਆਂ ਵਿਚ ਇਕ ਵੀ ਚਿਹਰਾ ਪਛਾਣਿਆ ਹੋਇਆ ਨਹੀਂ ਸੀ, ਇਕ ਵੀ ਆਦਮੀ ਆਪਣੇ ਮਹੱਲੇ ਦਾ ਨਹੀਂ ਸੀ। ਤੇ ਸੇਠੀ ਦੀ ਕਾਰ ਉਹ ਚੁਪਚਾਪ ਧੱਕ ਕੇ ਲੈ ਗਏ।

***

ਤੇ ਹੁਣ ਦੁੱਧ ਦੀ ਲੰਮੀ ਲਾਈਨ ਵਿਚ ਖੜਾ ਉਹ ਭਾਤਸੁਭਾਂਤੀਆਂ ਗੱਲਾਂ, ਫਿਕਰੇ, ਟਿਪਣੀਆਂ ਸੁਣ ਰਿਹਾ ਸੀ। ਝੁਟਪੁਟਾ ਪਹਿਲਾਂ ਨਾਲੋਂ ਕੁਝ ਸਾਫ ਹੋ ਗਿਆ ਸੀ: ਕਿਹੋ ਜਿਹਾ ਵਿਅੰਗ ਹੈ ਕਿ ਇਹਨਾਂ ਘਟਨਾਵਾਂ ਦੇ ਬਾਵਜੂਦ, ਇਕ ਨਿਖਰਿਆ ਹੋਇਆ ਦਿਨ, ਆਉਣ ਤੋਂ ਪਹਿਲਾਂ, ਵਾਯੂਮੰਡਲ ਵਿਚ ਆਪਣੀ ਚਾਂਦੀ ਘੋਲ ਰਿਹਾ ਸੀ। ਏਥੇ ਵੀ ਬਹੁਤ ਸਾਰੀਆਂ ਬੇਤੁਕੀਆਂ ਜਹੀਆਂ ਗੱਲਾਂ ਨਜ਼ਰ ਆਉਣ ਲਗੀਆਂ ਸਨ। ਸੜਕ ਖਾਲੀ ਸੀ, ਦੁਕਾਨਾਂ ਬੰਦ ਸਨ, ਕੋਈ ਆ-ਜਾ ਨਹੀਂ ਸੀ ਰਿਹਾ। ਫੇਰ ਵੀ ਦੁੱਧ ਲੈਣ ਵਾਲਿਆਂ ਦੀ ਲੰਮੀ ਲਾਈਨ ਲਗ ਗਈ ਸੀ। ਡੋਲਚੀ ਹੱਥ ਵਿਚ ਫੜੀ ਕਨ੍ਹਈਆ ਲਾਲ ਲਾਈਨ ਵਿਚ ਖੜੋਤੇ ਹੋਰਾਂ ਲੋਕਾਂ ਦੇ ਚਿਹਰੇ ਪਛਾਨਣ ਦਾ ਜਤਨ ਕਰ ਰਿਹਾ ਸੀ।

ਉਸ ਦੇ ਪਿਛੇ ਖੜੇ ਦੋ ਮੁੰਡੇ ਜੋ ਸ਼ਕਲੋਂ ਘਰਾਂ ਦੇ ਨੌਕਰ ਲਗਦੇ ਸਨ, ਆਪਸ ਵਿਚ ਗੱਲਾਂ ਕਰ ਰਹੇ ਸਨ। ਇਕ ਕਹਿ ਰਿਹਾ ਸੀ:

"ਮੂੰਹ 'ਤੇ ਲਾਉਣ ਵਾਲੀ ਕਰੀਮ ਹੁੰਦੀ ਏ ਨਾ? ਓਸੇ ਦੀਆਂ ਬੋਤਲਾਂ ਮਿਲੀਆਂ ਨੇ। ਤੇ ਤੂੰ। ਤੂੰ ਕੀ ਲਿਆਇਐਂ?"

"ਉਹ ਡਰਾਈਕਲੀਨਰ ਦੀ ਦੁਕਾਨ ਸੀ, ਯਾਰ! ਲੋਕਾਂ ਨੇ ਕੁਝ ਚੁਕਣ ਈ ਨਾ ਦਿਤਾ। ਅਸੀਂ ਅੰਦਰ ਤਾਂ ਵੜ ਗਏ ਸਾਂ, ਪਰ ਅੰਦਰ ਕਿਸੇ ਆਦਮੀ ਨੇ ਸਾਨੂੰ ਰੋਕ ਦਿਦਾ; 'ਕਪੜੇ ਲੁਟੋਗੇ? ਚਲੋ ਏਥੋਂ!' ਸਾਡੇ ਹੱ ਤਾਂ ਕੁਝ ਨਹੀਂ ਲਗਾ।"

(ਬਾਕੀ ਪੰਨਾ 13 ਤੇ)

## ਭੁੱਲੀਆਂ ਗੱਲਾਂ

# ਭਗਤ ਪੂਰਨ ਸਿੰਘ ਨਾਲ

**ਭਗਤ ਪੂਰਨ ਸਿੰਘ ਦੇ ਹੱਥਾਂ ਵਿਚ ਕਿਰਤ ਹੈ, ਦਿਲ ਵਿਚ ਰਹਿਮ ਅਤੇ ਨਜ਼ਰਾਂ ਵਿਚ ਦੂਰ-ਦ੍ਰਿਸ਼ਟੀ। ਭਗਤ ਜੀ ਦਾ ਯੋਗਦਾਨ ਮਹਾਰਾਸ਼ਟਰ ਦੇ ਸ੍ਰੀ ਆਮਟੇ ਅਤੇ ਮਦਰ ਟੈਰੇਸਾ ਜਾਂ ਅਫਰੀਕਾ 'ਚ ਬਿਮਾਰਾਂ ਤੇ ਗ਼ਰੀਬਾਂ ਲਈ ਕੰਮ ਕਰਨ ਵਾਲੇ ਡਾ. ਅਲਬਰਟ ਕਰਾਈਜ਼ਰ ਵਰਗਾ ਹੈ — ਇਜ਼ਤ ਆਪੋ ਆਪਣੀ। ਭਗਤ ਜੀ ਏਨੇ ਹਰਮਨਪਿਆਰੇ ਹਨ ਕਿ ਸਾਡੇ ਕੋਲ ਦੋ ਸਾਥੀਆਂ ਦੀਆਂ ਮੁਲਾਕਾਤਾਂ ਆ ਗਈਆਂ ਹਨ। ਸ਼ਾਮ ਸਿੰਘ ਤੇ ਸ. ਪ. ਸਿੰਘ ਭਾਟੀਆ ਵਲੋਂ। ਦੋਵੇਂ ਹਾਜ਼ਰ ਹਨ।**

## 1

? ਤੁਸੀਂ ਏਨੀ ਲਗਨ ਤੇ ਘਾਲਣਾ ਨਾਲ ਪਿੰਗਲਵਾੜਾ ਸਥਾਪਤ ਤੇ ਸਫਲ ਕੀਤਾ ਹੈ। ਤੁਹਾਨੂੰ ਏਨੇ ਕਠਿਨ ਤੇ ਘਾਲਣਾ ਵਾਲੇ ਕੰਮ ਦੀ ਚੇਟਕ ਕਿਵੇਂ ਲੱਗੀ ?

— ਮੇਰੀ ਮਾਂ ਦਾ ਲਾਹੌਰ 'ਚ ਸਿੱਖ ਘਰਾਂ ਨਾਲ ਵਰਤ ਵਿਹਾਰ ਸੀ। ਮੈਂ ਮਾਂ ਨਾਲ ਉਥੇ ਗੁਰਦੁਆਰਾ ਡੇਹਰਾ ਸਾਹਿਬ ਗਿਆ। ਜਿਥੇ ਮੈਨੂੰ ਸੇਵਾ ਕਰਨ ਦੀ ਐਸੀ ਚੇਟਕ ਲੱਗੀ ਗਈ ਕਿ ਮੈਂ ਉਥੋਂ ਦਾ ਹੀ ਹੋ ਕੇ ਰਹਿ ਗਿਆ। ਫੇਰ 1934 ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਦੁਆਰ ਅੱਗੇ ਚਾਰ ਵਰ੍ਹਿਆਂ ਦਾ ਇਕ ਲੂਲ੍ਹਾ ਪਿਆਰਾ ਸਿੰਘ ਪਿਆ ਮਿਲਿਆ ਜਿਸਨੂੰ ਕੋਈ ਉਥੇ ਸੁੱਟ ਗਿਆ ਸੀ। ਮੈਂ ਉਸ ਨੂੰ ਚੁੱਕਿਆ ਤੇ ਸੰਭਾਲ ਲਿਆ। ਉਹ 17 ਸਾਲ ਮੇਰੀ ਪਿੱਠ 'ਤੇ ਰਿਹਾ।

? ਤੁਸੀਂ ਸ਼ਾਦੀ ਕਿਉਂ ਨਹੀਂ ਕਰਵਾਈ ?

— ਮੈਨੂੰ ਵਿਆਹ ਬਾਰੇ ਸੋਚਣ ਦਾ ਵਿਹਲ ਹੀ ਨਹੀਂ ਮਿਲਿਆ। ਹੁਣ ਤਾਂ ਮੈਂ ਸੋਚਦਾ ਹਾਂ ਕਿ ਜੇ ਮੇਰਾ ਵਿਆਹ ਹੋ ਵੀ ਜਾਂਦਾ ਤਾਂ ਮੈਂ ਇਕ ਹੀ ਪਰਿਵਾਰ ਨੂੰ ਪਾਲ ਸਕਦਾ ! ਪਰ ਉਸ ਅਕਾਲ ਪੁਰਖ ਨੇ ਮੇਰੇ ਜ਼ਿੰਮੇ ਬਹੁਤ ਸਾਰੇ ਪਰਿਵਾਰਾਂ ਦੀ ਪਾਲਣਾ ਪੋਸਣਾ ਦਾ ਕੰਮ ਲਾਇਆ ਹੋਇਆ ਸੀ। ਮੈਂ ਗ੍ਰਹਿਸਤ ਦਾ ਕਰਜ਼ਾ ਲਾਹ ਦਿਤਾ ਹੈ। ਮੈਂ ਬੱਚਿਆਂ ਨੂੰ ਬਾਪ ਵਾਂਗ ਨਹੀਂ ਮਾਵਾਂ ਵਾਂਗ ਪਾਲਿਆ ਹੈ।

? ਤੁਸੀਂ ਪਿੰਗਲਵਾੜਾ ਕਦੋਂ ਬਣਾਇਆ ?

— ਦੇਸ਼ ਦੀ ਵੰਡ ਸਮੇਂ ਅਸੀਂ ਇਧਰ ਆ ਗਏ। ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿਚ। ਇਥੇ 23 ਤੋਂ 25 ਹਜ਼ਾਰ ਤੱਕ ਸ਼ਰਨਾਰਥੀ ਚਾਰ ਮਹੀਨੇ ਰਹੇ। ਇਥੇ ਬਿਮਾਰ ਹੋਣ ਵਾਲਿਆਂ, ਢਿੱਲੇ ਮੱਠਿਆਂ, ਲਾਵਾਰਸਾਂ ਤੇ ਬੇਆਸਰਿਆਂ ਦਾ ਕੋਈ ਝਾਲੂ ਨਹੀਂ ਸੀ।। ਅਜਿਹੇ ਵਿਅਕਤੀਆਂ ਦੀ ਸੇਵਾ ਲਈ ਕੋਈ ਤਾਂ ਚਾਹੀਦਾ ਹੀ ਸੀ। ਮੈਂ ਉਥੇ ਅਜਿਹੇ ਵਿਅਕਤੀਆਂ ਦੀ ਸੰਭਾਲ ਕੀਤੀ। ਹਰ ਰੋਜ਼ 7-8 ਵਿਅਕਤੀ ਅਜਿਹੇ ਹੁੰਦੇ ਸਨ ਜਿਨ੍ਹਾਂ ਦੀ ਟੱਟੀ ਪਿਸ਼ਾਬ ਮੈਂ ਧੋਂਦਾ ਸਾਂ ਜਿਨ੍ਹਾਂ ਮਰੀਜ਼ਾਂ ਨੂੰ ਮੈਂ ਸੜਕ ਦੇ ਕਿਨਾਰੇ ਹੀ ਸੰਭਾਲਿਆ ਤੇ ਫਿਰ ਸ਼ੰਭੂ ਨਾਥ ਦੇ ਕਾਰਖਾਨੇ ਵਿਚ ਜਗ੍ਹਾ ਮਿਲ ਗਈ। ਬਾਅਦ ਵਿਚ ਵਿਕਟੋਰੀਆ ਜ਼ੁਬਲੀ ਹਸਪਤਾਲ ਅੱਗੇ ਇਕ ਇਕ ਰੁੱਖ ਸੀ ਜਿਸਦੇ ਨਾਲ ਜਗ੍ਹਾ ਖਾਲੀ ਪਈ ਸੀ ਉਥੇ 13 ਅਪਾਹਜਾਂ ਨੂੰ ਸੰਭਾਲਿਆ। ਜਿਥੋਂ ਕੁਝ ਦੇਰ ਬਾਅਦ ਮੈਨੂੰ ਉਠਾ ਦਿਤਾ ਗਿਆ। ਪਰ ਨਾਲ ਦੀ ਨਾਲ ਕੁਝ ਲੋਕਾਂ ਨੇ ਮਦਦ ਕੀਤੀ। ਉਥੇ ਦੋ ਕੋਠੀਆਂ ਮੁਸਲਮਾਨਾਂ ਦੀਆਂ ਮਿਲ ਗਈਆਂ ਜੋ ਖਾਲੀ ਪਈਆਂ ਸਨ। ਅਪਾਹਜ ਸੰਭਾਲਣ ਲਈ ਇਹ ਚੰਗੀ ਥਾਂ ਸੀ। ਉਥੋਂ ਲੋਕ ਮਦਦ ਕਰਨ ਲੱਗ ਪਏ। ਜਿਹੜੇ ਲਾਹੌਰ ਵਿਚ ਮੈਨੂੰ ਡੇਰਾ ਸਾਹਿਬ ਵਿਖੇ 24 ਸਾਲ ਤੋਂ ਜਾਣਦੇ ਸਨ ਉਨ੍ਹਾਂ ਨੇ ਇਥੇ ਮੇਰੇ ਪੈਰ ਪੱਕੇ ਕਰ ਦਿਤੇ।

? ਪਿੰਗਲਵਾੜੇ ਦੀ ਇਹ ਸਾਰੀ ਇਮਾਰਤ ?

— 1952 ਵਿਚ ਹੁਸੈਨਪੁਰਾ ਫਾਟਕ ਵਿਖੇ ਸਿਨੇਮੇ ਦੀ ਅਧੂਰੀ ਪਈ ਇਮਾਰਤ ਮਿਲ ਗਈ ਜਿਥੇ ਬਕਾਇਦਾ ਪਿੰਗਲਵਾੜਾ ਸ਼ੁਰੂ ਕਰ ਲਿਆ ਗਿਆ। ਬਾਨੀ ਹੋਣ ਦੇ ਨਾਤੇ ਪਿੰਗਲਵਾੜੇ ਨੂੰ ਯੋਜਨਾ -ਬੱਧ ਤਰੀਕੇ ਨਾਲ ਚਲਾਇਆ ਜਿਸ ਕਾਰਨ ਮਦਦ ਕਰਨ ਵਾਲਿਆਂ ਦਾ ਵਿਸ਼ਵਾਸ ਪੱਕਾ ਹੁੰਦਾ ਗਿਆ ਕਿ ਉਨ੍ਹਾਂ ਦੀ ਦਿੱਤੀ ਰਕਮ ਠੀਕ ਥਾਂ ਲੱਗ ਰਹੀ ਹੈ।

? ਕਿੰਨੇ ਕੁ ਰੋਗੀ ਜਾਂ ਅਪਾਹਜ ਪਿੰਗਲਵਾੜੇ 'ਚ ਰਹਿੰਦੇ ਹਨ ?

— ਅੱਜ ਤੋਂ ਅੱਠ ਸਾਲ ਪਹਿਲਾਂ ਅਪਾਹਜਾਂ ਤੇ ਰੋਗੀਆਂ ਦੀ ਗਿਣਤੀ 450 ਹੋ ਗਈ ਸੀ ਜੋ ਹੁਣ 300 ਹੈ। ਇਨ੍ਹਾਂ ਵਿਚ 125 ਔਰਤਾਂ, 46 ਲੜਕੀਆਂ, 44 ਲੜਕੇ ਤੇ ਬਾਕੀ ਬੁੱਢੇ, ਅਧਰੰਗ ਦੇ ਰੋਗੀ ਤੇ ਹੋਰ ਰੋਗਾਂ ਨਾਲ ਕਮਜ਼ੋਰ ਵਿਅਕਤੀ ਸ਼ਾਮਲ ਹਨ।

? ਪਿੰਗਲਵਾੜੇ ਦਾ ਰੋਜ਼ਾਨਾ ਖਰਚ ਕਿੰਨਾ ਕੁ ਆਉਂਦਾ ਹੈ ?

— ਹਰ ਰੋਜ਼ ਦਾ ਲਗਭਗ 11-12 ਹਜ਼ਾਰ ਰੁਪਿਆ ਹੈ।

? ਏਨਾ ਖਰਚ ਕਿਥੋਂ ਆਉਂਦਾ ਹੈ ?

— ਸਾਰੇ ਖਰਚ ਦਾ 10 ਫੀ ਸਦੀ ਇਕੱਲੇ ਅੰਮ੍ਰਿਤਸਰ ਤੋਂ ਮਿਲਦਾ ਹੈ। ਤਿੰਨ ਹਜ਼ਾਰ ਰੁਪਏ ਹਰ ਰੋਜ਼ ਆਪਣੇ ਆਪ ਪੱਕੀ ਕਮਾਈ ਵਜੋਂ ਆਉਂਦੇ ਹਨ। ਸਰਕਾਰ ਵੀ 60-70 ਹਜ਼ਾਰ ਦੀ ਸਲਾਨਾ ਮਦਦ ਕਰਦੀ ਹੈ। ਸ਼੍ਰੋਮਣੀ ਪ੍ਰਬੰਧਕ ਕਮੇਟੀ ਵੀ ਹਰ ਸਾਲ ਇਕ ਲੱਖ 20 ਹਜ਼ਾਰ ਰੁਪਏ ਦਿੰਦੀ ਹੈ। ਕਈ ਬਾਹਰਲੇ ਮੁਲਕਾਂ 'ਚੋਂ ਵੀ ਮਦਦ ਮਿਲਦੀ ਹੈ।

? ਭਗਤ ਜੀ ਜੇ ਤੁਸੀਂ ਸਿੱਖ ਨਾ ਹੁੰਦੇ ਤਾਂ ਲੋਕਾਂ 'ਚ ਅਜ ਜ਼ਿਆਦਾ ਹਰਮਨ ਪਿਆਰੇ ਨਾ ਹੋ ਜਾਂਦੇ ?

— ਮੇਰਾ ਸਬੰਧ ਤਾਂ ਕੇਵਲ ਦੁੱਖੀ ਲੋਕਾਂ ਨਾਲ ਹੈ ਕਿਸੇ ਫਿਰਕੇ ਨਾਲ ਨਹੀਂ। ਕਿਸੇ ਇਕ ਫਿਰਕੇ ਦੇ ਲੋਕਾਂ ਦੀ ਹੀ ਸੇਵਾ ਕਰਨਾ ਤੰਗ ਨਜ਼ਰੀ ਦਾ ਸਬੂਤ ਦੇਣਾ ਹੈ। ਪਿੰਗਲਵਾੜੇ ਵਿਚ ਤਾਂ ਸਾਰੇ ਬਿਮਾਰ ਮੋਨੇ ਹਨ। ਮੇਰੇ ਲਈ ਕੋਈ ਭਿੰਨ ਭੇਦ ਨਹੀਂ। ਮੈਂ ਤਾਂ ਮਾਨਵਤਾ ਦੀ ਸੇਵਾ ਕਰਦਾ ਫਿਰਕਿਆਂ ਦੀਆਂ ਲਕੀਰਾਂ ਨੂੰ ਚਿੱਤ ਚੇਤੇ ਵੀ ਨਹੀਂ ਆਉਣ ਦਿੰਦਾ।

? ਸੇਵਾ ਦੇ ਖੇਤਰ ਵਿਚ ਈਸਾਈ ਮਿਸ਼ਨਰੀ ਮਦਰ ਟੈਰੇਸਾ ਦਾ ਬੜਾ ਨਾਂ ਹੈ। ਤੁਹਾਡੇ ਉਸ ਬਾਰੇ ਕੀ ਵਿਚਾਰ ਹਨ।



— ਮਦਰ ਟੈਰੇਸਾ ! ਉਹ ਕੇਵਲ ਇਕ ਫਿਰਕੇ ਦੇ ਲੋਕਾਂ ਦੀ ਸੇਵਾ ਨੂੰ ਹੀ ਆਪਣਾ ਮਿਸ਼ਨ ਸਮਝਦੀ ਹੈ।

? ਉਹ ਅੰਮ੍ਰਿਤਸਰ ਆਈ ਸੀ ਤੁਸੀਂ ਉਸ ਨੂੰ ਨਹੀਂ ਮਿਲੇ।

— ਮੈਂ ਉਸ ਨੂੰ ਕਿਉਂ ਮਿਲਾਂ ? ਉਹ ਉਪਰਲੇ ਚੱਕਰ ਵਿਚ ਘਿਰੀ ਹੋਈ ਸੀ। ਉਹ ਏਥੇ ਆਈ ਸੀ ਉਸ ਨੂੰ ਚਾਹੀਦਾ ਸੀ ਕਿ ਮੈਨੂੰ ਆ ਕੇ ਮਿਲਦੀ ਤੇ ਮੇਰੇ ਕੰਮ ਕਾਜ ਦੇਖਦੀ।

? ਪਰ ਤੁਸੀਂ ਵੀ ਤਾਂ ਕੇਵਲ ਸਿੱਖ ਧਰਮ ਨੂੰ ਮੰਨਦੇ ਹੋ।

— ਮੇਰਾ ਜਨਮ ਸਿੱਖ ਘਰ ਵਿਚ ਨਹੀਂ ਹੋਇਆ। ਮੇਰਾ ਧਰਮ, ਜ਼ਰੂਰ ਸਿੱਖ ਹੈ। ਪਰ ਮੈਂ ਧਰਮਾਂ ਦਾ ਪ੍ਰਸ਼ੰਸਕ ਹਾਂ।

? ਹੁਣ ਸਿੱਖਾਂ ਦੇ ਭਵਿਖ ਬਾਰੇ ਤੁਸੀਂ ਕੀ ਸਮਝਦੇ ਹੋ ?

— ਹੁਣ ਤਾਂ ਸਰਵਾਈਵਲ ਦਾ ਸਵਾਲ ਹੈ। ਵੱਖਰੀ ਸੋਚ ਨਾਲ ਸੋਚਣਾ ਪਵੇਗਾ। ਸਿੱਖ ਸੋਚ ਅਜਿਹੀ ਹੀ ਮੰਗ ਕਰਦੀ ਹੈ। ਅਜਿਹਾ ਨਾ ਕੀਤਾ ਗਿਆ ਤਾਂ ਹੋਰ ਨੁਕਸਾਨ ਹੋ ਸਕਦਾ ਹੈ। ਹੁਣ ਸਿੱਖ ਨੂੰ ਦਲੇਰੀ, ਵਿਸ਼ਵਾਸ ਤੇ ਸੱਚ 'ਤੇ ਪੂਰਨ ਪਹਿਰਾ ਦੇਣਾ ਪਵੇਗਾ।

? ਤੁਸੀਂ ਅੰਮ੍ਰਿਤਸਰ ਰਹਿੰਦੇ ਹੋ। ਕੀ ਰੋਜ਼ਾਨਾ ਦਰਬਾਰ ਸਾਹਿਬ ਜਾਂਦੇ ਹੋ ?

— ਜਾਣਾ ਤਾਂ ਰੋਜ਼ ਚਾਹੁੰਦਾ ਹਾਂ ਪਰ ਜਾ ਨਹੀਂ ਸਕਦਾ। ਕਦੇ ਕਦਾਈਂ ਜਾਂਦਾ ਹਾਂ ਤੇ ਦਰਸ਼ਨ ਕਰਦਾ ਹਾਂ।

? ਕਦੇ ਕਿਸੇ ਬਾਹਰਲੇ ਮੁਲਕ ਵਿਚ ਗਏ ਹੋ ?

— ਬਿਲਕੁਲ ਨਹੀਂ। ਬਹੁਤ ਥਾਵਾਂ ਤੋਂ ਸੱਦੇ ਮਿਲਦੇ ਰਹਿੰਦੇ ਹਨ ਪਰ ਮੈਂ ਜਾਣ ਤੋਂ ਅਸਮਰਥ ਹਾਂ ਕਿਉਂਕਿ ਮੈਂ ਪਿੰਗਲਵਾੜੇ ਦੇ ਕੰਮ-ਕਾਜ ਵਿਚ ਰੁੱਝਿਆ ਹੋਇਆ ਹਾਂ।

? ਪੰਜਾਬ ਨਾਲ ਸੱਚਮੁਚ ਕੋਈ ਬੇਇਨਸਾਫੀ ਹੋ ਰਹੀ ਹੈ ?

— ਮੇਰਾ ਸਿਆਸਤ ਨਾਲ ਕੋਈ ਸਬੰਧ ਨਹੀਂ ਕੇਵਲ ਸੇਵਾ ਨਾਲ ਹੈ।

? ਤੁਸੀਂ ਦੇਸ਼ ਅੱਗੇ ਕਿਹੜੀਆਂ ਵੱਡੀਆਂ ਸਮੱਸਿਆਵਾਂ ਸਮਝਦੇ ਹੋ ?

— ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਤੇ ਜਨ ਸੰਖਿਆ ਵੱਡੇ ਮਸਲੇ ਹਨ ਜਿਨ੍ਹਾਂ ਨੂੰ ਹੱਲ ਕਰਨ ਲਈ ਬਹੁਤ ਘੱਟ ਯਤਨ ਹੋ ਰਹੇ ਹਨ।

? ਗਰੀਬੀ ਦੂਰ ਕਰਨ ਦਾ ਕੋਈ ਨੁਸਖਾ ?

— ਸਭਿਆਚਾਰਕ ਲੋਪ ਆ ਗਿਆ ਹੈ। ਦੁਖ-ਦਰਦ ਦੀ ਸਾਂਝ ਨਹੀਂ ਰਹੀ। ਮਨੁੱਖ ਮਨੁੱਖ ਤੋਂ ਦੂਰ ਹੋ ਗਿਆ ਹੈ ਤੇ ਅਮੀਰ ਤੇ ਵਲਗਰ ਜਿਹੇ ਮਾਹੌਲ ਵਿਚ ਲਿਪਾ-ਪੋਚੀ ਨਾਲ ਗਰੀਬੀ ਦੂਰ ਨਹੀਂ ਹੋ ਸਕਦੀ। ਗਰੀਬੀ ਨੂੰ ਦੂਰ ਕਰਨ ਲਈ ਸਭ ਤੋਂ ਪਹਿਲਾਂ ਅਮੀਰਾਂ ਨੂੰ ਚੋਟ ਸਹਿਣੀ ਪਵੇਗੀ। ਮਨੁੱਖ ਨੂੰ ਉਸ ਦੀ ਅਸਲ ਸਥਿਤੀ ਬਾਰੇ ਜਾਨਣ ਦੇਣਾ ਪਵੇਗਾ। ਇਸ ਤੋਂ ਬਾਅਦ ਹੀ ਸਰਕਾਰੀ ਜਤਨ ਕਾਰਗਰ ਸਾਬਤ ਹੋ ਸਕਦੇ ਹਨ।

? ਕੀ ਤੁਸੀਂ ਖੱਦਰ ਮਹਾਤਮਾ ਗਾਂਧੀ ਦੇ ਅਸਰ ਹੇਠ ਪਹਿਨਿਆ ?

— ਬਿਲਕੁਲ। ਉਸੇ ਅਸਰ ਹੇਠ।

? ਕੀ ਗਾਂਧੀ ਦਾ ਪ੍ਰਭਾਵ ਵੀ ਕਬੂਲਿਆ ਹੈ ?

— ਬਸ! ਬਸਤਰਾਂ ਤੱਕ ਹੀ ਸੀਮਤ ਰਿਹਾ।

? ਤੁਸੀਂ ਸਿਰ 'ਤੇ ਪੀਲਾ ਹੀ ਪਟਕਾ ਕਿਉਂ ਬੰਨ੍ਹਦੇ ਹੋ ?

— ਚਿੱਟਾ ਬੰਨਦਾ ਸਾਂ ਲੋਕ ਕਾਂਗਰਸੀ ਕਹਿਣ ਤੇ ਸਮਝਣ ਲਗ ਪਏ। ਮੈਂ ਭਗਵਾਂ ਪਟਕਾ ਬੰਨ੍ਹਣਾ ਸ਼ੁਰੂ ਕਰ ਦਿੱਤਾ।

? ਹੁਣ ਭਗਵੇਂ ਪਟਕੇ ਤੋਂ ਜੇ ਅਕਾਲੀ ਕਹਿਣ ਲੱਗ ਪਏ ਤਾਂ ?

— ਬਸ ਮੇਰਾ ਜੁਆਬ ਤਾਂ ਏਨਾ ਹੀ ਹੈ ਕਿ ਕਿ ਮੈਂ ਨਾ ਅਕਾਲੀ ਹਾਂ ਤੇ ਨਾ ਕਾਂਗਰਸੀ। ਕੇਵਲ ਮਨੁੱਖਤਾ ਦਾ ਸੇਵਾਦਾਰ ਹਾਂ।

—ਸ਼ਾਮ ਸਿੰਘ—

## 2

? ਭਗਤ ਜੀ! ਤੁਸਾਂ ਆਪਣੇ ਜੀਵਨ ਬਾਰੇ ਲਿਖਦਿਆਂ ਲਿਖਿਆ ਹੈ ਕਿ ਤੁਸੀਂ ਆਪਣੀ ਵੀਹ ਸਾਲ ਦੀ ਉਮਰ ਵਿਚ ਹੀ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਚ ਆ ਗਏ ਸੀ, ਤੁਸੀਂ ਦੱਸੋ ਕਿ ਤੁਸੀਂ ਉਥੇ ਕਿੰਨੇ ਸਾਲ ਰਹੇ?

— ਮੈਂ ਆਪਣੀ ਆਯੂ ਦੇ ਵੀਹਵੇਂ ਸਾਲ ਵਿਚ ਹੋਵਾਂਗਾ ਜਦੋਂ ਸਾਡੇ ਘਰ ਦੇ ਹਾਲਾਤ ਮਾਇਕ ਪੱਖੋਂ ਇਤਨੇ ਮਾੜੇ ਹੋ ਗਏ ਕਿ ਮੇਰੀ ਮਾਤਾ ਨੂੰ ਉਸ ਵੇਲੇ ਦੇ ਪੰਜਾਬ ਦੀ ਰਾਜਧਾਨੀ ਦੇ ਸ਼ਹਿਰ ਲਾਹੌਰ ਵਿਚ ਕਿਸੇ ਦੇ ਘਰ ਭਾਂਡੇ ਮਾਂਜਣ ਦੀ ਨੌਕਰੀ ਕਰਨੀ ਪੈ ਗਈ ਤੇ ਆਪਣੀ ਮਾਤਾ ਦੇ ਨਾਲ ਮੈਂ ਵੀ ਲਾਹੌਰ ਆ ਗਿਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਮੈਂ ਬੜਾ ਸੁਹਣਾ ਤੇ ਜਵਾਨ ਹੁੰਦਾ ਸਾਂ। ਮੈਂ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ ਛਾਇਆ ਹੇਠ 24 ਸਾਲ ਦਾ ਸਮਾਂ ਗੁਜ਼ਾਰਿਆ ਤੇ ਜਦੋਂ ਸਾਡਾ ਦੇਸ਼ ਦੇ ਦੋ ਹਿੱਸਿਆਂ ਵਿਚ ਵੰਡਿਆ ਗਿਆ ਤੇ ਲਾਹੌਰ ਸ਼ਹਿਰ ਵੀ ਪਾਕਿਸਤਾਨ ਵਿਚ ਆ ਗਿਆ ਤਾਂ ਮੈਨੂੰ ਮਜ਼ਬੂਰ ਹੋ ਕੇ ਅੰਮ੍ਰਿਤ-ਸਰ ਆਉਣਾ ਪਿਆ।

? ਭਗਤ ਜੀ! ਕੀ ਤੁਸੀਂ ਆਪਣੀ ਜਨਮ ਭੋਇੰ ਤੇ ਮਾਤਾ ਪਿਤਾ ਬਾਰੇ ਦੱਸਣ ਦੀ ਖੇਚਲ ਕਰੋਗੇ ?

— ਹਾਂ, ਮੇਰਾ ਜਨਮ ਪਿੰਡ ਰਾਜੇਵਾਲ ਜ਼ਿਲਾ ਲੁਧਿਆਣਾ ਵਿਚ ਲਾਲਾ ਸ਼ਿਬੂ ਮੱਲ ਦੇ ਘਰ ਹੋਇਆ ਸੀ। ਮੈਨੂੰ ਯਾਦ ਹੈ ਕਿ ਸਕੂਲ ਵਿਚ ਦਾਖਲ ਕਰਾਉਣ ਲਗਿਆਂ ਮੇਰੀ ਜਨਮ ਮਿਤੀ 3 ਜੂਨ 1904 ਲਿਖਵਾਈ ਗਈ ਸੀ। ਮੇਰਾ ਪਿਤਾ ਪਿੰਡ ਦਾ ਸ਼ਾਹੂਕਾਰ ਸੀ। ਪਿੰਡ ਵਿਚ ਉਸ ਦੀ ਕਾਫੀ ਜ਼ਮੀਨ ਸੀ ਤੇ ਉਹ ਖੇਤੀ ਵੀ ਕਰਦਾ ਹੁੰਦਾ ਸੀ। ਮੇਰੀ ਮਾਤਾ ਦਾ ਨਾਂ ਮਹਿਤਾਬ ਕੌਰ ਸੀ। ਮੇਰੀ ਮਾਤਾ ਛੋਟੀ ਉਮਰ ਵਿਚ ਹੀ ਵਿਧਵਾ ਹੋ ਗਈ ਸੀ ਤੇ ਫੇਰ ਉਸ ਨੇ ਦੂਸਰੀ ਸ਼ਾਦੀ ਲਾਲਾ ਸ਼ਿਬੂ ਮੱਲ ਨਾਲ ਕਰ ਲਈ ਸੀ।

? ਭਗਤ ਜੀ ! ਤੁਸੀਂ ਆਪਣੇ ਬਚਪਨ ਦੀਆਂ ਕੁਝ ਉਹ ਗੱਲਾਂ ਦੱਸੋ ਜੋ ਤੁਹਾਨੂੰ ਅਜੇ ਤਕ ਯਾਦ ਹੋਣ ?

— (ਇਹ ਪ੍ਰਸ਼ਨ ਸੁਣ ਕੇ ਭਗਤ ਜੀ ਵਿਸਮਾਦ ਦੀ ਹਾਲਤ ਵਿਚ ਆ ਗਏ ਤੇ ਕਹਿਣ ਲੱਗੇ) ਮੇਰਾ ਬਚਪਨ ਸ਼ਹਿਜ਼ਾਦਿਆਂ ਵਾਂਗ ਬੀਤਿਆ ਹੈ। ਮੇਰਾ ਪਿਤਾ ਪਿੰਡ ਦਾ ਸ਼ਾਹ ਸੀ ਤੇ ਸਾਡੇ ਘਰ ਵਿਚ ਕਿਸੇ ਚੀਜ਼ ਦੀ ਥੁੜ੍ਹ ਨਹੀਂ ਸੀ। ਮੈਨੂੰ ਯਾਦ ਹੈ ਕਿ ਸਾਡੀ ਹਵੇਲੀ ਵਿਚ ਦੇਸੀ ਘਿਉ, ਬੂਰਾ, ਖੰਡ, ਗੁੜ ਦੀਆਂ ਮੱਟੀਆਂ ਨਾਲੋਂ ਨਾਲ ਪਈਆਂ ਹੁੰਦੀਆਂ ਸਨ। ਦੁੱਧ ਘਿਉ ਮੱਖਣ, ਮਲਾਈ ਖੁੱਲ੍ਹਾ ਖਾਣ ਨੂੰ ਮਿਲਦਾ ਸੀ। ਕਿਸੇ ਵਸਤੂ ਦੀ ਥੁੜ੍ਹ ਨਹੀਂ ਸੀ ਹੁੰਦੀ। ਕਣਕ, ਛੋਲਾ, ਮੱਕੀ ਤੇ ਕਪਾਹ ਦੇ ਢੇਰ ਸਾਡੀ ਹਵੇਲੀ 'ਚ ਲੱਗੇ ਰਹਿੰਦੇ ਸਨ। ਜੇ ਮੈਂ ਇਹ ਕਹਾਂ ਕਿ ਮੇਰਾ ਬਚਪਨ ਸ਼ਹਿਜ਼ਾਦਿਆਂ ਵਾਂਗ ਬੀਤਿਆ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਪਿੰਡ ਦੇ ਸ਼ਾਹ ਦਾ ਪੁੱਤਰ ਹੋਣ ਕਰਕੇ ਸਾਰਾ ਪਿੰਡ ਮੇਰੇ ਮੂਹਰੇ ਜੀ ਜੀ ਕਰਦਾ ਫਿਰਦਾ ਸੀ ਪਰ ਮੇਰੇ ਬਚਪਨ ਦੀ ਸਭ ਤੋਂ ਪਿਆਰੀ ਯਾਦ ਮੇਰੀ ਮਾਂ ਦਾ ਪਿਆਰ ਹੈ ਜੋ ਮੈਂ ਰੱਜ ਕੇ ਮਾਣਿਆ।

? ਭਗਤ ਜੀ! ਤੁਸੀਂ ਆਪਣੀ ਲਿਖਤ ਵਿਚ ਜਿਥੇ ਕਿਧਰੇ ਵੀ ਆਪਣੀ ਮਾਤਾ ਦਾ ਜ਼ਿਕਰ ਕੀਤਾ ਹੈ, ਬੜੇ ਸਤਿਕਾਰ ਨਾਲ ਕੀਤਾ ਹੈ। ਉਹ ਕਿਹੜੀਆਂ ਖਾਸ ਗੱਲਾਂ ਸਨ ਜਿਨ੍ਹਾਂ ਨੇ ਤੁਹਾਨੂੰ ਬਹੁਤ ਪ੍ਰਭਾਵਤ ਕੀਤਾ ?

— ਮਾਵਾਂ ਤਾਂ ਮਾਵਾਂ ਹੀ ਹੁੰਦੀਆਂ ਹਨ ਤੇ ਸਭ ਬੱਚਿਆਂ ਨੂੰ ਆਪਣੀਆਂ ਮਾਵਾਂ ਦਾ ਪਿਆਰ ਵੱਧ ਤੋਂ ਵੱਧ ਮਿਲਦਾ ਹੈ ਪਰ ਮੇਰੀ ਮਾਤਾ ਪਿਆਰ ਦੇ ਸੇਵਾ ਦੀ ਸਾਕਾਰ ਮੂਰਤ ਸੀ। ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਮੈਂ ਆਪਣੀ ਵੀਹ ਵਰ੍ਹਿਆਂ ਦੀ ਉਮਰ ਤੱਕ ਆਪਣੀ ਮਾਂ ਦੇ ਨਾਲ ਸੌਂਦਾ ਰਿਹਾ ਹਾਂ। ਮੇਰੀ ਮਾਂ ਨੇ ਮੈਨੂੰ ਪਿਆਰ ਦੀਆਂ ਲੋਰੀਆਂ ਦੇ ਦੇ ਕੇ ਤੇ ਮਹਾਂਪੁਰਸ਼ਾਂ ਦੀਆਂ ਕਹਾਣੀਆਂ ਸੁਣਾ ਸੁਣਾ ਕੇ ਮੇਰੇ ਆਚਰਣ ਦਾ ਵਿਕਾਸ ਕੀਤਾ ਹੈ। ਮੇਰੀ ਮਾਂ ਨੇ ਮੇਰੇ ਅੰਦਰ ਕੋਮਲ ਅਹਿਸਾਸ ਪੈਦਾ ਕੀਤੇ। ਉਸ ਨੇ ਬੜੀਆਂ ਰੀਝਾਂ ਨਾਲ ਮੈਨੂੰ ਪਾਲਿਆ। ਉਹ ਮੈਨੂੰ ਬੇਨਜ਼ੀਰ ਬੱਚਾ ਬਣਾਉਣਾ ਚਾਹੁੰਦੀ ਸੀ। ਉਸ ਦੇ ਬੁੱਲ੍ਹ ਹਰ ਸਮੇਂ ਸਿਮਰਣ ਵਿਚ ਹਿਲਦੇ ਰਹਿੰਦੇ ਸਨ ਤੇ ਉਹ ਸਦਾ ਰੱਬ ਪਾਸੋਂ ਮੇਰੀ ਸੁੱਖ ਮੰਗਦੀ ਸੀ। ਉਹ ਮੈਨੂੰ ਸਾਧਾਂ ਸੰਤਾਂ ਕੋਲ ਲੈ ਜਾਂਦੀ। ਉਸ ਨੇ ਮੈਨੂੰ ਰਿਸ਼ੀਕੇਸ਼ 'ਤੇ ਹਰਦੁਆਰ ਆਦਿ ਕਈ ਧਰਮ-ਅਸਥਾਨਾਂ ਦੀ ਯਾਤਰਾ ਵੀ ਕਰਵਾਈ। ਜਦੋਂ ਉਸ ਦੇ ਮਨ ਵਿਚ ਤਰਸ ਦੀ ਭਾਵਨਾ ਉਪਜਦੀ ਤਾਂ ਉਹ ਕੜਕਦੀ ਧੁੱਪ ਵਿਚ ਪਸ਼ੂਆਂ ਦੇ ਚੌਣੇ ਨੂੰ ਪਾਣੀ ਪਿਲਾਉਣ ਲਗ ਜਾਂਦੀ।

ਅੱਸੀ ਹੱਥ ਡੂੰਘੇ ਖੂਹ ਵਿਚੋਂ ਸਾਰਾ ਸਾਰਾ ਦਿਨ ਪਾਣੀ ਖਿਚਦੀ ਰਹਿੰਦੀ ਤੇ ਪਸ਼ੂਆਂ ਤੇ ਰਾਹੀਆਂ ਨੂੰ ਪਾਣੀ ਪਿਆਉਂਦੀ ਰਹਿੰਦੀ। ਸਚਮੁੱਚ ਮੇਰੀ ਮਾਂ ਇਕ ਕਲਾਕਾਰ ਸੀ ਜਿਸ ਨੇ ਮੈਨੂੰ ਬੜੀ ਸ਼ਰਧਾ ਤੇ ਪਿਆਰ ਨਾਲ ਘੜਿਆ ਤੇ ਸਵਾਰਿਆ ?

? ਭਗਤ ਜੀ! ਤੁਹਾਨੂੰ ਆਪਣੀ ਮਾਤਾ ਦੇ ਕਹੇ ਕੁਝ ਵਚਨ ਤਾਂ ਯਾਦ ਹੋਣਗੇ

— ਹਾਂ, ਕਿਉਂ ਨਹੀਂ। ਮੈਨੂੰ ਯਾਦ ਹੈ ਕਿ ਇਕ ਵਾਰੀ ਜਦੋਂ ਮੇਰੀ ਉਮਰ ਨੌਂ ਕੁ ਸਾਲ ਦੀ ਸੀ ਤਾਂ ਮੈਂ ਬੜਾ ਬਿਮਾਰ ਹੋ ਗਿਆ। ਚਾਰ ਪੰਜ ਦਿਨ ਮੈਨੂੰ ਤੇਜ਼ ਬੁਖਾਰ ਚੜ੍ਹਦਾ ਰਿਹਾ। ਮੇਰੀ ਮਾਂ ਗੋਡਿਆਂ ਪਰਨੇ ਹੋ ਕੇ ਪ੍ਰਾਰਥਨਾ ਕਰਦੀ ਜਾਂਦੀ ਸੀ, "ਰੱਬਾ ਮੇਰਾ ਪੁੱਤਰ ਰਾਜ਼ੀ ਹੋ ਜਾਵੇ। ਇਹ ਤੇਰੇ ਹੀ ਕੰਮ ਕਰਿਆ ਕਰੇਗਾ।" ਤੇ ਸੱਚਮੁੱਚ ਮੈਨੂੰ ਵਿਸ਼ਵਾਸ਼ ਹੈ ਕਿ ਮੈਂ ਆਪਣੀ ਮਾਂ ਦੀ

(ਬਾਕੀ ਪੰਨਾ 16 ਤੇ)

# ਵਿਆਪਕ ਭੁੱਖਮਰੀ ਦੇ ਜਬਾੜ੍ਹਿਆਂ 'ਚ

ਇੱਕ ਪਾਸੇ ਆਂਧਰਾ ਤੇ ਦੂਜੇ ਪਾਸੇ ਮੱਧ ਪ੍ਰਦੇਸ਼ ਨਾਲ ਲੱਗਦਾ, ਮੁੱਖ ਤੌਰ 'ਤੇ ਕਬਾਇਲੀ ਵਸੋਂ ਵਾਲਾ, ਉੜੀਸਾ ਦਾ ਕੋਰਾਪਟ ਜ਼ਿਲਾ ਇਹਨੀਂ ਦਿਨੀਂ ਭਿਆਨਕ ਸੋਕੇ, ਤੇ ਕਾਲ ਦੀ ਮਾਰ ਹੇਠ ਅਤਿਅੰਤ ਦੁੱਖੀ ਹੋਇਆ ਹੈ। ਪੀਣ ਵਾਲੇ ਪਾਣੀ, ਪਸ਼ੂਆਂ ਲਈ ਚਾਰੇ ਤੇ ਖਾਧ-ਖੁਰਾਕ ਦੀ ਗੰਭੀਰ ਥੁੜ ਕਾਰਨ ਕਬਾਇਲੀ ਪਰਿਵਾਰ, ਦਰਜਨਾਂ ਤੇ ਪਰਿਵਾਰਾਂ ਦੇ ਹਜਾਰਾਂ ਦੀ ਗਿਣਤੀ ਵਿੱਚ ਤੜਫ ਤੜਫ ਜਾਨਾਂ ਤੋੜ ਰਹੇ ਹਨ। ਭੁੱਖ ਨਾਲ ਬਿਹਬਲ ਕਬਾਇਲੀ ਪੇਟ ਦੀ ਅਗ ਬੁਝਾਉਣ ਲਈ ਜ਼ਹਿਰੀਲੇ ਜੰਗਲੀ ਫਲ, ਜੜ੍ਹਾਂ-ਬੂਟੀਆਂ ਜਾਂ ਮਰੇ ਹੋਏ ਪਸ਼ੂਆਂ ਦਾ ਮਾਸ, ਜੋ ਕੁਝ ਵੀ ਹੱਥ ਲਗਦਾ ਹੈ, ਖਾਣ ਲਈ ਮਜ਼ਬੂਰ ਹਨ। ਭੁੱਖ-ਤੇਹ ਨਾਲ ਮਰਨ ਤੋਂ ਇਲਾਵਾ ਜ਼ਹਿਰੀਲੀ ਖੁਰਾਕ ਸਦਕਾ ਵੀ ਅਨੇਕਾਂ ਮੌਤਾਂ ਹੋ ਰਹੀਆਂ ਹਨ। ਇਸ ਜਿਲੇ ਵਿੱਚ ਮੌਤ ਹੁਣ ਕੋਈ ਅਣਹੋਣੀ ਘਟਨਾ ਨਹੀਂ।

ਭੁਜਬਾਲਾ ਨਾਂ ਦੇ ਪਿੰਡ ਵਿੱਚ ਕਾਲ ਕਾਰਨ ਖਾਣ ਲਈ ਕੁਝ ਵੀ ਨਾ ਹੋਣ ਕਰਕੇ ਮਰੇ ਹੋਏ ਪਸ਼ੂ ਦਾ ਮਾਸ ਖਾਣ ਨਾਲ ਇੱਕ ਪੂਰਾ ਪਰਵਾਰ ਜ਼ਹਿਰ-ਵਾਅ ਹੋਣ ਨਾਲ ਦਮ ਤੋੜ ਗਿਆ। ਕਾਸ਼ੀਪੁਰ ਬਲਾਕ ਦੇ ਲਿਮਾਹਾ ਨਾਂ ਦੇ ਪਿੰਡ ਵਿੱਚ ਖਾਣ ਲਈ ਕੁੱਝ ਵੀ ਨਾ ਹੋਣ ਕਰਕੇ ਇੱਕ ਪਰਵਾਰ ਵੱਲੋਂ ਇਮਲੀ ਦੇ ਬੀਜਾ ਤੇ ਅੰਬ ਦੀਆਂ ਗੁਠਲੀਆਂ ਖਾਣ ਨਾਲ ਇੱਕ ਇੱਕ ਕਰਕੇ ਸਾਰਾ ਪ੍ਰਵਾਰ ਤੜਪ ਤੜਪ ਕੇ ਮਰ ਗਿਆ। ਜ਼ਹਿਰੀਲਾ ਸਾਗ ਖਾਣ ਨਾਲ ਲਕਸ਼ਮੀਪੁਰ ਕੋਂਡਾਸਾਈ ਪਿੰਡ ਦੇ ਕਬਾਇਲੀ ਪ੍ਰਵਾਰ ਦੇ ਇੱਕ ਜੀਅ ਤੋਂ ਬਿਨਾਂ ਸਭ ਮੈਂਬਰ ਤੜਪਦੇ-ਵਿਲਕਦੇ ਮੁੱਕ ਗਏ। ਮਾਲੀ ਗੁੱਡਾ ਪਿੰਡ ਦੇ 18 ਕਬਾਇਲੀ ਪੀਣ ਵਾਲੇ ਪਾਣੀ ਦੀ ਸਖਤ ਕਿੱਲਤ ਕਾਰਨ ਨਾਲੇ ਦਾ ਗੰਦਾ ਪਾਣੀ ਪੀਣ ਨਾਲ ਮਰ ਗਏ। ਸਥਾਨਕ ਜਨਤਾ ਪਾਰਟੀ ਆਗੂ ਅਨੁਸਾਰ ਇਸ ਜਿਲੇ ਵਿੱਚ ਹਰ ਸਾਲ 1000 ਤੋਂ ਉੱਪਰ ਆਦਮੀ ਦੂਸ਼ਿਤ ਪਾਣੀ ਪੀਣ ਨਾਲ ਮਰ ਜਾਂਦੇ ਹਨ। ਇਸ ਸਾਲ ਇਹ ਗਿਣਤੀ ਕਿਤੇ ਵਧੇਰੇ ਹੈ। ਇਕੱਲੇ ਇੱਕ ਬਲਾਕ ਵਿੱਚ ਹੀ ਹੁਣ ਤੱਕ ਜ਼ਹਿਰੀਲਾ ਪਾਣੀ ਪੀਣ ਨਾਲ 200 ਵਿਅਕਤੀ ਮਰ ਚੁੱਕੇ ਹਨ।

ਵਿਆਪਕ ਭੁੱਖਮਰੀ ਕਾਰਨ ਜਾਂ ਜ਼ਹਿਰੀਲੀਆਂ ਵਸਤਾਂ ਤੇ ਦੂਸ਼ਿਤ ਪਾਣੀ ਪੀਣ ਨਾਲ ਕਬਾਇਲੀਆਂ ਤੇ ਭਿਆਨਕ ਬਿਮਾਰੀਆਂ ਨੇ ਮਾਰੂ ਹੱਲਾ ਬੋਲ ਰੱਖਿਆ ਹੈ। ਹੈਜ਼ਾ, ਦਸਤ, ਬੁਖਾਰ, ਜ਼ਹਿਰ-ਵਾਅ ਤੇ ਅੰਤੜੀਆ ਦੀ ਸੋਜਸ਼ ਆਦਿਕ ਬੀਮਾਰੀਆਂ ਵੱਡੇ ਪੱਧਰ ਤੇ ਫੈਲੀਆਂ ਹਨ। ਇਹਨਾਂ ਬਿਮਾਰੀਆਂ ਨਾਲ ਹੀ ਹੁਣ ਤੱਕ 1000 ਤੋਂ ਵੱਧ ਜਾਨਾਂ ਜਾ ਚੁੱਕੀਆਂ ਹਨ।

ਇਹੋ ਜਿਹੀਆ ਹਾਲਤਾਂ ਵਿੱਚ ਵੀ ਸਰਕਾਰੀ ਅਧਿਕਾਰੀਆਂ ਦਾ ਰਵੱਈਆ ਮੁਜਰਮਾਨਾ ਹੈ। ਅਧਿਕਾਰੀ ਨਾ ਸਿਰਫ ਕਾਲ ਵਾਲੀ ਹਾਲਤ 'ਚ ਭੁੱਖਮਰੀ, ਗੰਦੇ ਪਾਣੀ ਪੀਣ ਤੇ ਭਿਆਨਕ ਬਿਮਾਰੀਆਂ ਨਾਲ ਹੋ ਰਹੀਆਂ ਮੌਤਾਂ ਨੂੰ ਤਸਲੀਮ ਕਰਨ ਤੋਂ ਹੱਠਧਰਮੀ ਨਾਲ ਇਨਕਾਰ ਕਰ ਰਹੇ ਹਨ ਸਗੋਂ ਗੋਡਾ ਮਿਨਾਕਾ ਨਾਂ ਦੇ ਇੱਕ ਕਬਾਇਲੀ, ਜਿਸਦਾ ਸਾਰਾ ਪ੍ਰਵਾਰ ਭੁੱਖਮਰੀ ਦੀਆਂ ਹਾਲਤਾਂ 'ਚ ਜ਼ਹਿਰੀਲੀ ਖੁਰਾਕ ਖਾਣ ਨਾਲ ਮਰ ਗਿਆ, ਨੇ ਦੱਸਿਆ ਹੈ ਕਿ ਪੁਲਸ ਉਸਨੂੰ ਇਸ ਕਰਕੇ ਤੰਗ-ਪ੍ਰੇਸ਼ਾਨ ਕਰ ਰਹੀ ਹੈ ਕਿਉਂਕਿ ਉਸਨੇ ਇਹਨਾ ਮੌਤਾਂ ਦਾ ਅਸਲ ਕਾਰਨ ਜ਼ਾਹਰ ਕਰ ਦਿੱਤਾ ਸੀ।

ਇਸ ਕਾਲ ਦੀ ਹਾਲਤ 'ਚ ਲੋਕ ਉਸ ਵੇਲੇ ਭੁੱਖ ਨਾਲ ਤੜਪ ਤੜਪ ਕੇ ਜਾਨਾਂ ਤੋੜ ਰਹੇ ਹਨ ਜਦੋਂ ਮੁਲਕ ਅੰਦਰ ਲੱਖਾਂ ਟਨ ਆਨਾਜ ਗੁਦਾਮਾਂ 'ਚ ਪਿਆ ਗਲ ਸੜ ਰਿਹਾ ਹੈ।

## ਰਿਸ਼ਤੇ ਨਾਤੇ

ਤਾਰਾ ਸਿੰਘ

ਇਕੱਲ ਦੀ ਕਿਰਮਚੀ ਰੰਗਤ, ਉਦਾਸੀ ਸ਼ਾਮ ਵਰਗੀ ਹੈ।
ਤੇ ਮੇਰੀ ਆਤਮਾ ਇਸ ਵਕਤ ਤੇਰੇ ਨਾਮ ਵਰਗੀ ਹੈ।
ਤੇਰੀ ਸੂਖਮ ਜਹੀ ਮੌਜੂਦਗੀ ਪੈਗ਼ਾਮ ਵਰਗੀ ਹੈ।
ਮੈਂ ਕਾਰਜ-ਮੁਕਤ ਹਾਂ, ਹਾਲਤ ਮੇਰੀ ਆਰਾਮ ਵਰਗੀ ਹੈ।

ਅਚਾਨਕ ਖ਼ੂਨੀ ਹੱਥਾਂ ਨੇ ਨਦੀ ਰੱਤ ਦੀ ਵਗਾ ਦਿਤੀ।
ਝੁਲਸ ਕੇ ਫੁੱਲ ਅੱਗ ਅੰਦਰ, ਨਫ਼ਰਤ ਦੀ ਹਵਾ ਦਿਤੀ।
ਬੇਊਟੇ ਪੰਛੀਆਂ ਸੰਗ ਆਹਲਣੇ ਨੂੰ ਅੱਗ ਲਾ ਦਿਤੀ।
ਗੁਨਾਹ ਜਾਬਰ ਨੇ ਕੀਤਾ, ਪਰ ਮਸੂਮਾਂ ਨੂੰ ਸਜ਼ਾ ਦਿਤੀ।

ਅਜੇ ਗੁਜ਼ਰੀ ਏ ਅੱਧੀ ਰਾਤ, ਅੱਧੀ ਹੋਰ ਬਾਕੀ ਏ।
ਧੜਕਦੇ ਦਿਲ ਤੋਂ ਲਗਦਾ ਏ, ਘਟਾ ਘਨਘੋਰ ਬਾਕੀ ਏ।
ਸਹਿਮ ਵਿਹੜੇ ਦਾ ਕਹਿੰਦਾ ਏ, ਕਿ ਘਰ ਵਿਚ ਚੋਰ ਬਾਕੀ ਏ।
ਅਜੇ ਦੁਰਗੰਧ ਬਲਦੇ ਮਾਣਸਾਂ ਦੀ ਹੋਰ ਬਾਕੀ ਏ।

ਹਨੇਰੀ ਲੰਘ ਗਈ ਏ, ਪਰ ਅਜੇ ਧਰਵਾਸ ਨਹੀਂ ਆਇਆ।
ਚਲੇ ਗਏ, ਮੁੜ ਨਹੀਂ ਆਉਣੇ, ਅਜੇ ਵਿਸ਼ਵਾਸ ਨਹੀਂ ਆਇਆ।
ਪਸ਼ੂਪਨ ਦਾ ਵਸਾਹ ਖਾਣਾ, ਅਸਾਨੂੰ ਰਾਸ ਨਹੀਂ ਆਇਆ।
ਜ਼ਖ਼ਮ ਰਿਸਦੇ ਪਏ ਨੇ, ਉਹਨਾਂ ਉਪਰ ਮਾਸ ਨਹੀਂ ਆਇਆ।

# ਪੋਸਟ ਮਾਰਟਮ
# "ਅਕਾਲੀ ਸਰਕਾਰ ਮੁਰਦਾਬਾਦ"

ਪਹਿਲੀ ਨਵੰਬਰ ਵਾਲੇ ਦਿਨ ਅੰਮ੍ਰਿਤਸਰ ਤੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਟਰੱਕਾਂ 'ਤੇ ਆਇਆ ਜਲੂਸ ਮਲੋਆ ਪੁੱਜਾ। ਇਹ ਬਿਮਲ ਖਾਲਸਾ ਦਾ ਪਿੰਡ ਹੈ, ਉਥੇ ਸਰਦਾਰ ਬਿਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਵਿਚ ਸ਼ਾਮਲ ਹੋਣ ਲਈ ਬਹੁਤ ਸਾਰੇ ਲੋਕ ਦੂਰੋਂ ਦੂਰੋਂ ਆਏ ਸਨ। ਜਦੋਂ ਫੈਡਰੇਸ਼ਨ ਦਾ ਜਲੂਸ ਮਲੋਆ ਪੁੱਜਾ ਤਦ ਹੋਰਨਾਂ ਤੋਂ ਉਪਰੰਤ ਇਕ ਨਾਅਰਾ "ਅਕਾਹਲੀ ਸਰਕਾਰ ਮੁ ਮੁਰਦਾਬਾਦ" ਦਾ ਵੀ ਲਗ ਰਿਹਾ ਸੀ।

"ਅਕਾਲੀ ਸਰਕਾਰ ਮੁਰਦਾਬਾਦ" ਕਹਿਣ ਵਾਲਿਆਂ ਵਿਚ ਕੁਝ ਉਹ ਸੱਜਣ ਵੀ ਸਨ, ਜਿਨ੍ਹਾਂ ਨੂੰ ਅਕਾਲੀ ਸਰਕਾਰ ਨੇ ਹੁਣੇ ਹੁਣੇ ਰਿਹਾ ਕਰਵਾਇਆ ਹੈ ਅਤੇ ਵਿਦਿਆਰਥੀਆਂ ਦਾ ਕੇਸ ਲੜ ਕੇ ਫੈਡਰੇਸ਼ਨ ਤੋਂ ਪਾਬੰਦੀ ਹਟਵਾਈ।

ਲੋਕ ਰਾਜ ਦੇ ਹਰ ਬੰਦੇ ਨੂੰ ਵਿਧਾਨ

ਲੋਕ ਰਾਜ ਦੇ ਹਰ ਬੰਦੇ ਨੂੰ ਵਿਧਾਨ ਦੇ ਦਾਇਰੇ ਦੇ ਅੰਦਰ ਰਹਿੰਦਿਆਂ ਹੋਇਆਂ ਕਈ ਕੁਝ ਕਹਿਣ ਦੀ ਖੁੱਲ੍ਹ ਹੈ। ਪਰ ਜਦੋਂ ਸ. ਬਸੰਤ ਸਿੰਘ ਖਾਲਸਾ ਫੈਡਰੇਸ਼ਨ ਵਾਲਿਆਂ ਤੋਂ ਉਨ੍ਹਾਂ ਦਾ ਮੈਮੋਰੰਡਮ ਲੈਣ ਗਏ ਤਾਂ "ਅਕਾਲੀ ਸਰਕਾਰ ਮੁਰਦਾਬਾਦ" ਦੇ ਨਾਅਰੇ ਸੁਣ ਕੇ ਬੜਾ ਦੁਖੀ ਹੋਏ। ਪਿਛਲੀ ਵਾਰੀ ਜਦੋਂ ਸ: ਖਾਲਸਾ, ਬਿਅੰਤ ਸਿੰਘ ਹੋਰਾਂ ਦੇ ਭੋਗ 'ਤੇ ਗਏ ਹੋਏ ਸਨ ਤਾਂ ਉਥੇ ਸ਼ਰਧਾਂਜਲੀ ਦੇਣ ਪਿਛੋਂ ਗ੍ਰਿਫਤਾਰ ਕਰ ਲਏ ਗਏ ਸਨ ਅਤੇ ਕਈ ਮਹੀਨੇ ਜੇਲ੍ਹ ਦੀ ਹਵਾ ਖਾਣੀ ਪਈ ਸੀ। ਐਤਕੀਂ ਉਨ੍ਹਾਂ ਦੇ ਨਾਲ ਉਹੀ ਪ ਪੁਲਸੀਏ ਉਨ੍ਹਾਂ ਦੀ ਰਾਖੀ ਕਰਨ ਲਈ ਗ ਏ ਸਨ ਜਿਹੜੇ ਉਨ੍ਹਾਂ ਨੂੰ ਮਲੋਆ ਤੋਂ ਗ੍ਰਿਫਤਾਰ ਕਰਕੇ ਲਿਆਏ ਸਨ। ਜੇ ਅਕਾਲੀ ਸਰਕਾਰ ਨਾ ਹੁੰਦੀ ਤਾਂ ਨਾ ਸ: ਖਾਲਸਾ ਨੇ ਉਥੇ ਜਾਣਾ ਸੀ ਤੇ ਨਾ ਵਿਦਿਆਰਥੀਆਂ ਨੇ ਉਥੇ ਤਕੱ ਪਹੁੰਚ ਸਕਣਾ ਸੀ। ਇਕ ਪਥ ਪੁਲਸੀਆ ਬੜੀ ਤ ਨਜ਼ ਨਾਲ ਇਕ ਵਿਦਿਆਰਥੀ ਨੂੰ ਕਹਿਣ ਲੱਗਾ, "ਤੁਸੀਂ ਸਿੱਖਾਂ ਦੇ ਪਥੁੱਤਰ ਹੋ। ਕੁਝ ਅਕਲ ਨਾਲ ਗੱਲ ਕਰੋ। ਜੇ ਅਕਾਲੀ ਸਰਕਾਰ ਮੁਰਦਾਬਾਦ ਕਹਿਣ ਤਕ ਚਲੇ ਗਏ ਹੋ ਤਦ ਨਾਲ ਲਗਦੇ "ਦਰਬਾਰਾ ਸਿੰਘ ਸ਼ਰਕਾਰ ਜ਼ਿੰਦਾਬਾਦ" ਵੀ ਕਹਿ ਦਿਓ, ਕਿਉਂਕਿ ਉਸ ਸਰਕਾਰ ਦੀ ਮਿਹਰਬਾਨੀ ਨਾਲ ਤੁਹਾਨੂੰ ਸਾਰਿਆਂ ਨੂੰ ਹੁਣ ਤੱਕ ਕੁਟਾਪਾ ਚੜ੍ਹਦਾ ਰਿਹਾ ਹੈ। ਕਈ ਮਾਰੇ ਗਏ ਅਤੇ ਕਈਆਂ ਦੀਆਂ ਲੱਤਾਂ ਬਾਹਾਂ ਤੋੜੀਆਂ ਗਈਆਂ ਅਤੇ ਬਹੁਤਿਆਂ ਨੂੰ ਜੇਲ੍ਹਾਂ ਵਿਚ ਕਸ਼ਟ ਸਹਿਣੇ ਪਏ। ਹੁਣ ਜਿਹੜੀ ਸਰਕਾਰ ਤੁਹਾਡੀਆਂ ਰਿਹਾਈਆਂ ਕਰਵਾ ਕੇ ਤੁਹਾਡੀ ਪੜ੍ਹਾਈ ਤੇ ਰੋਟੀ-ਟੁੱਕ ਦਾ ਪ੍ਰਬੰਧ ਕਰਨ ਲੱਗੀ ਹੈ ਉਸ ਨੂੰ ਤੁਸੀਂ ਕਿਸ ਮੂੰਹ ਨਾਲ ਮੁਦਰਾਬਾਦ ਕਹਿ ਰਹੇ ਹੋ। ਜੇ ਮੌਜੂਦਾ ਸਰਕਾਰ ਮੁਰਦਾਬਾਦ ਹੋ ਗਈ ਤਾਂ ਫੇਰ ਕੋਈ ਦਰਬਾਰਾ ਸਿੰਘ ਸਰਕਾਰ ਆਵੇਗੀ ਜਿਹੜੀ ਤੁਹਾਨੂੰ ਮੁਰਦਾਬਾਦ ਦੇ ਅਰਥ ਸਮਝਾਵੇਗੀ।"

ਸਰਕਾਰ ਨੂੰ ਮੁਦਰਾਬਾਦ ਦੇ ਨਾਅਰੇ ਤੋਂ ਬਿਲਕੁਲ ਨਹੀਂ ਘਬਰਾਉਣਾ ਚਾਹੀਦਾ ਸਗੋਂ ਵਿਦਿਆਰਥੀਆਂ ਨੂੰ ਆਪਣੇ ਭਰੋਸੇ ਵਿਚ ਲੈ ਕੇ ਪੁੱਛਣਾ ਚਾਹੀਦਾ ਹੈ ਕਿ ਤੁਸੀਂ ਸਾਨੂੰ ਜ਼ਿੰਦਾਬਾਦ ਕਦੋਂ ਕਹਿਣਾ ਸ਼ੁਰੂ ਕਰੋਗੇ।

—ਚਾਚਾ ਚੰਡੀਗੜ੍ਹੀਆ


NORTH AMERICAN LIFE
ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167



JOHAL'S COLLISION Ltd.



- ਪੂਰੀ ਬਾਡੀ ਦਾ ਕੰਮ
- ਮਾਡਰਨ ਫਰੇਮਾਂ ਦੀ ਮੁਰੰਮਤ
- ਮਾਡਰਨ ਕੁਆਲਿਟੀ ਪੇਂਟਿੰਗ
- ICBC ਦੇ ਕਲੇਮ ਜਲਦੀ ਹੈਂਡਲ
- ਮੁਫਤ ਐਸਟੀਮੇਟ
- ਪ੍ਰਾਈਵੇਟ ਕਲੇਮ ....ਵਾਜਬ ਰੇਟਾਂ ਤੇ

ALL TYPES OF BODY REPAIRS
— FREE ESTIMATES —
ALL WORK CONDITIONALLY GUARANTEED

- CARS
- TRUCKS

Balbir or Paul
12051 - 86th Ave. SURREY
Ph. 591-8151


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.............................................
Address..........................................
City.................................................
Province.........................................
Postal code.....................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................. | 65 dollars |
| Life membership.......... | 300 dollars |
| ASIA.......................... | 100 dollars[a year] |
| U.S.A. ........................ | 30 dollars [a year] |
| Europe ........................ | 100 dollars[a year] |
| Africa ......................... | 100 dollars [a year] |

(ਪੰਨਾ 10 ਦੀ ਬਾਕੀ)

ਤਦੇ ਚੌਧਰੀ ਉਥੋਂ ਲੰਘਿਆ। ਉਹ ਖੁਦ ਨੂੰ ਸੇਵਾਦਾਰ ਕਹਿੰਦਾ ਹੈ — 'ਪਬਲਿਕ ਦਾ ਸੇਵਾਦਾਰ।' ਵੇਲੇ-ਕੁਵੇਲੇ ਜਦ ਵੀ ਕੋਈ ਕੰਮ ਹੋਵੇ, ਉਸ ਕੋਲ ਜਾਓ, ਤਾਂ ਉਸੇ ਵੇਲੇ ਹੱਥ ਜੋੜ ਕੇ ਉਹ ਖੜਾ ਹੁੰਦਾ ਹੈ ਤੇ ਗੱਲ ਠੀਕ ਤਰ੍ਹਾਂ ਸੁਣੇ ਜਾਂ ਸਮਝੇ ਬਿਨਾਂ ਹੀ ਨਾਲ ਤੁਰ ਪੈਂਦਾ ਹੈ। "ਅਸੀਂ ਤਾਂ ਪਬਲਿਕ ਦੇ ਸੇਵਾਦਾਰ ਹਾਂ", ਉਹ ਕਹਿੰਦਾ ਹੈ। "ਸਾਡਾ ਤਾਂ ਜ਼ਿੰਦਗੀ ਵਿਚ ਕੁਝ ਬਣਿਆ-ਬਣਾਇਆ ਨਹੀਂ ਏ ਸਾਡਾ ਪਿਤਾ ਇਹ ਮਕਾਨ ਸਾਡੇ ਨਾਂ ਲਿਖ ਗਿਆ ਏ। ਏਸੇ ਦਾ ਕਿਰਾਇਆ ਖਾਂਦੇ ਹਾਂ ਤੇ ਪਬਲਿਕ ਦੀ ਸੇਵਾ ਕਰਦੇ ਹਾਂ।" ਅਜ ਚੌਧਰੀ ਬੜੀ ਬੇਢੰਗੀ ਜਹੀ ਟੋਪੀ ਪਾ ਕੇ ਆਇਆ ਸੀ, ਜੋ ਉਸ ਨ ਦੇ ਕਹਿਣ ਅਨੁਸਾਰ ਉਸ ਦੀ ਪਤਨੀ ਨੇ ਪੁਰਾਣੀਆਂ ਜੁਰਾਬਾਂ ਦੇ ਧਾਂਗੇ ਉਧੇੜ ਕੇ ਉਣ ਦਿਤੀ ਸੀ। ਉਸ ਵਿਚ ਭਿੰਨ-ਭਿੰਨ ਰੰਗਾਂ ਦੀਆਂ ਪੱਟੀਆਂ ਲਗੀਆਂ ਹੋਈਆਂ ਸਨ, ਤੇ ਉਪਰ ਫੁੰਮਣ ਲਟਕ ਰਿਹਾ ਸੀ ਚੌਧਰੀ ਬਿਲਕੁਲ ਜੋਕਰ ਲਗਦਾ ਸੀ।

"ਚੌਧਰੀ, ਦੁੱਧ ਦੀ ਕੀ ਪੁਜ਼ੀਸ਼ਨ ਏ ? ਆਏਗਾ ਜਾਂ ਨਹੀਂ ?" ਇਕ ਉਚੇ ਕੱਦ ਦਾ ਮਦਰਾਸੀ ਲਾਈਨ ਵਿਚ ਖੜੋਤਾ ਪੁਛਦਾ ਹੈ।

ਚੌਧਰੀ ਨੇ ਖੜੋ ਕੇ ਹੱਥ ਜੋੜ ਦਿਤੇ।

"ਹੁਣੇ-ਹੁਣੇ ਸੈਂਟਰ ਨੂੰ ਟੈਲੀਫੋਨ ਕੀਤਾ ਏ। ਬਾਬੂ ਕਹਿੰਦਾ ਏ ਕਿ ਦੁੱਧ ਤਾਂ ਬਹੁਤ ਏ, ਆਓ ਤੇ ਆ ਕੇ ਲੈ ਜਾਓ।"

"ਕੀ ਮਤਲਬ ? ਕੀ ਅਸੀਂ ਦੁੱਧ ਲੈਣ ਜਾਵਾਂਗੇ ? ਇੰਜ ਵੀ ਕਦੇ ਹੋਇਆ ਏ ? ਦੁੱਧ ਹੈ ਤਾਂ ਭੇਜਦਾ ਕਿਉਂ ਨਹੀਂ ?"

"ਕਹਿੰਦਾ ਏ ਕਿ ਦੁਧ ਦੇ ਤਾਂ ਡਰੰਮ ਦੇ ਡਰੰਮ ਭਰੇ ਪਏ ਨੇ, ਪਰ ਭੇਜੀਏ ਕਿਵੇਂ ?"

"ਕਿਉਂ ?"

"ਸਾਰੇ ... ਡਰਾਈਵਰ ਸਰਦਾਰ ਨੇ। ਉਹਨਾਂ ਨੂੰ ਨਹੀਂ ਭੇਜਿਆ ਜਾ ਸਕਦਾ। ਖਤਰਾ ਏ ਨਾ।"

ਕਹਿੰਦਾ ਹੋਇਆ ਚੌਧਰੀ ਨੇੜੇ ਆ ਗਿਆ ਤੇਂ ਮਦਰਾਸੀ ਦੇ ਕੰਨ ਕੋਲ ਮੂੰਹ ਲੈ ਜਾ ਕੇ ਬੋਲਿਆ :

"ਕੋਈ ਹਿੰਦੂ ਏਥੇ ਟਰੱਕ ਚਲਾਉਣਾ ਜਾਣਦਾ ਹੋਵੇ, ਤਾਂ ਜਾ ਕੇ ਲੈ ਆਏ।"

"ਏਥੋਂ ਕੌਣ ਜਾਏਗਾ ? ਚਲਾਣਾ ਜਾਣਦਾ ਵੀ ਹੋਇਆ, ਤਾਂ ਵੀ ਨਹੀਂ ਜਾਏਗਾ। ਰਾਹ ਵਿਚ ਕੁਝ ਵੀ ਹੋ ਸਕਦਾ ਏ।"

ਇਸ 'ਤੇ ਚੌਧਰੀ ਉਥੇ ਖੜਾ-ਖੜਾ ਉਚੀ ਆਵਾਜ਼ ਵਿਚ ਬੋਲਿਆ :

"ਏਧਰ ਦੁੱਧ ਲੈਣ ਲਈ ਸਾਰੇ ਨੇੜੇ ਆਉਣਗੇ, ਪਰ ਉਥੋਂ ਲੈਣ ਲਈ ਕੋਈ ਨਹੀਂ ਜਾਏਗਾ। ਪਬਲਿਕ ਦੀ ਸੇਵਾ ਕਰਨ ਵਿਚ ਹਿੰਦੂ ਦੀ ਮਾਂ ਮਰਦੀ ਏ।"

ਚੌਧਰੀ ਫੇਰ ਆਪਣਾ ਮੂੰਹ ਲੰਮੇ ਮਦਰਾਸੀ ਦੇ ਕੰਨ ਕੋਲ ਲੈ ਜਾ ਕੇ ਬੋਲਿਆ, "ਕਲ ਰਾਤ ਵਕੀਲ ਦਾ ਪੁੱਤਰ ਬਹੁਤ ਬੋਲਦਾ ਸੀ ਕਿ ਅਸੀਂ ਇਹ ਕਰ ਦਿਆਂਗੇ, ਉਹ ਕਰਬ ਦਿਆਂਗੇ। ਅਸੀਂ ਕਿਹਾ, ਸਾਈਂ, ਤੂੰ ਕੀ ਕਰ ਲਏਂਗਾ ? ਇਦ ਮੁਹੱਲਾ ਤਾਂ ਪਹਿਲਾਂ ਹੀ ਸ਼ਰਨਾਰਥੀਆਂ ਦਾ ਮੁਹੱਲਾ ਏ। ਏਥੇ ਤਾਂ ਲੁਟੇ ਹੋਏ ਲੋਕ ਆ ਕੇ ਸਿਰ ਲਕਾਉਣ ਲਈ ਬੈਠ ਗਏ ਸਨ, ਜਦ ਪਾਕਿਸਤਾਨ ਬਣਿਆ ਸੀ। ਹੁਣ ਉਹਨਾਂ ਚੋਂ ਹੀ ਸਿੱਖਾਂ ਨੂੰ ਚੁਣ-ਚੁਣ ਕੇ ਮਾਰੇਂਗਾ ?"

ਲੰਮੀ ਮਦਰਾਸੀ ਉਸ ਦੀ ਗੱਲ ਸੁਣ ਰਿਹਾ ਸੀ ਤੇ ਅੱਖਾਂ ਮੀਟ ਸਿਰ ਹਿਲਾਈ ਜਾ ਰਿਹਾ ਸੀ। ਮੁਹੱਲੇ ਭਰ ਵਿਚ ਚੌਧਰੀ ਬਾਰੇ ਮਸ਼ਹੂਰ ਸੀ ਕਿ ਜਿਹੜੀ ਗੱਲ ਕਹਿਣ ਲਾਇਕ ਨਹੀਂ ਹੁੰਦੀ ਸੀ, ਉਸ ਨੂੰ ਤਾਂ ਉਹ ਚੀਕ ਕੇ ਕਹਿੰਦਾ ਸੀ, ਪਰ ਜਿਹੜੀ ਗੱਲ ਬੇਮਾਨੀ ਜਹੀ ਹੁੰਦੀ ਸੀ, ਉਸ ਨੂੰ ਅਗਲੇ ਦੇ ਕੋਲ ਜਾ ਕੇ ਕੰਨ ਵਿਚ ਕਹਿੰਦਾ ਸੀ।

"ਕੱਲ੍ਹ ਤੂੰ ਸੀ ਕਿਥੇ, ਚੌਧਰੀ, ਜਦ ਲੁੱਟ-ਮਾਰ ਹੋ ਰਹੀ ਸੀ, ਲੋਕ ਦੁਕਾਨਾਂ ਜਲਾ ਰਹੇ ਸਨ ? ਤੂੰ ਕਿਤੇ ਨਜ਼ਰ ਨਹੀਂ ਆਇਆ।"

"ਕੀ ਮੈਂ ਮਰਨਾ ਸੀ ? ਉਹ ਗੁੰਡੇ ਪਤਾ ਨਹੀਂ ਕਿਥੋਂ ਆ ਗਏ ਸਨ। ਉਹਨਾਂ ਦੇ ਮੂੰਹ ਲਗਣ ਲਈ ਕੀ ਚੌਧਰੀ ਹੀ ਬੈਠਾ ਏ ?"

ਫੇਰ ਆਪਣੀ ਆਦਤ ਅਨੁਸਾਰ ਮਦਰਾਸੀ ਦੇ ਕੰਨ ਕੋਲ ਮੂੰਹ ਲੈ ਜਾ ਕੇ ਬੋਲਿਆ, "ਮੇਰੇ ਘਰ ਦਰਬਾਰ ਸਾਹਿਬ ਰਖਿਆ ਏ ਨਾ। ਇਕ ਕਮਰੇ ਵਿਚ ਅਸੀਂ ਛੋਟਾ ਜਿਹਾ ਗੁਰਦੁਆਰਾ ਬਣਾਇਆ ਹੋਇਆ ਏ ਨਾ, ਸਾਈਂ। ਹੁਣ ਕਿਸੇ ਬਦਮਾਸ਼ ਨੂੰ ਪਤਾ ਲਗ ਜਾਂਦਾ ਤਾਂ ਮੇਰੇ ਘਰ ਨੂੰ ਹੀ ਅੱਗ ਲਾ ਦਿੰਦਾ। ਹੁਣ ਆਪਣਾ ਹੀ ਕੋਈ ਬੰਦਾ ਉਹਨਾਂ ਗੁੰਡਿਆਂ ਨੂੰ ਦਸ ਦਿੰਦਾ ਕਿ ਏਧਰ ਦਰਬਾਰ ਸਾਹਿਬ ਰਖਿਆ ਏ, ਤਾਂ ਉਹ ਮੇਰੇ ਘਰਜ ਨੂੰ ਹੀ ਅੱਗ ਲਾ ਦਿੰਦੇ। ਅਸੀਂ ਹਿੰਦੂ ਤਾਂ ਇਕ-ਦੂਜੇ ਨੂੰ ਹੀ ਕਟਦੇ ਹਾਂ ਨਾ।"

ਮਦਰਾਸੀ ਫੇਰ ਅੱਖਾਂ ਮੀਟੀ ਚੌਧਰੀ ਦਾ ਰਹਿਸ ਸੁਣਦਾ ਤੇ ਸਿਰ ਹਿਲਾਉਂਦਾ ਰਿਹਾ। ਫੇਰ, ਅੱਖਾਂ ਖ੍ਹੋਲ ਕੇ ਬੋਲਿਆ :

"ਸ਼ਹਿਰ ਦੀ ਕੀ ਪੁਜ਼ੀਸ਼ਨ ਏ ?"

"ਏਧਰ ਪਿਛੇ, ਸੱਤ ਨਗਰ ਕੋਲ ਸੱਤ ਟਰੱਕ ਜਲਾ ਦਿਤੇ ਨੇ। ਏਧਯ ਵੀ ਨਿ ਮੋਟਰਾਂ ਜਲਾਈਆਂ ਨੇ। ਵੈਸਟ ਪਟੇਲ ਨਗਰ ਦੇ ਪਿਛੇ ਇਕ ਸਰਦਾਰ ਨੂੰ ਭੁੰਨ ਸੁਟਿਆ ਏ।"

ਮਦਰਾਸੀ ਚੌਧਰੀ ਦੇ ਚਿਹਰੇ ਵਲ ਵੇਖਣ ਲਗਾ। ਉਸ ਦੀਆਂ ਅੱਖਾਂ ਖੁਲ੍ਹੀਆਂ ਦੀਆਂ ਖੁਲ੍ਹੀਆਂ ਰਹਿ ਗਈਆਂ।

"ਕੌਣ ਸੀ ਉਹ ?"

"ਕੋਈ ਤਰਖਾਣ ਸੀ। ਆਪਣੀ ਧੀ ਨੂੰ ਮਿਲਣ ਆਇਆ ਸੀ। ਉਸ ਨੂੰ ਕੁਝ ਪਤਾ ਤਾਂ ਸੀ ਨਹੀਂ, ਫਸਾਦੀ ਆਏ ਤਾਂ ਵਿਚ ਕੁੱਦ ਪਿਆ। ਉਹਨਾਂ ਨੂੰ ਰੋਕਣ ਲੱਗਾ। ਹੁਣ ਉਥੇ ਕੌਣ ਸੁਣਨ ਵਾਲਾ ਸੀ ? ਉਸ ਨੂੰ ਉਥੇ ..."

ਮਦਰਾਸੀ ਦੀਆਂ ਅੱਖਾਂ ਖੁਲ੍ਹੀਆਂ ਸਨ ਤੇ ਚਿਹਰਾ ਪੀਲਾ ਪੈ ਗਿਆ ਸੀ। ਤੇ ਉਹ ਚੌਧਰੀ ਦੇ ਚਿਹਰੇ ਨੂੰ ਇਕ ਟਕ ਵੇਖੀ ਜਾ ਰਿਹਾ ਸੀ।

ਚੌਧਰੀ ਫੇਰ ਆਪਣੇ ਦੱਰੇ 'ਤੇ ਆ ਗਿਆ ਸੀ।

"ਕੱਲ੍ਹ ਰਾਤ ਵਕੀਲ ਦਾ ਪੁੱਤਰ ਕਹਿਣ ਲੱਗਾ, 'ਸਾਰੇ ਸਿੱਖ ਗੁਰਦੁਆਰੇ ਵਿਚ ਇਕੱਠੇ ਹੋ ਰਹੇ ਹਨ ਨੇ। ਅਸਲਾ ਜਮ੍ਹਾ ਕਰ ਰਹੇ ਨੇ। ਰਾਤੀਂ ਦੋ ਵਜੇ ਨੰਗੀਆਂ ਤਲਵਾਰਾਂ ਲੈ ਕੇ ਬਾਹਰ ਨਿਕਲ ਆਉਣਗੇ।' ਮੈਂ ਕਿਹਾ, 'ਮੇਰੇ ਸਾਹਮਣੇ ਤਾਂ ਇਕ ਵੀ ਸਿਖ ਘਰੋਂ ਨਹੀਂ ਨਿਕਲਿਆ। ਉਹ ਸਾਰੇ ਗੁਰਦੁਆਰੇ ਵਿਚ ਕਿਵੇਂ ਪਹੁੰਚ ਗਏ ? ਤੇ ਇਸ ਵੇਲੇ ਅਸਲਾ ਕਿਥੋਂ ਲਿਆਉਣਗੇ ? ਸਿ ਸਾਰੇ ਸਿੱਖ ਘਰਾਂ ਵਿਚ ਬੈਠੇ ਨੇ।"

ਤੇ ਚੌਧਰੀ ਨੇ ਧੌਣ 'ਤੇ ਹੱਥ ਫੇਰਦਿਆਂ ਤੇ ਆਪਣੀ ਰੰਗ-ਬਿਰੰਗੀ ਟੋਪੀ ਨੂੰ ਮੱਥੇ 'ਤੇ ਸਰਕਾਉਂਦਿਆਂ ਕਿਹਾ, "ਓ ਸਾਈਂ, ਏਧਰ ਕਿਸੇ ਨੂੰ ਪਤਾ ਨਹੀਂ ਚਲ ਰਿਹਾ ਕਿ ਕੀ ਕਰੀਏ।" ਫੇਰ ਮਦਰਾਸੀ ਦੇ ਕੰਨ ਕੋਲ ਮੂੰਹ ਲੈ ਜਾ ਕੇ ਬੋਲਿਆ, "ਹਾਲੀ ਨਾਸਮਝ ਏ ਨਾ। ਹਿੰਦੂ-ਸਿਖ ਵਿਚ ਪਹਿਲਾਂ ਕਦੇ ਝਗੜਾ ਤਾਂ ਨਹੀਂ ਹੋਇਆ ਨਾ, ਇਹੋ ਗਲ ਏ। ਹਾਲੀ ਦੋਵੇਂ ਕੱਚੇ ਖਿਡਾਰੀ ਨੇ।" ਫੇਰ ਹੱਸ ਕੇ ਕਹਿਣ ਲਗਾ, "ਹੌਲੀ-ਹੌਲੀ ਸਿਖ ਜਾਣਗੇ। ਹਿੰਦੂ-ਮੁਸਲਿਮ ਦਾ ਦੰਗਾ ਹੁੰਦਾ ਏ ਕਿ ਨਹੀਂ ? ਉਸ ਨੂੰ ਅਸੀਂ ਚੰਗੀ ਤਰ੍ਹਾਂ ਪਛਾਣਦੇ ਹਾਂ। ਪਿਛੋਂ ਕਿਸੇ ਦੇ ਕਦਮਾਂ ਦੀ ਬਿੜਕ ਵੀ ਆ ਜਾਏ, ਤਾਂ ਪਛਾਣ ਲੈਂਦੇ ਹਾਂ ਕਿ ਹਿੰਦੂ ਆ ਰਿਹਾ ਏ, ਜਾਂ ਮੁਸਲਮਾਨ। ਕਿਉਂ ਸਾਈਂ ? ਪਰ ਇਹ ਤਾਂ ਹਾਲੀ ਇਸ ਕੰਮ ਵਿਚ ਨਵੇਂ ਹਨ ਨਾ ?"

ਫੇਰ ਅਵਾਜ਼ ਨਵੀਂ ਕਰ ਕੇ ਬੋਲਿਆ :

"ਮੇਰੇ ਗਵਾਂਢ ਵਿਚ ਉਹ ਸਰਦਾਰ ਰਹਿੰਦਾ ਏ ਨਾ ? ਉਹੋ ਲੰਮਕਾ ਉਚਾ। ਅੱਜ ਸਵੇਰੇ ਬੂਹਾ ਖੋਲ੍ਹਿਆ ਤਾਂ ਵੇਖਿਆ, ਉਹ ਆਪਣੇ ਘਰ ਦੇ ਬਾਹਰ ਖੜਾ ਸੀ। ਮੈਂ ਪੁਛਿਆ, 'ਸਰਦਾਰ ਜੀ, ਸਵੇਰੇ-ਸਵੇਰੇ ਕਿਥੇ ਜਾ ਰਹੇ ਹੋ ?" ਤਾਂ ਬੋਲਿਆ, 'ਰਤਾ ਘੁੰਮਣ ਜਾ ਰਿਹਾ ਹਾਂ।' ਲਓ ਸੁਣੋ, ਸ਼ਹਿਰ ਵਿਚ ਕੀ ਹੋ ਰਿਹਾ ਏ, ਤੇ ਇਹ ਘੁੰਮਣ ਜਾ ਰਿਹਾ ਏ ! ਮੈਂ ਕਿਹਾ, 'ਸਰਦਾਰ ਜੀ, ਅੱਜ ਦੇ ਦਿਨ ਘੁੰਮਣ ਕੌਣ ਜਾਂਦਾ ਏ ?' ਤਾਂ ਕਹਿਣ ਲੱਗਾ, 'ਘੁੰਮਣ ਦੀ ਮੈਨੂੰ ਆਦਤ ਏ। ਘਰ ਬੈਠ ਨਹੀਂ ਸਕਦਾ।' ਉਹ ਰੋਜ਼ ਸਵੇਰੇ ਪਾਰਕ ਵਿਚ ਟਹਿਲਣ ਜਾਂਦਾ ਏ। ਬੜੀ ਮੁਸ਼ਕਲ ਨਾਲ ਉਸ ਨੂੰ ਘਰ ਦੇ ਅੰਦਰ ਭੇਜਿਆ।"

ਫੇਰ, ਚੌਧਰੀ ਬੜੇ ਫਲਸਫਾਨਾ ਅੰਦਾਜ਼ ਵਿਚ ਬੋਲਿਆ :

"ਹਾਲੀ ਸ਼ੁਰੂਆਤ ਏ, ਸਾਈਂ। ਹਾਲੀ ਸ਼ੁਰੂਆਤ ਏ। ਜਦ ਸਿਖ ਜਾਣਗੇ, ਤਾਂ ਅਜਿਹੀਆਂ ਗਲਤੀਆਂ ਨਹੀਂ ਕਰਨਗੇ। ਹਾਲੀ ਅਨਾੜੀ ਨੇ ਨਾ, ਏਸੇ ਲਈ। ਜਦ ਸਿਖ ਜਾਣਗੇ, ਤਾਂ ਦੂਰੋਂ ਹੀ ਇਕ-ਦੂਜੇ ਨੂੰ ਵੇਖ ਰੋਂਗਟੇ ਖੜੇ ਜਾਇਆ ਕਰਨਗੇ। ਹਾਲੀ ਤਾਂ ਬੱਚਾ ਪੈਰਾਂ ਭਾਰ ਖੜੋਣਾ ਸਿਖ ਰਿਹਾ ਏ।..."

ਚੌਧਰੀ ਫੇਰ ਧੌਣ 'ਤੇ ਹੱਥ ਫੇਰਦਿਆਂ ਕਹਿਣ ਲੱਗਾ :

"ਕੱਲ੍ਹ ... ਸ਼ਾਮੀਂ, ਜਦ ਦਵਾਈਆਂ ਵਾਲੇ ਦੀ ਦੁਕਾਨ ਜਲਾਈ ਗਈ, ਤਾਂ ਏਸੇ ਸਰਦਾਰ ਦੇ ਛੋਟੇ-ਛੋਟੇ ਬੱਚੇ ਪਿਛਲੇ ਬੂਹੇ 'ਚੋਂ ਭੱਜ ਕੇ ਨਿਕਲ ਗਏ। ਅੱਗ ਦਾ ਤਮਾਸ਼ਾ ਵੇਖਣ। ਇਹ ਤਾਂ ਹਾਲ ਏ ! ਪਿਛੇ-ਪਿਛੇ ਮਾਂ ਭਜਦੀ ਹੋਈ ਗਈ।" ਫੇਰ ਅਚਾਨਕ ਘੜੀ ਵਲ ਵੇਖ ਕੇ ਬੋਲਿਆ, "ਚੰਗਾ ਚਲਾਂ। ਦੁੱਧ ਦਾ ਪਤਾ ਲਾਵਾਂ।"

ਤੇ ਉਹ ਮੁੜ ਕੇ ਗੋਗੜ ਖੁਰਕਦਾ ਉਥੋਂ ਚਲਾ ਗਿਆ।

ਲਾਈਨ ਵਿਚ ਖੜੋਤੇ ਕਨ੍ਹਈਆ ਲਾਲ ਨੂੰ ਲਗਾ, ਜਿਵੇਂ ਅਸੀਂ ਸਾਰੇ ਕਿਸੇ ਬਨੇਰੇ 'ਤੇ ਖੜੋਤੇ ਹਾਂ, ਤੇ ਇਕ ਪਤਲੀ ਜਿਹੀ ਕੱਚ ਦੀ ਕੰਧ ਨੇ ਸਾਨੂੰ ਡਿਗਣੋ ਬਚਾਇਆ ਹੋਇਆ ਹੈ। ਇਹ ਕੱਚ ਦੀ ਕੰਧ ਤਿੜਕ ਗਈ, ਤਾਂ ਬਚਾਅ ਦਾ ਕੋਈ ਵੀ ਸਾਧਨ ਨਹੀਂ ਰਹੇਗਾ। ਤੇ ਅਸੀਂ ਸਿੱਧੇ ਕਿਸੇ ਅਥਾਹ ਖੱਡ ਵਿਚ ਜਾ ਡਿਗਾਂਗੇ। ਤੇ ਉਸ ਨੇ ਫੇਰ ਕਿਹਾ, "ਬਹੁਤ ਬੁਰਾ ਹੋ ਰਿਹਾ ਏ, ਬਹੁਤ ਬੁਰਾ ਚ-ਚ-ਚ !"

ਤੇ ਉਸ ਨੇ ਮਹਿਸ ਮ ਮਹਿਸੂਸ ਕੀਤਾ ਕਿ ਹਰ ਸੰਕਟ ਭਰੀ ਘਟਨਾ ਦੀ ਖਬਰ ਮਿਲਣ 'ਤੇ ਉਹ ਪਿਛਲੇ ਤਿੰਨ ਸਾਲ ਤੋਂ ਇਕੋ ਫਿਕਰਾ ਦੁਹਰਾਉਂਦਾ ਚਲਾ ਆ ਰਿਹਾ ਹੈ। ਜਦ ਆਤੰਕਵਾਦੀਆਂ ਦੇ ਹੱਥੋਂ ਹੱਤਿਆਵਾਂ ਹੋ ਰਹੀਆਂ ਸਨ, ਤਦ ਵੀ ਉਹ ਇਹੋ ਕਹਿੰਦਾ ਸੀ। ਜਦ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਹੋਈ, ਤਦ ਵੀ ਉਸ ਨੇ ਇਹੋ ਕਿਹਾ। ਜਦ ਇੰਦਰਾ ਗਾਂਧੀ ਦੀ ਨਿਰਦਈ ਹੱਤਿਆ ਹੋਈ, ਤਦ ਵੀ ਉਹ ਇਹੋ ਕਹਿੰਦਾ ਰਿਹਾ। ਤੇ ਹੁਣ ਜਦ ਉਸ ਨੂੰ ਮੁਲਕ ਬਨੇਰੇ 'ਤੇ ਖੜਾ ਲਗ ਰਿਹਾ ਹੈ, ਤਦ ਵੀ ਉਸ ਦੇ ਮੂੰਹੋਂ ਇਹੋ ਲਫਜ਼ ਨਿਕਲ ਰਹੇ ਹਨ।

ਤਰਖਾਣ ਸਿੱਖ ਨੂੰ ਜਿਉਂਦੇ-ਜੀਅ ਜਲਾ ਦੇਣ ਦੀ ਗੱਲ ਸੁਣ ਕੇ ਉਸ ਦੀਆਂ ਲੱਤਾਂ ਕੰਬਣ ਲਗੀਆਂ ਸਨ। ਉਂਜ ਵੀ, ਉਹ ਬੜਾ ਉਦਾਸ ਮਹਿਸੂਸ ਕਰਨ ਲਗਾ ਸੀ। ਖੜਾ-ਖੜਾ ਉਹ ਥੱਕ ਵੀ ਗਿਆ ਸੀ ਕਿ ਪਤਾ ਨਹੀਂ ਦੁੱਧ ਆਉਂਦਾ ਵੀ ਹੈ ਕਿ ਨਹੀਂ। ਉਸ ਦੇ ਦਿਲ 'ਚ ਆਇਆ ਕਿ ਉਥੋਂ ਨਿਕਲ ਜਾਏ। ਤਦੇ ਉਸ ਦੀ ਨਜ਼ਰ ਆਪਣੇ ਨੇੜੇ ਖੜੀ, ਆਪਣੇ ਦੋਸਤ ਸਕਸੈਨਾ ਦੀ ਧੀ 'ਤੇ ਪਈ, ਜੋ ਹੱਥ ਵਿਚ ਤਿੰਨ ਡੋਲਚੀਆਂ ਚੁੱਕੀ ਖੜੀ ਸੀ। ਕਨ੍ਹਈਆ ਲਾਲ ਨੂੰ ਬੜਾ ਅਜੀਬ ਜਿਹਾ ਲਗਾ। ਏਸ ਦੁੱਧ ਦਾ ਕੋਈ ਟਿਕਾਣਾ ਨਹੀਂ। ਪਤਾ ਨਹੀਂ, ਆਏਗਾ ਵੀ ਜਾਂ ਨਹੀਂ। ਤੇ ਇਹ ਹੈ ਕਿ ਤਿੰਨ ਡੋਲਚੀਆਂ ਚੁੱਕੀ ਖੜੀ ਹੈ !

"ਤੂੰ ਤਿੰਨ ਡੋਲਚੀਆਂ ਚੁੱਕ ਲਿਆਈ ਏਂ। ਇਹ ਲਾਈਨ ਵੇਖੀ ਏ ? ਜੇ ਸਾਰੇ ਜਣੇ ਤਿੰਨ-ਤਿੰਨ ਡੋਲਚੀਆਂ ਦੁੱਧ ਲੈਣਾ ਚਾਹੁਣਗੇ, ਤਾਂ ਕਿੰਨਿਆਂ ਨੂੰ ਦੁੱਧ ਮਿਲੇਗਾ ?"

ਕੁੜੀ ਸ਼ਰਮਾ ਗਈ। ਫ਼ੇਰ ਉਸ ਨੇ ਹੌਲੀ ਹੌਲੀ ਜਿਹਾ ਕਿਹਾ, "ਇਕ ਡੋਲਚੀ ਨਾਲ ਵਾਲਿਆਂ ਦੀ ਏ — ਸਰਦਾਰ ਅੰਕਲ ਦੀ। ਦੂਜੀ ਉਪਰ ਵਾਲਿਆਂ ਦੀ ਏ ਤੇ ਇਕ ਸਾਡੀ ਏ।"

ਨਾਲ ਵਾਲੇ ? ਕਨ੍ਹਈਆ ਲਾਲ ਨੂੰ ਅਚਾਨਕ ਖਿਆਲ ਆਇਆ ਕਿ ਉਥੇ ਦੋਹਾਂ ਘਰਾਂ ਵਿਚ ਸਿਖ ਪਰਵਾਰ ਰਹਿੰਦੇ ਹਨ। ਤਦੇ ਉਸ ਦੀ ਨਜ਼ਰ ਲਾਈਨ ਵਿਚ ਖੜੇ ਹੋਰਨਾਂ ਕਈ ਬੰਦਿਆਂ 'ਤੇ ਪਈ, ਜੋ ਆਪਣੇ ਹੱਥਾਂ ਵਿਚ ਦੋ-ਦੋ ਜਾਂ ਤਿੰਨ ਤਿੰਨ ਡੋਲਚੀਆਂ ਚੁੱਕੀ ਖੜੇ ਸਨ। ਉਹ ਬੇਚੈਨ ਜਿਹਾ ਮਹਿਸੂਸ ਕਰਨ ਲਗਾ।

ਕੁਝ ਹੀ ਦੂਰ ਗੂ ਗੰਜੇ ਸਿਰ ਵਾਲਾ ਇਕ ਆਦਮੀ ਲਾਈਨ ਵਿਚ ਖੜੇ ਇਕ ਬੰਦੇ ਤੋਂ ਕਿਸੇ ਦੇ ਘਰ ਦਾ ਅਤਾ-ਪਤਾ ਪੁਛ ਰਿਹਾ ਸੀ। ਕਨ੍ਹਈਆ ਲਾਲ ਨੇ ਉਸ ਨੂੰ ਪਛਾਣ ਲਿਆ। ਓ ਉਹ ਬਲਰਾਮ ਸੀ, ਜੋ ਰਾਜਿੰਦਰ ਨਗਰ ਵਿਚ ਰਹਿੰਦਾ ਸੀ ਏਥੇ ਉਹ ਕੀ ਕਰਨ ਆਇਆ ਹੈ ?

"ਬਲਰਾਮ ?" ਕਨ੍ਹਈਆ ਲਾਲ ਨੇ ਉਸ ਨੂੰ ਬੁਲਾਇਆ।

ਬਲਰਾਮ ਨੇ ਸਿਰ ਉਚਾ ਕੀਤਾ ਤੇ ਲਾਈਨ ਵਿਚ ਕੁਝ ਚਿਰ ਵੇਖਦੇ ਰਹਿਣ ਪਿਛੋਂ ਕਨ੍ਹਈਆ ਲਾਲ ਨੂੰ ਪਛਾਣ ਕੇ ਅਗੇ ਵਧਿਆ।

"ਏਧਰ ਸਵੇਰੇ-ਸਵੇਰੇ ਕੀ ਕਰਨ ਆਏ ਹੋ ? ਕੀ ਕਿਤੇ ਅੱਗ ਲਾਉਣ ਆਏ ਹੋ ?"

ਬਲਰਾਮ ਮੁਸਕਰਾਇਆ ?

"ਹੁਣ ਇਹੋ ਕੰਮ ਕਰਨਾ ਬਾਕੀ ਰਹਿ ਗਿਆ ਏ। ਇਹੋ ਕਰਨ ਆਇਆ ਹਾਂ।" ਫੇਰ ਹੌਲੀ ਜਿਹੀ ਬੋਲਿਆ, "ਏਧਰ ਕਿਸੇ ਨੂੰ ਮਿਲਣ ਆਇਆ ਹਾਂ।"

"ਕਿਸ ਨੂੰ ?"

"ਇਕ ਬਜ਼ੁਰਗ ਸਰਦਾਰ ਜੀ ਨੇ। ਪਾਕਿਸਤਾਨ ਤੋਂ ਨੇ। ਸਾਡੇ ਹੀ ਕਸਬੇ ਦੇ ਨੇ। ਸਾਡੇ ਪਿਤਾ ਜੀ ਦੇ ਚੰਗੇ ਦੋਸਤ ਸਨ। ਮੈਂ ਸੋਚਿਆ, ਉ ਉਹਨਾਂ ਦੀ ਖੈਰ-ਖਬਰ ਲੈ ਆਵਾਂ। ਕੱਲ੍ਹ ਬੜੀ ਗੜਬੜ ਰਹੀ ਏ ਨਾ।"

ਫੇਰ ਆਸ-ਪਾਸ ਦੇ ਮਕਾਨਾਂ ਵਲ ਉਪਰ ਥੱਲੇ ਵੇਖ ਕੇ ਬੋਲਿਆ, "ਏ ਏਥੇ ਈ ਕਿਤੇ ਰਹਿੰਦੇ ਨੇ। ਹੁਣ ਮੈਂ ਮਕਾਨ ਭੁੱਲ ਗਿਆ ਹਾਂ। ਬਹੁਤ ਦਿਨਾਂ ਤੋਂ ਮੁਲਾਕਾਤ ਨਹੀਂ ਹੋਈ ਏ।"

ਫੇਰ, ਕਨ੍ਹਈਆ ਲਾਲ ਵਲ ਵੇਖ ਕੇ ਮੁਸਕਰਾਉਂਦਾ ਹੋਇਆ ਮੁੜ ਗਿਆ।

(ਬਾਕੀ ਪੰਨਾ 14 ਤੇ)


ਜਗਦੀਸ਼ ਸਿੰਘ ਨੋਟਰੀ ਪਬਲਿਕ

(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ

ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੋਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver. B.C. V5P 1C9

Off. 324-6727
Res. 324-4160



*A Lifetime of Memories*

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
**Andrew W. Simpson**
Master of Photographic Arts

**Clearbrook Photographic Arts Inc.**
2623 Cedar Park Place Clearbrook, B.C. V2J 3S4

**Ph. 859-4222**

(ਪੰਨਾ 13 ਦੀ ਬਾਕੀ)

"ਸ਼ਾਇਦ ਪਿਛਲੀ ਸੜਕ 'ਤੇ ਰਹਿੰਦੇ ਨੇ। ਸਰਦਾਰ ਕੇਸਰ ਸਿੰਘ ਉਹਨਾਂ ਦਾ ਨਾਂ ਏ। ਮੋਟਰ-ਪਾਰਟਸ ਦੀ ਦੁਕਾਨ ਏ ਉਹਨਾਂ ਦੀ।"

ਤੇ ਉਹ ਪਿਛਲੀ ਸੜਕ ਵਲ ਮੁੜ ਗਿਆ।

ਉਸ ਨੂੰ ਜਾਂਦਿਆਂ ਵੇਖ ਕੇ ਕਨ੍ਹਈਆ ਲਾਲ ਨੂੰ ਲਗਾ, ਜਿਵੇਂ ਅਸੀਂ ਸਾਰੇ ਲੋਕ ਇਤਿਹਾਸ ਦੇ ਝੁਟਪੁਟੇ ਵਿਚ ਜੀਹ ਰਹੇ ਹਾਂ। ਆਪਸੀ ਰਿਸ਼ਤਿਆਂ ਦੇ ਇਤਿਹਾਸ ਦਾ ਵਰਕਾ ਪਰਤਿਆ ਜਾ ਰਿਹਾ ਹੈ, ਅਗਲਾ ਖੁਲ੍ਹ ਰਿਹਾ ਹੈ। ਇਸ ਅਗਲੇ ਸਫੇ 'ਤੇ ਪਤਾ ਨਹੀਂ ਸਾਡੇ ਲਈ ਕੀ ਲਿਖਿਆ ਹੋਵੇਗਾ।

ਤਦੇ ਕਿਤੇ ਦੂਰੋਂ ਘਰ-ਘਰਾਉਣ ਦੀ ਆਵਾਜ਼ ਸੁਣਾਈ ਦਿਤੀ। ਲਾਈਨ ਵਿਚ ਖੜੋਤੇ ਸਾਰੇ ਲੋਕਾਂ ਦੇ ਕੰਨ ਖੜੇ ਹੋ ਗਏ। ਕਿਸੇ ਕਿਸਮ ਦ ਦੀ ਵੀ ਉਚੀ ਆਵਾਜ਼ ਸੁਣ ਕੇ ਲੋਕ ਤ੍ਰਭਕ ਉਠਦੇ ਸਨ।

ਫੇਰ, ਇਕ ਆਦਮੀ, ਜੋ ਕਿਸੇ ਘਰ ਦਾ ਨੌਕਰ ਜਾਪਦਾ ਸੀ, ਮੋੜ ਕੱਟ ਕੇ ਭਜਦਾ ਹੋਇਆ ਸਾਹਮਣੇ ਆਇਆ:

"ਦੁੱਧ ਆ ਗਿਆ! ਦੁੱਧ ਦੀ ਲਾਰੀ ਆ ਗਈ!"

ਤੇ ਕਨ੍ਹਈਆ ਲਾਲ ਲਾਈਨ ਵਿਚ ਆਪਣੀ ਥਾਂ 'ਤੇ ਆ ਕੇ ਖੜੋ ਗਿਆ। ਦੁੱਧ ਕਿਵੇਂ ਪਹੁੰਚ ਗਿਆ? ਸਾਰੀਆਂ ਦ ਸਾਰਿਆਂ ਦੀਆਂ ਅੱਖਾਂ ਸੜਕ ਦੇ ਮੋੜ ਵਲ ਲਗ ਗਈਆਂ।

ਲਾਰੀ ਨੇ ਮੋੜ ਕੱਟਿਆ ਤੇ ਇਠਲਾਉਂਦੀ ਹੋਈ ਡੀਪੂ ਵਲ ਆਉਣ ਲਗੀ। ਹਜੋਕੇ ਖਾਂਦੀ, ਥਾਂ-ਥਾਂ ਤੋਂ ਘਿਸੀਪਿਟੀ, ਪਰ ਲਾਈਨ ਵਿਚ ਖੜੇ ਲੋਕਾਂ ਦੀ ਨਜ਼ਰ ਵਿਚ ਹਰ ਤਰ੍ਹਾਂ ਨਾਲ ਸੁਹਣੀ ਲਗ ਰਹੀ ਸੀ। ਲਾਈਨ ਵਿਚ ਹਰਕਤ ਆ ਗਈ। ਉਹ ਟੁੱਟਣ ਨੂੰ ਹੋਈ, ਪਰ ਛੇਤੀ ਹੀ ਸੰਭਲ ਗਈ। ਲੰਮੀ ਲਾਈਨ ਇਕ ਵਾਰ ਟੁਟ ਜਾਏ, ਤਾਂ ਰੌਲਾ ਪੈ ਜਾਂਦਾ ਹੈ।

ਲਾਰੀ ਐਨ ਡੀਪੂ ਦੇ ਸਾਹਮਣੇ ਆ ਕੇ ਰੁਕੀ। ਡਰਾਈਵਰ ਨੇ ਬਾਰੀ 'ਚੋਂ ਸਿਰ ਬਾਹਰ ਕੱਢਿਆ ਤੇ ਪਿਛੇ ਖੜੇ ਕਲੀਨਰ ਨੂੰ ਵਾਜ ਮਾਰੀ। ਫੇਰ ਬੂਹਾ ਖੋਹਲ ਕੇ ਪਾਏਦਾਨ 'ਤੇ ਖੜਾ ਹੋ ਗਿਆ।

ਡਰਾਇੰਵਰ ਤਾਂ . ਸਰਦਾਰ ਹੈ।!? f ਇਹ ਏਥੇ ਕਿਵੇਂ ਪਹੁੰਚ ਗਿਆ? ਲੰਮੀ ਲਾਈਨ ਵਿਚ ਖੜੇ ਸਾਰੇ ਲੋਕ ਸਿਖ ਡਰਾਈਵਰ ਵਲ ਅਚੰਭੇ ਨਾਲ ਵੇਖ ਰਹੇ ਸਨ।

ਕਨ੍ਹਈਆ ਲਾਲ ਤੋਂ ਨਹੀਂ ਰਿਹਾ ਗਿਆ। ਉਹ ਲਾਈਨ 'ਚੋਂ ਨਿਕਲ ਕੇ ਲਾਰੀ ਕੋਲ ਜਾ ਪਹੁੰਚਿਆ।

"ਸਰਦਾਰ ਜੀ, ਤੁ ਸੀਂ ਕਿਵੇਂ ....?"

ਇਸ 'ਤੇ ਸਿਖ ਡਰਾਈਵਰ ਮੁਸਕਰਾਇਆ ਤੇ ਬੋਲਿਆ:

"ਬੀਬਾ, ਬੱਚਿਆਂ ਨੇ ਦੁੱਧ ਤਾਂ ਪੀਣਾ ਏ ਨਾ। ਮੈਂ ਕਿਹਾ, ਚਲ ਮਨਾ, ਵੇਖਿਆ ਜਾਏਗਾ। ਜੋ ਹੋਏਗਾ। ਦੁੱਧ ਤਾਂ ਪੁਚਾ ਆਵਾਂ।"

ਤੇ ਉਹ ਕਲੀਨਰ ਨੂੰ ਦੁੱਧ ਦਾ ਪਾਈਪ ਲਾਉਣ ਦੀ ਹਿਦਾਇਤ ਦੇਣ ਲਗਾ

● ● ●

## ਚੌਰਾਹਾ

ਗੁਰਚਰਨ ਰਾਮਪੁਰੀ

ਬਾਣੀ ਤੇ ਬਰੂਦ, ਲਹੂ, ਲਾਸ਼ਾਂ, ਲੁੱਟ, ਲੋਭੀ ਕੁਰਸੀ
ਮੌਤ ਦੀ ਰੁੱਤ ਹੈ, ਸਾਹ ਦਾ ਸੰਸਾ,
ਵਾ ਵਿਚ ਜ਼ਹਿਰ, ਉਦਾਸੀ
ਸਿਰ ਹਉਮੈਂ, ਮਨ ਖੋਟਾ, ਖੰਜਰਾਂ ਕਠ-ਪੁਤਲੀ ਦੇ ਹੱਥੀਂ,
ਕੁਝ ਹਰਨਾਖਸ, ਰੱਤ ਬੋਲਾਂ ਵਿਚ, ਮੰਚ ਲਿਤਾੜਨ ਪਾਪੀ
ਆਪਣੀ ਰੱਤ ਦਾ ਆਪ ਤਮਾਸ਼ਾ, ਦੇਖਣ ਬੇਬਸ ਲੋਕੀ।

ਬੇਸੁਰ ਝਟਕਾ-ਨਾਚ ਕਰੇਂਦੀ ਕਠਪੁਤਲੀ ਹੈ ਪਈ ਭੁਲੇਖੇ
ਸਮਝ ਰਹੀ ਆਪੇ ਨੂੰ ਮਹਾਂ-ਮਦਾਰੀ।

ਆਤਮ-ਹੱਤਿਆ ਦੇ ਚੌਰਾਹੇ ਆਣ ਖਲੋਤੇ,
ਜ਼ਖ਼ਮੀ ਦਰਸ਼ਕ, ਪੁਤਲੀ ਰਾਣੀ ਤੇ ਉਸ ਦੇ ਦਰਬਾਰੀ।

# ਵਤਨ ਮੇਰੇ ਦੀਏ ਮਿੱਟੀਏ

ਅਮਰੀਕ ਡੋਗਰਾ

ਨੀ ਮੇਰੇ ਘਰ ਦੀਏ ਮਿੱਟੀਏ
ਮਿਰੇ ਸੂਬੇ ਦੀਏ ਮਿੱਟੀਏ
ਵਤਨ ਮੇਰੇ ਦੀਏ ਮਿੱਟੀਏ
ਮੈਂ ਤੈਨੂੰ f ਪਆਰ ਕਰਦਾ ਹਾਂ
ਤਿਰਾ ਸਤਿਕਾਰ ਕਰਦਾ ਹਾਂ
ਮਗਰ ਲੋਕਾਂ ਦੇ ਵਾਂਗੂ ਮੈਂ
ਅਖੌਤੀ ਤਿਆਰ ਨਹੀਂ ਕਰਦਾ।

ਕੋਈ ਕਿਧਰੇ ਚਲਾ ਜਾਵੇ
ਵਤਨ ਤੋਂ ਦੂਰ ਤੁਰ ਜਾਵੇ
ਇਹ ਮਿੱਟੀ ਤਾਂ ਹਮੇਸ਼ਾਂ ਹੀ
ਮਨੁਖ ਦੇ ਨਾਲ ਰਹਿੰਦੀ ਹੈ
ਮਨੁਖ ਦੇ ਨਾਲ ਉਠਦੀ ਹੈ
ਮਨੁਖ ਦੇ ਨਾਲ ਬਹਿੰਦੀ ਹੈ
ਤੇ ਖੁਸ਼ਬੂ ਏਸ ਮਿੱਟੀ ਦੀ
ਅਸੰਖਾਂ ਗੀਤ ਰਚਦੀ ਹੈ
ਮਨੁਖ ਦੇ ਮਰਨ ਪਿਛੋਂ ਵੀ
ਉਹਦੀ ਮਿੱਟੀ ਹੀ ਬਚਦੀ ਹੈ।

ਵਤਨ ਮੇਰੇ ਦੀਏ ਮਿੱਟੀਏ
ਮੈਂ ਐਨੀ ਗੱਲ ਕਹਿਣੀ ਹੈ
ਜੇ ਤੇਰੀ ਗੋਦ ਚੋਂ ਮੈਨੂੰ
ਸੁਖਾਵਾਂ ਨਿੱਘ ਨਹੀਂ ਮਿਲਦਾ
ਜੇ ਭੁੱਖੇ ਢਿੱਡ ਨੂੰ ਦੋ ਡੰਗ—
ਦੀ ਰੋਟੀ ਨਹੀਂ ਮਿਲਦੀ
ਜੇ ਤਨ ਕੱਜਣ ਨੂੰ ਵਸਤਰ
ਜ਼ਖਮ ਨੂੰ ਮਰਹਮ ਨਹੀਂ ਮਿਲਣੀ
ਮਿਰੇ ਖੇਤਾਂ 'ਚ ਜੇ ਤੇਰੇ ਹੀ —
ਸੁਪਨੇ ਮੌਲ ਨਹੀਂ ਸਕਦੇ
ਜੇ ਗੇੜਾਂ ਮੇਰੀਆਂ ਦਾ ਖੂਨ
ਇਸ ਧਰਤੀ ਦੇ ਹੋਣਾ ਹੈ
ਕਪਾਹਾਂ ਬੀਜ ਕੇ ਵੀ ਮੈਂ
ਜੇ ਸਥਰਾਂ ਤੇ ਹੀ ਸੌਣਾ ਹੈ
ਤਾਂ ਫਿਰ ਮੈਂ ਅਲਵਿਦਾ, ਸੌ ਵਾਰ
ਤੈਨੂੰ ਹਸ ਕੇ ਕਹਿ ਸਕਦਾਂ
ਤਾਂ ਫਿਰ ਮੈਂ ਘਰ ਦੀ ਮਿੱਟੀ ਛੱਡ ਕੇ
ਕਿਧਰੇ ਵੀ ਰਹਿ ਸਕਦਾਂ।
ਕਦੀ ਮਜ਼ਬੂਰ ਹੋ ਕੇ ਜੇ
ਕੋਈ ਘਰ ਆਪਣਾ ਛੱਡ ਦੇਵੇ
ਚਮਨ ਦੀ ਮਹਿਕ ਛਡ ਦੇਵੇ
ਵਤਨ ਦੀ ਮਿੱਟੀ ਛਡ ਦੇਵੇ
ਤਾਂ ਮੇਰੇ ਦ ਦੋਸਤੋ ਇਹ ਗੱਲ
ਉਹਦੇ ਦੁੱਖਾਂ ਦੀ ਹੁੰਦੀ ਹੈ
ਜਾਂ ਲਾ ਲਾਚਾਰੀ ਦੀ ਹੁੰਦੀ ਹੈ
ਇਹ ਗੱਦਾਰੀ ਦੀ ਨਹੀਂ ਹੁੰਦੀ।

ਵਤਨ ਮੇਰੇ ਦੀਏ ਮਿੱਟੀਏ
ਮਨੁਖ ਕਿਧਰੇ ਚਲਾ ਜਾਵੇ
ਮਗਰ ਸੂਰਜ ਨੇ ਹਰ ਥਾਂ ਤੇ
ਸਦਾ ਸੂਰਜ ਹੀ ਰਹਿਣਾ ਹੈ
ਤੇ ਚੰਨ ਨੇ ਚੰਨ ਰਹਿਣਾ ਹੈ
ਇਨ੍ਹਾਂ ਕਲੀਆਂ ਨੇ ਕਲੀਆਂ ਤੇ
ਫੁੱਲਾਂ ਨੇ ਫੁੱਲ ਰਹਿਣਾ ਹੈ
ਸ੍ਰਿਸ਼ਟੀ ਦੇ ਉਹੋ ਹੀ ਰੰਗ
ਉਹੋ ਹੀ ਢੰਗ ਰਹਿਣੇ ਨੇ
ਹਵਾ, ਪਾਣੀ ਦੀ ਹਰ ਥਾਂ ਤੇ
ਉਹੋ ਤਾਸੀਰ ਰਹਿਣੀ ਹੈ।
ਸਮੁੰਦਰ ਨੇ ਹਰਿਕ ਥਾਂ ਤੇ
ਸਮੁੰਦਰ ਵਾਂਗ ਰਹਿਣਾ ਹੈ
ਤੇ ਮਿੱਟੀ ਨੇ ਹਰਿਕ ਥਾਂ ਤੇ
ਮਨੁੱਖ ਤੇ ਹਾਵੀ ਰਹਿਣਾ ਹੈ।

ਨੀ ਮੇਰੇ ਘਰ ਦੀਏ ਮਿੱਟੀਏ
ਮਿਰੇ ਸੂਬਗ ਦੀਏ ਮਿੱਟੀਏ
ਵਤਨ ਮੇਰੇ ਦੀਏ ਮਿੱਟੀਏ
ਮੈਂ ਤੈਨੂੰ ਸਿਰਫ ਹੁਣ ਇਕੋ
ਇਹੋ ਹੀ ਗੱਲ ਕਹਿਣੀ ਹੈ
ਮੈਂ ਕਿਧਰੇ ਵੀ ਚਲਾਂਏ ਜਾਵਾਂ
ਤੇਰੀ ਖੁਸ਼ਬੂ ਮਿਰੇ ਸਾਹਾਂ 'ਚ
ਪਹਿਲਾਂ ਵਾਂਗ ਰਹਿਣੀ ਹੈ
ਹਾਂ ਪਹਿਲਾਂ ਵਾਂਗ ਰਹਿਣੀ ਹੈ।

# ਅੱਗ ਦੇ ਬਦਲ

*ਮਿੱਤਰ ਰਾਸ਼ਾ

ਸ਼ਮਸ਼ੀਰਾਂ ਮੁੜ ਕਿਉਂ ਨਿਕਲ ਆਈਆਂ।?
ਅੱਗ ਦੇ ਬਦਲ ਅਸਮਾਨੀ ਛਾਏ
ਜ਼ਹਿਰੀਲੀਆਂ ਵੇਲਾਂ ਧਰਤ ਤੇ ਉੱਗ ਆਈਆਂ

ਦੀਵਿਆਂ ਵਿਚੋਂ ਤੇਲ ਵੀਟ ਕੇ
ਕਿਸੇ ਵੱਟੀਆਂ ਪਰਾਂ ਵਗਾਈਆਂ

ਨਫਰਤ ਦਾ ਹਨੇਰ ਹਰ ਪਾਸੇ ਪਸਰਿਆ
ਰੁਲ ਗਈਆਂ ਸਭ ਪਾਰ ਸਾਈਆਂ

ਕੰਧਾਂ ਹੀ ਕੰਧਾਂ ਗਿੱਠ ਗਿੱਠ ਤੇ
ਮਜ਼ਹਬਾਂ ਦੇ ਪੈਰੋਕਾਰਾਂ ਬਣਾਈਆਂ

ਰੱਬ ਸੱਚਿਆ ਤੂੰ ਸਭ ਕੁਝ ਤੱਕਿਆ
ਦੇ ਦੇ ਹੁਣ ਬੰਦੇ ਨੂੰ ਸੱਚੀਆਂ ਰੋਸ਼ਨਾਈਆਂ

ਖੇਤੋਂ ਤੋਂ ਡਿੱਗੀ ਤੇ ਗੁਸਾ ਘੁਮਿਆਰ ਤੇ
ਚੰਗੀਆਂ ਨਹੀਂ ਇਹ ਉਕਾ ਕਾਰਵਾਈਆਂ

ਸ਼ਹਨਸ਼ਾਹਾ ਸੁਮੱਤ ਬਖਸ਼ ਆਪਣੀ ਖਲਕਤ ਨੂੰ
ਦੁਖ ਦੇ ਦਿਲ ਮੇਰੇ ਦੀਆਂ ਨੇ ਦੁਹਰਾਈਆਂ

ਸ਼ਮਸ਼ੀਰਾਂ ਮੁੜ ਕਿਉਂ ਨਿਕਲ ਆਈਆਂ।?

## ਸੁਨੇਹਾ

ਅਵਤਾਰ

ਉਚੇ ਉਚੇ ਬੋਲ ਜਿਨ੍ਹਾਂ ਵਿਚ,
ਡੁੱਬ ਡੁੱਬ ਜਾਂਦੀਆਂ ਗੱਲਾਂ।
ਹੁਣ ਮੈਂ ਤੈਨੂੰ ਕਿੰਜ ਸੁਨੇਹਾ ਘੱਲਾਂ।

ਅੱਗੇ ਤਾਂ ਸਫਰਾਂ ਦੀ ਦੂਰੀ,
ਹੁਣ ਗੱਡੀਆਂ ਵਿਚ ਖੂਨੀ।
ਹੱਥ ਹਥਿਆਰ ਜਨੂੰਨੀ।

ਅੱਗੇ ਸੜਕਾਂ ਵਿੰਗੀਆਂ ਟਿੰਗੀਆਂ
ਹੁਣ ਸੜਕਾਂ ਤੇ ਮੁਰਦੇ
ਨਾ ਬਹਿੰਦੇ ਨਾ ਤੁਰਦੇ।

ਅੱਗੇ ਤਾਂ ਇਟਾਂ ਸਨ ਵੈਰੀ,
ਹੁਣ ਕੰਧਾਂ ਦੇ ਪੋਰੇ।
ਤਨ ਕੰਬੇ ਮਨ ਸੋਚੇ।

ਅੱਗੇ ਤਾਂ ਤੇਰਾ ਭਰਵਾਸਾ,
ਹੁਣ ਤੂੰ ਵੀ ਜਰਵਾਣਾ,
ਇਹ ਕੀ ਵਰਤਿਆ ਭਾਣਾ।

ਅੱਗੇ ਤਾਂ ਤੇਰੇ ਤੇ ਟੇਕਾਂ,
ਹੁਣ ਤੇਰੇ ਤੇ ਸ਼ੱਕਾਂ।
ਚੁਗਲੀ ਖ ਾਂਦੀਆਂ ਅੱਖਾਂ।

ਬੂਹਿਆਂ ਅੱਗੇ ਦੰਦ ਖਲੋਤੇ
ਪਹਿਨ ਮਨੁੱਖੀ ਖੱਲਾਂ।
ਹੁਣ ਮੈਂ ਤੈਨੂੰ ਕਿੰਜ ਸੁਨੇਹਾ ਘੱਲਾਂ।

## ਦੌੜ

ਇਕ ਭਗੌੜੇ ਹੇਠਾਂ ਅਰਬੀ ਘੋੜਾ —
ਹੱਥ ਵਿਚ ਛਾਂਟਾ, ਜੇਬ ਪਟਾਖੇ,
ਸਰਪਟ ਦੌੜ ਰਹੇ ਘੋੜੇ ਦੇ ਪਿੱਛੇ ਸ਼ਾਹੀ ਕੁੱਤੇ,
ਹੰਕਾਰੀ ਮਨ ਸਮਝੇ ਉਸ ਸਮੇਂ ਤੇ ਕਾਠੀ ਪਾਈ
ਘੋੜਾ ਸਮਝੇ ਇਸ ਮੂਰਖ ਨੂੰ ਮੈਂ ਜਿੱਧਰ ਚਾਹਾਂ ਲੈ ਜਾਵਾਂ,
ਸ਼ਾਹੀ ਕੁੱਤੇ ਸਮਝਣ ਛੇਤੀ ਰੱਜ ਕੇ ਰੱਤ ਪੀਆਂਗੇ
ਮਾਸ ਛਕਾਂਗੇ।

ਹਰ ਕੋਈ ਨਾਲ ਹਵਾ ਦੇ ਗੱਲਾਂ ਕਰਦਾ
ਪਰਬਤ ਦੀ ਟੀਸੀ ਦੇ ਨੇੜੇ ਪਹੁੰਚ ਰਿਹਾ ਹੈ,
ਜਿਸ ਤੋਂ ਅੱਗੇ ਐਨ ਅਚਾਨਕ ਹੈ ਡੂੰਘਾਣ ਅਥਾਹ ਪਾਤਾਲੀ
ਉਸ ਦੇ ਸੰਨਾਟੇ ਕੁਝ ਚੀਖਾਂ ਕੱਠੀਆਂ ਹੋ ਕੇ ਦੋ ਪਲ ਗੂੰਜਣ
ਪਰ ਕੋਈ ਨਾ ਸੁਣੇ ਉਥਾਈਂ;
ਤੀਜੇ ਪਲ ਨਾ ਕੋਈ ਭਗੌੜਾ, ਨਾ ਘੋੜਾ, ਨਾ ਸ਼ਾਹੀ ਕੁੱਤੇ,
ਸਭ ਹੋਵਣਗੇ ਸੁੱਤੇ।

NON-SMOKERS & SMOKERS
TOGETHER WE ARE STRONGER
NORTH AMERICAN LIFE
Permanent & Terms Plan
* Life and Group Insurance
* Retirement & Pension Plans
* Company Pension and Health Benefit Plans
* Estate Protection
* Business & Mortgage Insurance
Ph. 685-9335

SUDESH KALIA

Goyal Travels Inc.
4152 Fraser Street, Vancouver, B.C., Canada V5V 4E8
PH: (604) 872-7658 CABLE: GOYALTRAVE
B.C. Toll Free Number 112-800-663-9079
Alberta 1-800-663-9079
Cheapest Fares to India & Pakistan
IATA

THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:
• Opposite Nehru Gardens, G.T.Road, Jullundur City Phone 77526
• Court Road, Moga, Distt. Faridkot Phone 2798
• Court Road, Jagraon, Distt. Ludhiana Phone 252

(ਪੰਨਾ 9 ਦੀ ਬਾਕੀ)

ਦੱਸਿਆ ਕਿ ਕੇਂਦਰ ਸਰਕਾਰ ਨੇ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਨੌਜਵਾਨਾਂ ਦੇ ਕੇਸਾਂ 'ਤੇ ਨਜ਼ਰਸਾਨੀ ਕਰਨ ਲਈ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਹੈ ਜਿਸ ਸਾਹਮਣੇ ਪੰਜਾਬ ਸਰਕਾਰ ਬੈਂਸ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਆਪਣੇ ਪੱਖ ਪੇਸ਼ ਕਰੇਗੀ ਤਾਂ ਕਿ ਜੋਧਪੁਰ ਜੇਲ੍ਹ ਦੇ ਨਜ਼ਰਬੰਦਾਂ ਰਿਹਾਅ ਕਰਵਾਏ ਜਾ ਸਕਣ।

ਪੰਜਾਬ ਦੇ ਅੰਦੋਲਨ ਦੌਰਾਨ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਰਾਜੀਵ-ਲੌਂਗੋਵਾਲ ਸਮਝੌਤੇ ਦੁਆਰਾ ਪੰਜਾਬ ਸਮਝੌਤੇ ਨੂੰ ਹੱਲ ਕਰਨ ਦਾ ਯਤਨ ਕੀਤਾ ਗਿਆ। ਸਮਝੌਤਾ ਸੰਪੂਰਨ ਰੂਪ ਵਿਚ ਲਾਗੂ ਹੋਣਾ ਅਜੇ ਬਾਕੀ ਹੈ। ਸੰਯੁਕਤ ਅਕਾਲੀ ਦਲ ਵਲੋਂ ਇਸ ਸਮਝੌਤੇ ਦਾ ਵਿਰੋਧ ਕੀਤਾ ਗਿਆ ਕਿਉਂਕਿ ਸਾਰੇ ਪੰਜਾਬੀ ਨੌਜਵਾਨ ਬਿਨਾਂ ਸ਼ਰਤ ਰਿਹਾਅ ਨਹੀਂ ਸਨ ਕਰਵਾਏ ਗਏ ਪੰਜਾਬ ਦੇ ਵਿਦਿਆ ਮੰਤਰੀ ਸ. ਸੁਖਜਿੰਦਰ ਸਿੰਘ ਕੁਝ ਦਿਨ ਪਹਿਲਾਂ ਪੰਜਾਬ ਦੇ ਰਾਜਪਾਲ ਸ. ਅਰਜਨ ਸਿੰਘ ਨੂੰ ਮਿਲੇ ਅਤੇ ਜ਼ੋਰ ਦੇ ਕੇ ਕਿਹਾ ਕਿ ਉਹ ਫੌਜੀ ਭਗੌੜਿਆਂ ਨੂੰ ਬਹਾਲ ਕਰਾਉਣ ਸਮੇਤ ਸਭ ਤਰ੍ਹਾਂ ਦੇ ਨਜ਼ਰਬੰਦ ਨੌਜਵਾਨਾਂ ਦੀ ਰਿਹਾਈ ਲਈ ਪ੍ਰਧਾਨ ਮੰਤਰੀ ਉਪਰ ਆਪਣਾ ਅਸਰ ਰਸੂਖ ਵਰਤਣ। ਇਹ ਇਕ ਸਲਾਹੁਣਯੋਗ ਕਦਮ ਹੈ ਪਰ ਹੁਣ ਜਦੋਂ ਬੈਂਸ ਕਮੇਟੀ ਦੀਆਂ ਸਿਫਾਰਸ਼ਾਂ ਸਿਫਾਰਸ਼ਾਂ ਅਨੁਸਾਰ ਕੁਝ ਨੌਜਵਾਨ ਰਿਹਾਅ ਕੀਤੇ ਜਾ ਰਹੇ ਹਨ ਤਾਂ ਕੁਝ ਰਾਜਨੀਤਕ ਦਲ ਇਸ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਉਨ੍ਹਾਂ ਅਨੁਸਾਰ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਹੀ ਚਾਹੀਦੀਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨਾਲ ਸਬੰਧਤ ਪਾਰਲੀਮਾਨੀ ਸਲਾਹਕਾਰ ਕਮੇਟੀ ਦੀ ਮੀਟਿੰਗ ਵਿਚ ਮੈਂਬਰਾਂ ਨੇ ਪੰਜਾਂਬ ਵਿਚ ਵੱਡੇ ਪੱਧਰ 'ਤੇ ਨੌਜਵਾਨਾਂ ਦੀਆਂ ਰਿਹਾਈਆਂ 'ਤੇ ਚਿੰਤਾ ਪ੍ਰਗਟ ਕੀਤੀ ਹੈ ਕਿਉਂਕਿ ਉਨ੍ਹਾਂ ਅਨੁਸਾਰ ਪਿਛਲੇ ਦਿਨਾਂ ਦੌਰਾਨ ਪੰਜਾਬ ਵਿਚ ਜੋ ਹਿੰਸਕ ਵਾਰਦਾਤਾਂ ਹੋਈਆਂ ਹਨ, ਉਹ ਇਸ ਦਾ ਹੀ ਸਿੱਟਾ ਹਨ। ਹਿਦੂ ਸੁਰੱਖਿਆ ਮੰਤ ਸੰਮਤੀ ਨੂੰ ਗਿਲਾ ਹੈ ਕਿ ਹੁਣ ਤਕ ਚਾਰ ਸੌ ਵਿਚੋਂ ਸਿਰਫ ਚਾਰ-ਪੰਜ ਨਜ਼ਰਬੰਦ ਹਿਦੂ ਰਿਹਾਅ ਕੀਤੇ ਗਏ ਹਨ। ਬਾਕੀ ਜੇਲ੍ਹਾਂ ਵਿਚ ਨਜ਼ਰਬੰਦ ਹਨ। ਸਭ ਤਰ੍ਹਾਂ ਦੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਉਹ ਬੇਦੋਸ਼ੇ ਹਨ ਤੇ ਉਹ ਇਸ ਚਿੰਤਾ ਵਿਚ ਹਨ ਕਿ ਉਨ੍ਹਾਂ ਨੂੰ ਕਦੋਂ ਕੁ ਤਕ ਰਿਹਾਅ ਕੀਤਾ ਜਾਵੇਗਾ।

**ਹੱਲ**

ਪੰਜਾਬ ਦੀ ਜਨਤਾ ਸਜ਼ਾ ਯਾਫਤਾ ਨੌਜਵਾਨਾਂ ਸਮੇਤ ਸਾਰੇ ਨਜ਼ਰਬੰਦਾਂ ਦੀ ਛੇਤੀ ਰਿਹਾਈ ਦੇ ਹੱਕ ਵਿਚ ਹੈ। ਇਸੇ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ 1 ਨਵੰਬਰ 1985 ਨੂੰ ਅੰਮ੍ਰਿਤਸਰ ਤੋਂ ਪਿੰਡ ਮਲੋਏ ਤੱਕ 'ਲਾਂਗ ਮਾਰਚ' ਕੀਤਾ ਗਿਆ। ਹੁਣ 14 ਨਵੰਬਰ ਨੂੰ ਫੈਡਰੇਸ਼ਨ ਤੇ ਪੀ. ਐਸ. ਯੂ. ਵਲੋਂ ਰਿਹਾਈਆਂ ਦੇ ਹੱਕ ਵਿਚ ਹੜਤਾਲ ਹੋਈ ਹੈ। ਪੰਜਾਬ ਦੇ ਵਿਕਾਸ ਸ਼ਾਂਤੀ ਅਤੇ ਅਮਨ ਨੂੰ ਮੱਦੇ ਨਜ਼ਰ ਰਖਦਿਆਂ ਪੰਜਾਬ ਸਰਕਾਰ ਬੈਂਸ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਨੌਜਵਾਨਾਂ ਨੂੰ ਰਿਹਾਅ ਕਰੇ। ਸੰਗੀਨ ਜੁਰਮਾਂ ਅਧੀਨ ਨਜ਼ਰਬੰਦ ਜਾਂ ਕੇਂਦਰੀ ਸਰਕਾਰ ਦੇ ਦਾਇਰ ਕੀਤੇ ਕੇਸਾਂ ਅਧੀਨ ਨਜ਼ਰਬੰਦ ਨੌਜਵਾਨਾਂ ਨੂੰ ਵੀ ਕੇਂਦਰ ਸਰਕਾਰ, ਪੰਜਾਬ ਸਰਕਾਰ ਨਾਲ ਸਲਾਹ ਮਸ਼ਵਰਾ ਕਰਕੇ ਰਿਹਾਅ ਕਰ ਸਕਦੀ ਹੈ। ਸੋ ਹੁਣ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਇਕ ਸੁਰ ਹੋ ਕੇ ਇਸ ਮਸਲੇ ਨੂੰ ਹੱਲ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦਾ ਮਸਲੇ ਦਾ ਮਾਹੌਲ ਸੁਖਾਵਾਂ ਬਣਾਇਆ ਜਾ ਸਕੇ। ਭਾਵੇਂ ਅਮਰੀਕੀ ਰਾਸ਼ਟਰਪਤੀ ਵਾਂਗ ਸਾਰੇ ਰਾਸ਼ਟਰ ਸਾਡੇ ਰਾਸ਼ਟਰਪਤੀ ਨੂੰ ਆਮ ਮੁਆਫੀ ਦਾ ਅਧਿਕਾਰ ਨਹੀਂ ਪਰ ਇਹ ਅਧਿਕਾਰ ਸਾਡੀ ਪਾਰਲੀਮੈਂਟ ਪਾਸ ਹੈ। ਸੋ ਸਾਡੀ ਪਾਰਲੀਮੈਂਟ ਵੀ ਕਾਨੂੰਨੀ ਵਿਧੀ ਅਪਣਾ ਕੇ ਰਹਿੰਦੇ ਫੌਜੀ ਭਗੌੜਿਆਂ ਸਮੇਤ ਸਭ ਵਰਗਾਂ ਅਤੇ ਸਭ ਕਿਸਮਾਂ ਦੇ ਨਜ਼ਰਬੰਦ ਨੌਜਵਾਨਾਂ ਨੂੰ ਰਿਹਾਅ ਕਰ ਸਕਦੀ ਹੈ। ਵੇਖਦੇ ਹਾਂ ਕੇਂਦਰ ਅਤੇ ਪੰਜਾਬ ਸਰਕਾਰ ਕਦੋਂ ਕੁ ਤਕ ਵੱਖ ਵੱਖ ਵਰਗਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਕੇ ਇਸ ਮਸਲੇ ਨੂੰ ਹੱਲ ਕਰਦੀ ਹੈ।

# ਜੰਗ ਤੋਂ ਪਿੱਛੋਂ

ਦੁਨੀਆਂ ਭਰ ਦੇ 30 ਦੇਸਾਂ ਦੇ ਕਰੀਬ 300 ਚੋਟੀ ਦੇ ਸਾਇੰਸਦਾਨਾ ਨੇ ਇੱਕ ਖੋਜ ਪਿੱਛੋ ਇੱਕ ਵਿਸਥਾਰ ਰਿਪੋਰਟ ਛਾਪੀ ਹੈ ਜਿਸ ਰਾਹੀ ਉਹਨਾ ਨੇ ਦੁਨੀਆਂ ਨੂੰ ਪਰਮਾਣੂ ਜੰਗ ਦੇ ਖਤਰਿਆਂ ਤੋ ਜਾਣੂ ਕਰਵਾਉਣ ਦੀ ਕੋਸ਼ਸ਼ ਕੀਤੀ ਹੈ।

ਇਸ ਰਿਪੋਰਟ ਅਨੁਸਾਰ ਜੇ ਦੁਨੀਆਂ ਵਿੱਚ ਪਰਮਾਣੂ ਜੰਗ ਛਿੜ ਜਾਵੇ ਅਤੇ ਬੰਬਾਂ ਦੇ ਭੰਡਾਰ ਦੇ ਅੱਧੇ ਬੇਬ ਹੀ ਚਲਾਏ ਜਾਣ ਤਾਂ :-

- 50 ਕਰੋੜ ਦੇ ਕਰੀਬ ਲੋਕ ਇੱਕਦਮ ਮਾਰੇ ਜਾਣਗੇ
- ਕੁੱਲ ਮਿਲਾਕੇ ਦੁਨੀਆਂ ਦੇ 400 ਕਰੋੜ ਲੋਕਾਂ ਵਿੱਚੋ 250 ਕਰੋੜ ਦੇ ਕਰੀਬ ਮਾਰੇ ਜਾਣਗੇ।
- ਜ਼ਮੀਨ ਦੇ ਉਤਰੀ ਅਰਧ ਗੋਲੇ ਵਿੱਚ ਤਾਪਮਾਨ ਆਮ ਨਾਲੋ 30 ਡਿਗਰੀ ਘੱਟ ਹੋ ਜਾਵੇਗਾ।
- ਸੂਰਜ ਦੀ ਰੋਸ਼ਨੀ ਦਾ 99 ਫੀ ਸਦੀ ਜ਼ਮੀਨ ਤੇ ਨਹੀ ਪਹੁੰਚ ਸਕੇਗਾ।
- ਯੂਰਪ ਅਮਰੀਕਾ ਅਤੇ ਉਤਰੀ ਅਫਰੀਕਾ ਦਾ 25-30 ਫੀ ਸਦੀ ਹਿੱਸਾ ਅੱਗ ਦੀ ਲਪੇਟ ਵਿੱਚ ਆ ਜਾਵੇਗਾ
- ਜੰਗ ਤੋ ਬਾਅਦ ਇੱਕ ਸਾਲ ਤੱਕ ਮੀਹ ਨਹੀ ਪੈਣਗੇ ਅਤੇ ਸੋਕਾ ਪੈ ਜਾਵੇਗਾ। ਉਤਰੀ ਅਰਧ ਗੋਲਾ ਅੱਜ ਦੇ ਸੂਡਾਨ ਤੇ ਈਥੋਪੀਆ ਦੇ ਸੋਕਿਆਂ ਵਰਗਾ ਹੋ ਜਾਵੇਗਾ।
- ਦੁਨੀਆਂ ਵਿੱਚ ਫਸਲਾਂ ਨਾ ਹੋਣ ਕਾਰਣ ਭੁੱਖ ਮਰੀ ਫੁਲ ਜਾਵੇਗੀ।
- ਜਿਹੜੇ ਦੇਸ ਬੰਬਾਂ ਦੀ ਮਾਰ ਤੋ ਦੂਰ ਵੀ ਹੋਣਗੇ ਉਹ ਵੀ ਇਹਨਾ ਦੇ ਮਾਰੂ ਅਸਰ ਦੀ ਲਪੇਟ ਵਿੱਚ ਆ ਜਾਣਗੇ।

## ਜੇਲਾਂ 'ਚ ਨਜ਼ਰਬੰਦਾਂ ਦੀ ਰਿਹਾਈ ਦੀ ਮੰਗ

ਪਟਿਆਲਾ, 8 [illegible] (ਪ. ਟ. ਬ.) — ਪਟਿਆਲਾ ਜੇਲ੍ਹ ਵਿਚ ਨਜ਼ਰਬੰਦ ਵਿਅਕਤੀਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਹਿੰਦੂ-ਸਿੱਖ ਏਕਤਾ ਨੂੰ ਮਜ਼ਬੂਤ ਕਰਨ ਲਈ ਦੀਵਾਲੀ ਦੇ ਮੌਕੇ 'ਤੇ ਸਾਰੇ ਨਜ਼ਰਬੰਦਾਂ ਨੂੰ ਰਿਹਾਅ ਕਰੇ ਅਤੇ ਇੰਜ 6ਵੇਂ ਗੁਰੂ 'ਬੰਦੀ ਛੋੜ ਪਿਤਾ' ਗੁਰੂ ਹਰਗੋਬਿੰਦ ਸਾਹਿਬ ਦੀ ਯਾਦ ਨੂੰ ਤਾਜ਼ਾ ਕਰਨਾ ਚਾਹੀਦਾ ਹੈ।

ਕੇਂਦਰੀ ਸੁਧਾਰ ਘਰ ਭਲਾਈ ਕਮੇਟੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਜਿਨ੍ਹਾਂ ਬੰਦੀਆਂ ਦੀ ਸਜ਼ਾ ਸਾਢੇ 8 ਸਾਲ ਪੂਰੀ ਹੋ ਗਈ ਹੈ ਜਾਂ ਇਸ ਤੋਂ ਵੱਧ ਕੱਟ ਚੁੱਕੇ ਹਨ ਉਨ੍ਹਾਂ ਨੂੰ ਜ਼ਰੂਰ ਰਿਹਾਅ ਕਰਨਾ ਚਾਹੀਦਾ ਹੈ।


ਪਾਵਲਰਿਵਰ ਵਿਚ

ਬੁਸ਼ ਦਾ ਕੰਮ

# ਕੰਮ ਕਰਨ ਲਈ ਨੌਜਵਾਨਾਂ ਦੀ ਲੋੜ!

ਗੁਰਤੇਜ ਮਾਨ ਪਾਵਲ ਰਿਵਰ ਤੋਂ ਦੱਸਦੇ ਹਨ ਕਿ ਉਹਨਾਂ ਨੂੰ ਨੌਜਵਾਨ ਕਾਮਿਆਂ ਦੀ ਲੋੜ ਹੈ। ਕੰਮ ਸ਼ੁਰੂ ਹੋ ਚੁੱਕਾ ਹੈ। ਤਨਖਾਹ 9 ਡਾਲਰ ਘੰਟੇ ਤੋਂ ਲੈ ਕੇ 15 ਡਾਲਰ ਘੰਟੇ ਦੀ ਹੈ ਰਹਿਣ ਦਾ ਪ੍ਰਬੰਧ ਵੀ ਹੈ।

ਹੁਣੇ ਹੀ ਕੰਮ ਕਰਨ ਲਈ ਫੋਨ ਕਰੋ

ਗੁਰਤੇਜ ਮਾਨ

(604) 485-4360

(Long Distance Call)

(ਪੰਨਾ 11 ਦੀ ਬਾਕੀ)

ਅਰਦਾਸ ਸਦਕਾ ਹੀ ਰਾਜ਼ੀ ਹਇਆ ਸਾਂ। ਮੇਰੀ ਮਾਂ ਕਿਹਾ ਕਰਦੀ ਸੀ, "ਹੱਥ ਪਿੱਛੇ ਕਰਕੇ ਨਾ ਤੁਰਿਆ ਕਰ" "ਪੁੱਠੇ ਗੋਡੇ ਮਾਰ ਕੇ ਨਾ ਬੈਠਿਆ ਕਰ" ਤੇ ਮੈਂ ਮਾਤਾ ਦੇ ਕਹੇ ਅਨੁਸਾਰ ਹੁਣ ਤਕ ਉਸ ਦੇ ਹੁਕਮ ਦੀ ਪਾਲਣਾ ਕਰਦਾ ਹਾਂ। ਇਹੋ ਕਾਰਨ ਹੈ ਕਿ ਮੇਰੇ ਆਚਰਣ ਉਤੇ ਮੇਰੀ ਸੁਹਿਰਦ, ਸੁਯੋਗ ਤੇ ਸੁਚੱਜੀ ਮਾਤਾ ਦੇ ਵਿਚਾਰਾਂ ਤੇ ਸੰਸਕਾਰਾਂ ਦੀ ਅਮਿਟ ਛਾਪ ਹੈ। ਮੇਰੀ ਮਾਂ ਨੇ ਆਪਣਾ ਸਮੁੱਚਾ ਪਿਆਰ ਤੇ ਸਮੁੱਚੀਆਂ ਰੀਝਾਂ ਮੇਰੇ ਉਤੋਂ ਕੁਰਬਾਨ ਕੀਤੀਆਂ

ਮੇਰੇ ਬਚਪਨ ਦਾ ਨਾਂ "ਰਾਮ ਜੀ ਦਾਸ" ਸੀ ਤੇ ਸਵੇਰੇ ਸੁੱਤਿਆਂ ਉਠਾਉਣ ਲਗਿਆਂ ਮੇਰੀ ਮਾਂ ਬੜੇ ਪਿਆਰ ਨਾਲ ਆਖਿਆ ਕਰਦੀ ਸੀ, "ਜਾਗੋ ਪੁੱਤੜੀ ਰਾਮ ਜੀ ਦਾਸ, ਦਿਨ ਚੜ੍ਹ ਪਿਆ ਹੈ" ਉਹ ਜਦ ਵੀ ਰਾਹ ਵਿਚ ਕੋਈ ਡਿੱਗਾ ਦਾਣਾ ਵੇਖਦੀ ਤਾਂ ਮੈਨੂੰ ਕਹਿੰਦੀ, "ਚੁੱਕ ਤੇ ਕਿਸੇ ਪੰਛੀ ਦੇ ਮੂੰਹ ਵਿਚ ਪਾ ਦੇ।" ਰਾਹ ਵਿਚ ਕੋਈ ਵੱਟਾ, ਰੋੜਾ ਪਿਆ ਵੇਖਦੀ ਤਾਂ ਮੈਨੂੰ ਰਾਹ ਵਿਚੋਂ ਹਟਾਉਣ ਲਈ ਕਹਿ ਦਿੰਦੀ। ਕੋਈ ਮੰਗਤਾ ਜਾਂ ਸਾਧੂ ਦਰ ਤੇ ਖੈਰ ਮੰਗਣ ਆਉਂਦਾ ਤਾਂ ਮੇਰੇ ਕੋਲੋਂ ਦੋਹਾਂ ਹੱਥਾਂ ਦੀ ਬੁੱਕ ਭਰਾ ਕੇ ਉਸ ਨੂੰ ਦਾਣੇ ਪਾਉਂਦੀ। ਇਸ ਤਰ੍ਹਾਂ ਨਾਲ ਮੇਰੇ ਅੰਦਰ ਸੇਵਾ, ਪਰਉਪਕਾਰ, ਦੁੱਖ ਵੰਡਣ ਤੇ ਤਿਆਗ ਵਰਗੀਆਂ ਚੰਗਿਆਈਆਂ ਉਤਪੰਨ ਹੋ ਗਈਆਂ। ਮੈਨੂੰ ਕੋਈ ਰੋਗੀ ਜਾਂ ਬੇਸਹਾਰਾ ਮਿਲ ਜਾਂਦਾ ਤਾਂ ਮੈਂ ਉਸ ਦਾ ਦੁੱਖ ਵੰਡਾਉਣ ਤੇ ਉਸ ਦੀ ਸਹਾਇਤਾ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕਰਦਾ। ਹੁਣ ਤਕ ਮੇਰੀ ਆਦਤ ਹੈ ਕਿ ਮੈਂ ਸੜਕ ਤੋਂ ਇੱਟਾਂ, ਵੱਟੇ, ਕਿੱਲ-ਮੇਖਾਂ, ਕੇਲੇ ਦੇ ਛਿਲਕੇ ਆਦਿ ਚੁਕਦਾ ਰਹਿੰਦਾ ਹਾਂ। ਦੂਜਿਆਂ ਲਈ ਸਹਾਰਾ ਬਣਨਾ ਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਮੇਰਾ ਮਨੋਰਥ ਹੁੰਦਾ ਹੈ। ਕਈ ਲੋਕ ਮੈਨੂੰ ਸੜਕ ਤੇ ਬੈਠਿਆਂ ਇਹ ਕੰਮ ਕਰਦਿਆਂ ਵੇਖ ਕੇ ਮੈਨੂੰ ਝੱਲਾ, ਖਬਤੀ ਆਦਿ ਸਮਝਦੇ ਹਨ ਤੇ ਮੇਰੀ ਖਿੱਲੀ ਉਡਾਣ ਤੋਂ ਵੀ ਸੰਕੋਚ ਨਹੀਂ ਕਰਦੇ ਪਰ ਇਸ ਤਰ੍ਹਾਂ ਕਰਨ ਨਾਲ ਜੋ ਅਕਹਿ ਅਨੰਦ ਮੈਨੂੰ ਆਪ ਨੂੰ ਆਉਂਦਾ ਹੈ ਉਹ ਮੈਂ ਹੀ ਜਾਣਦਾ ਹਾਂ।

? ਪਿੰਗਲਵਾੜੇ ਦੀ ਦੇਖ ਭਾਲ ਤੋਂ ਛੁੱਟ ਆਪ ਮਨੁੱਖ-ਮਾਤਰ ਦੀ ਸੇਵਾ ਲਈ ਹੋਰ ਕੀ ਕੀ ਕਰ ਰਹੇ ਹੋ ?

— ਪਿੰਗਲਵਾੜੇ ਦਾ ਕਾਰਜ ਮੇਰਾ ਇਕੋ ਇਕ ਰੁਝੇਵਾਂ ਨਹੀਂ। ਪ੍ਰਾਣੀ ਮਾਤਰ ਦੀ ਸੇਵਾ ਦੇ ਲੰਮੇ ਚੌੜੇ ਕਾਰਜ ਖੇਤਰ ਵਿਚੋਂ ਇਹ ਇਕ ਹਿੱਸਾ ਹੈ। ਮੈਂ ਪਿੰਗਲਵਾੜੇ ਵਿਚੋਂ ਛਪਦੇ ਇਸ਼ਤਿਹਾਰ ਤੇ ਕਿਤਾਬਚੇ ਆਪ ਲਿਖਦਾ ਹਾਂ, ਆਪ ਹੀ ਛਪਵਾਉਂਦਾ ਤੇ ਆਪ ਹੀ ਪਰੂਫ ਰੀਡਿੰਗ ਕਰਦਾ ਹਾਂ। ਮੈਨੂੰ ਲਿਖਣ ਲਈ ਤੇ ਵਿਦਿਅਕ ਸੰਸਥਾਵਾਂ ਵਿਚ ਜਾ ਕੇ ਬੋਲਣ ਲਈ ਬਹੁਤ ਕੁਝ ਪੜ੍ਹਨਾ ਵੀ ਪੈਂਦਾ ਹੈ। ਪ੍ਰਾਣੀ ਮਾਤਰ ਦੀ ਭਲਾਈ ਦੇ ਅਨੇਕਾਂ ਵਿਚਾਰ ਮੇਰੇ ਹਿਰਦੇ ਦੇ ਬੂਹੇ ਨੂੰ ਖੜਕਾਂਦੇ ਰਹਿੰਦੇ ਹਨ ਤੇ ਆਖਦੇ ਰਹਿੰਦੇ ਹਨ "ਸਾਨੂੰ ਪਿਛੇ ਨਾ ਪਾਈਂ ਅਸੀਂ ਪਿੰਗਲਵਾੜੇ ਨਾਲੋਂ ਵੀ ਵਧੇਰੇ ਜ਼ਰੂਰੀ ਹਾਂ, ਜੇ ਤੂੰ ਸਾਡਾ ਪਹਿਲੋਂ ਖਿਆਲ ਨਾ ਰੱਖਿਆ ਤਾਂ ਤੇਰਾ ਪਿੰਗਲਵਾੜਾ ਵੀ ਨਹੀਂ ਚਲ ਸਕੇਗਾ। ਜੇ ਲੋਕ ਅਰੋਗ ਤੇ ਸਮੱਸਿਆਵਾਂ ਤੋਂ ਮੁਕਤ ਹੋਣਗੇ ਤਾਂ ਹੀ ਤੇਰੇ ਪਿੰਗਲਵਾੜੇ ਵਿਚ ਦਾਖਲ ਲਾਵਾਰਸ ਬੁੱਢਿਆਂ ਪਾਗਲ ਔਰਤਾਂ ਅਨਾਥ ਬੱਚਿਆਂ, ਬੀਮਾਰ ਤੇ ਲਾਵਾਰਸ ਬੁੱਢਿਆਂ ਅਤੇ ਨਾਮੁਰਾਦ ਬਿਮਾਰੀਆਂ ਵਿਚ ਗ੍ਰਸੇ ਰੋਗੀਆਂ ਦੀ ਸਹਾਇਤਾ ਕਰਨ ਬਾਰੇ ਸੋਚ ਸਕਣਗੇ।" ਮੈਂ ਦੇਸ਼ ਦੀਆਂ ਅਨੇਕਾਂ ਸਮੱਸਿਆਵਾਂ ਬਾਰੇ ਪਹਿਲੋਂ ਆਪ ਜਾਣਕਾਰੀ ਪ੍ਰਾਪਤ ਕਰਦਾ ਹਾਂ, ਫੇਰ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਦਾ ਹਾਂ। ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਬਾਰੇ ਆਪ ਲਿਖਦਾ ਹਾਂ ਤੇ ਇਸ਼ਤਿਹਾਰ ਕਿਤਾਬਚੇ ਛਪਵਾ ਕੇ ਲੋਕਾਂ ਵਿਚ ਮੁਫਤ ਵੰਡਦਾ ਹਾਂ ਤਾਂ ਕਿ ਲੋਕ ਆਉਣ ਵਾਲੇ ਖਤਰਿਆਂ ਤੋਂ ਜਾਗਰੂਕ ਹੋ ਕੇ ਆਪਣਾ ਬਚਾ ਕਰ ਸਕਣ। ਉਨ੍ਹਾਂ ਨੂੰ ਪਤਾ ਲਗ ਜਾਵੇ ਕਿ ਸੰਸਾਰ ਵਿਚ ਕੀ ਹੋਣ ਵਾਲਾ ਹੈ।

? ਭਗਤ ਜੀ! ਅੱਜ ਕੱਲ੍ਹ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਨੇ ਤੁਹਾਡਾ ਧਿਆਨ ਕੇਂਦਰਿਤ ਕੀਤਾ ਹੋਇਆ ਹੈ ?

— ਭੋਂ ਦੀ ਢਾਹ (Soil erosion) ਜੰਗਲਾਂ ਦੀ ਅੰਧਾਧੁੰਦ ਕਟਾਈ, ਅੰਨ ਸੰਕਟ, ਦਰਿਆਵਾਂ ਤੇ ਕਾਰਖਾਨਿਆਂ ਦੀ ਗੰਦਗੀ ਤੇ ਧੂੰਏਂ ਨਾਲ ਵਾਤਾਵਰਣ ਦਾ ਦੂਸ਼ਿਤ ਹੋਣਾ, ਵਧਦੀ ਆਬਾਦੀ ਤੇ ਗਰੀਬੀ, ਅਨਪੜ੍ਹਤਾ ਤੇ ਬੇਰੁਜ਼ਗਾਰੀ ਧਾਰਮਿਕ ਤੇ ਸਮਾਜਿਕ ਸਿਖਿਆ ਦੀ ਘਾਟ, ਸੜਕਾਂ ਦੇ ਹਾਦਸੇ, ਮੋਟਰਾਂ ਤੇ ਮੋਟਰਸਾਈਕਲਾਂ ਤੇ ਕਰਖਾਨਿਆਂ ਦੀਆਂ ਚਿਮਨੀਆਂ ਦੇ ਧੂੰਏਂ ਤੋਂ ਵਾਤਾਵਰਣ ਦਾ ਦੂਸ਼ਤ ਹੋਣਾ, ਪ੍ਰਾਇਮਰੀ ਸਿਖਿਆ ਦਾ ਚੰਗਾ ਪ੍ਰਬੰਧ ਨਾ ਹੋਣਾ, ਟੀ.ਵੀ.ਵੇਖਣ ਦੇ ਮਾੜੇ ਅਸਰ ਤੇ ਮਾਵਾਂ ਦਾ ਬੱਚਿਆਂ ਨੂੰ ਆਪਣੀਆਂ ਛਾਤੀਆਂ ਤੋਂ ਦੁੱਧ ਨਾ ਚੁੰਘਾਣਾ ਆਦਿ ਕਈ ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਤੋਂ ਮੈਂ ਆਪ ਚਿੰਤਤ ਰਹਿੰਦਾ ਹਾਂ ਤੇ ਜਿਨ੍ਹਾਂ ਦੇ ਹੱਲ ਸੋਚਣ ਬਾਰੇ ਅਖਬਾਰਾਂ ਤੇ ਮੈਗਜ਼ੀਨ ਪੜ੍ਹਨ ਲਈ ਮੈਂ ਕੁਝ ਪੜ੍ਹੇ ਲਿਖੇ ਲੋਕਾਂ ਨੂੰ ਆਪਣਾ ਸਹਿਯੋਗੀ ਬਣਾਇਆ ਹੋਇਆ ਹੈ ਜੋ ਆਪ ਅਧਿਐਨ ਕਰਕੇ ਮੇਰੇ ਨਾਲ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਹਨ। ਲਿਟਰੇਚਰ ਦੀ ਛਪਾਈ ਲਈ ਸਾਡੇ ਕੋਲ ਆਪਣਾ ਪ੍ਰੈਸ ਹੈ ਪਰ ਪ੍ਰਚਾਰ ਦਾ ਕੰਮ ਏਨਾ ਵਧ ਗਿਆ ਹੈ ਕਿ ਸਾਨੂੰ ਛਪਾਈ ਦਾ ਕੰਮ ਬਾਹਰ ਦੇ ਪ੍ਰੈਸਾਂ ਤੋਂ ਵੀ ਕਰਾਉਣਾ ਪੈਂਦਾ ਹੈ। ਅਸੀਂ ਪਿੰਗਲਵਾੜੇ ਤੋਂ ਤਿੰਨ ਮਾਸਿਕ ਪੱਤਰ ਪੰਜਾਬੀ ਵਿਚ "ਜੀਵਨ ਲਹਿਰ" ਹਿੰਦੀ ਵਿਚ "ਪਿੰਗਲਵਾੜਾ ਦਰਪਣ" ਤੇ ਅੰਗਰੇਜ਼ੀ ਵਿਚ Pingalwara studies in current affairs" ਕੱਢਦੇ ਹਾਂ। ਸਾਡੇ ਪ੍ਰਚਾਰ ਅੱਡੇ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਬਾਹਰ ਹਨ ਤੇ ਅੱਜ ਕੱਲ੍ਹ ਮੈਂ ਆਪ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਘੰਟਾ ਘਰ ਵਾਲੀ ਬਾਹੀ ਵਾਲੇ ਪਾਸੇ ਬੈਠਦਾ ਹਾਂ ਤੇ ਦਰਸ਼ਨ ਕਰਨ ਆਏ ਯਾਤਰੂਆਂ ਨੂੰ ਮਣਾਂ ਮੂੰਹੀਂ ਲਿਟ੍ਰੇਚਰ ਵੰਡਦਾ ਹਾਂ। ਇਸ ਤਰ੍ਹਾਂ ਕਰਨ ਨਾਲ ਜੋ ਖੁਸ਼ੀ ਤੇ ਸੰਤੁਸ਼ਟਤਾ ਮੈਨੂੰ ਪ੍ਰਾਪਤ ਹੁੰਦੀ ਹੈ ਉਸ ਦਾ ਬਿਆਨ ਸ਼ਬਦਾਂ ਰਾਹੀਂ ਨਹੀਂ ਕੀਤਾ ਜਾ ਸਕਦਾ। ਮੈਂ ਹਰ ਸਮੇਂ ਚੜ੍ਹਦੀਆਂ ਕਲਾਂ ਵਿਚ ਪ੍ਰਸੰਨ ਚਿੱਤ ਰਹਿੰਦਾ ਹਾਂ।

? ਭਗਤ ਜੀ ! ਤੁਥਹਾਡੇ ਦੱਸਣ ਅਨੁਸਾਰ ਤੁਹਾਨੂੰ ਪਿੰਗਲਵਾੜੇ ਵਾਸਤੇ ਦੇਸ਼ ਤੇ ਪ੍ਰਦੇਸ਼ ਤੋਂ ਬਹੁਤ ਮਾਇਆ ਦਾਨੀਆਂ ਵਲੋਂ ਪ੍ਰਾਪਤ ਹੁੰਦੀ ਹੈ ਤੇ ਇਥੇ ਬੈਠਿਆਂ ਵੀ ਤੁਹਾਨੂੰ ਸੰਗਤਾਂ ਵਲੋਂ ਇਕ ਰੁਪਏ ਤੋਂ ਲੈ ਕੇ ਪੰਜ ਸੌ ਰੁਪਏ ਤੱਕ ਦਾਨ ਦੇਂਦਿਆਂ ਮੈਂ ਆਪ ਵੇਖਿਆ ਹੈ। ਕਦੀ ਕਿਸੇ ਨੇ ਤੁਹਾਡੇ ਕੋਲੋਂ ਕੋਈ ਰਸੀਦ ਨਹੀਂ ਮੰਗੀ, ਤੁਸੀਂ ਇਸ ਦਾਨ ਦਾ ਹਿਸਾਬ ਕਿਤਾਬ ਕਿਸ ਤਰ੍ਹਾਂ ਜ ਰੱਖਦੇ ਹੋ ?

— ਜਿਹੜੀ ਮਾਇਆ ਮਨੀਆਰਡਰਾਂ, ਚੈਕਾਂ ਜਾਂ ਡਰਾਫਟਾਂ ਰਾਹੀਂ ਸਾਨੂੰ ਆਉਂਦੀ ਹੈ ਉਸ ਦਾ ਬਾਕਾਇਦਾ ਹਿਸਾਬ ਕਿਤਾਬ ਰਖਿਆ ਜਾਂਦਾ ਹੈ। ਜਿਹੜੇ ਲੋਕ ਨਕਦ ਦਾਨ ਦੇ ਕੇ ਰਸੀਦ ਲੈਣਾ ਚਾਹੁੰਦੇ ਹਨ ਉਨ੍ਹਾਂ ਨੂੰ ਬਕਾਇਦਾ ਰਸੀਦ ਦਿਤੀ ਜਾਂਦੀ ਹੈ। ਹਾਂ, ਜਿਹੜੀ ਰਕਮ ਲੋਕ ਮੈਨੂੰ ਹਥੋ ਹੱਥੀਂ ਦੇ ਜਾਂਦੇ ਜਾਂ ਮੇਰੇ ਬਾਟੇ 'ਚ ਪਾ ਜਾਂਦੇ ਹਨ ਉਹ ਵੀ ਮੈਂ ਆਪਣੇ ਪਾਸ ਨਹੀਂ ਰਖਦਾ ਸਗੋਂ ਆਪਣੇ ਆਸ਼ਰਮ ਦੇ ਕਰਮਚਾਰੀਆਂ ਤੇ ਹੋਰ ਲੋੜਵੰਦਾਂ, ਜਿਨ੍ਹਾਂ ਦੀਆਂ ਲੋੜਾਂ ਨੂੰ ਮੈਂ ਦਿਲੋਂ ਮਹਿਸੂਸ ਕਰਦਾ ਹਾਂ, 'ਚ ਵੰਡ ਦਿੰਦਾ ਹਾਂ। ਮੰਗਤਾਂਵਲੋਂ ਦਿਤੀ ਮਾਇਆ ਲੋੜਵੰਦਾਂ 'ਤੇ ਹੀ ਖਰਚ ਕੀਤੀ ਜਾਂਦੀ ਹੈ। ਮੇਰੀਆਂ ਨਿੱਜੀ ਲੋੜਾਂ ਬਹੁਤ ਸੀਮਤ ਹਨ।

? ਭਗਤ ਜੀ ! ਤੁਹਾਨੂੰ ਭਾਰਤ ਸਰਕਾਰ ਨੇ ਤੁਹਾਡੀਆਂ ਸੇਵਾਵਾਂ ਨੂੰ ਮੁੱਖਰਖਕੇ "ਪਦਮ ਸ੍ਰੀ" ਦੀ ਉਪਾਧੀ ਪ੍ਰਦਾਨ ਕੀਤੀ ਸੀ ਜੋ ਤੁਸੀਂ "ਨੀਲਾ ਤਾਰਾ ਉਪਰੇਸ਼ਨ' ਤੋਂ ਪਿਛੋਂ ਰੋਸ ਵਜੋਂ ਵਾਪਸ ਕਰ ਦਿਤੀ, ਕਿਉਂ ?

— ਪਹਿਲੀ ਗੱਲ ਤਾਂ ਇਹ ਕਿ ਮੈਂ ਉਪਾਧੀਆਂ, ਪੁਰਸਕਾਰਾਂ ਆਦਿ ਵਿਚ ਵਿਸ਼ਵਾਸ਼ ਨਹੀਂ ਰਖਦਾ। ਸੇਵਾ ਉਹ ਹੀ ਹੁੰਦੀ ਹੈ ਜੋ ਨਿਸ਼ਕਾਮ ਹੋ ਕੇ ਕੀਤੀ ਜਾਵੇ। ਜਿਸ ਸੇਵਾ ਵਿਚ ਲੋਭ ਲਾਲਚ ਨੂੰ ਮੁੱਖ ਰੱਖਿਆ ਜਾਏ ਉਹ ਨਿਸ਼ਕਾਮ ਸੇਵਾ ਨਹੀਂ ਕਾਹੀ ਜਾ ਸਕਦੀ। ਦੂਸਰੀ ਗੱਲ ਇਹ ਕਿ ਹਰਿਮੰਦਰ ਸਾਹਿਬ ਤੇ ਹੋਏ ਫੌਜੀਆਂ ਆਕ੍ਰਮਣ ਤੇ ਅਕਾਲ ਤਖਤ ਸਾਹਿਬ ਦੇ ਢਾਹੇ ਜਾਣ ਅਤੇ ਅਨੇਕਾਂ ਬੇਕਸੂਰੇ ਬੱਚੇ, ਇਸਤਰੀਆਂ, ਨੌਜਵਾਨਾਂ ਤੇ ਬਜ਼ੁਰਗਾਂ ਦਾ ਕੋਹੇ ਜਾਣਾ ਤੇ ਬੇਪਤ ਕੀਤੇ ਜਾਣ ਮੇਰੇ ਹਿਰਦੇ ਨੂੰ ਵਲੂੰਧਰ ਗਿਆ ਸੀ ਤੇ ਮੈਂ ਇਹ ਬਰਦਾਸ਼ਤ ਨਹੀਂ ਸਾਂ ਕਰ ਸਕਿਆ ਕਿ ਇਤਨੇ ਉਪੱਦਰਵ ਹੋਣ ਦੇ ਬਾਵਜੂਦ ਵੀ ਮੈਂ "ਪਦਮ ਸ੍ਰੀ" ਨਾਲ ਚਿੰਬੜਿਆ ਰਹਾਂ। ਮੈਂ ਮੈਂ ਆਪਣੇ ਰੋਸ ਦੇ ਪ੍ਰਗਟਾਵੇ ਵਜੋਂ ਇਕ ਇਤਿਹਾਸਕ ਚਿੱਠੀ ਰਾਸ਼ਟਰਪਤੀ ਨੂੰ ਲਿਖ ਕੇ ਆਪਣੀ ਉਪਾਧੀ ਮੋੜ ਦਿਤੀ ਸੀ। ਮੈਨੂੰ ਸਿੱਖ ਸੰਗਤਾਂ ਵਲੋਂ ਮਿਲਿਆ ਤੇ ਮਿਲ ਰਿਹਾ ਪਿਆਰ ਤੇ ਸਤਿਕਾਰ ਇਨ੍ਹਾਂ ਸਾਰੀਆਂ ਉਪਾਧੀਆਂ ਆਦਿ ਤੋਂ ਉਪਰ ਹੈ। ਸਤਿਗੁਰੂ ਦੀ ਮਿਹਰ ਦਾ ਟਾਕਰਾ ਦੁਨਿਆਵੀ ਉਪਾਧੀਆਂ ਨਹੀਂ ਕਰ ਸਕਦੀਆਂ।

—ਸ. ਪ. ਸਿੰਘ ਭਾਟੀਆ



ਮੁਲਾਕਾਤ



ਨਿਕੰਮਾ ਪੱਥਰਾਂ ਤੋਂ ਹੈ, ਕਲਾ ਤੋਂ ਜੋ ਨਾ ਜਾਗੇ ਦਿਲ
ਕਿ ਗਰਮੀ ਹੁਨਰ ਦੀ ਕਾਗਜ਼ 'ਚ ਹੈ, ਪੱਥਰ ਦੇ ਮਨ ਤਕ ਹੈ !
ਕਿਸੇ ਦੁਸ਼ਮਨ, ਕਿਸੇ ਸਾਜ਼ਸ਼ ਦੇ ਕਾਰਣ ਉਹ ਨਹੀਂ ਮਿਟਦਾ
ਕਵੀ ਦੀ ਜ਼ਿੰਦਗੀ, ਉਸ ਦੀ ਕਲਾ ਉਸਦੇ ਸੁਖਨ ਤਕ ਹੈ !


# FIDELTY REALTY LTD.

5316 Victoria Drive
Vancouver, B.C.

## BUYING & SELLING

Always Remember
Ph. 324-3888

## HARPAL S. TOOR

Member Medallion Club
R.E. Board of Greater Vancouver
437-3350

# HAMILTON
## MORTUARY LTD.

5390 Fraser Street [at 38th Ave.]
VANCOUVER, B.C. V5W 2Z1
**Phone: 324-3851**

PROUD OF THE COMMUNITY

We Serve:

- Superb Facilities
- A Caring & helping staff.
- Across from the Vancouver Crematorium.
- Enquiries Welcome at any time.
- Saturday or evening services available.



JIM HOUSEMAN
Managing Director

TOGETHER WE ARE STRONGER
NORTH AMERICAN LIFE



Rupinder S. Azad

Looking For
**The Right Kind of Life Insurance?**
YES!
Choice is Yours :
Traditional VS Universal [Smokers & Non Smokers]
For Details & Free Consulation

ਹੁਣ ਜ਼ਿੰਦਗੀ ਭਰ ਲਈ ਇਨਸ਼ੋਰੈਂਸ ਪਾਲਸੀ ਲਉ। ਕੇਵਲ ਚਾਰ ਸਾਲ ਹੀ ਕਿਸ਼ਤਾਂ ਦੇਣ ਦੀ ਲੋੜ ਹੈ ਜਾਂ ਕਿੰਨੇ ਵੀ ਸਾਲਾਂ ਵਿਚ ਆਪਣੀ ਮਰਜ਼ੀ ਮੁਤਾਬਕ ਦੇ ਸਕਦੇ ਹੋ

ਹੋਰ ਜਾਣਕਾਰੀ ਲਈ ਫੋਨ ਕਰੋ :
CONTACT:
RUPINDER S. AZAD
AZAD INSURANCE AGENCIES
#1 - 2619 - Cedar Park PL.
CLEARBROOK, B.C.

Toll Free Line (in B.C.)
1—800—242—8044
Phone (604)853-0134

# ੦ ਵਿਲੀਅਮਜ਼ਲੇਕ ਗੁਰੂ ਨਾਨਕ ਸਿਖ ਟੈਂਪਲ ਸੌਕਰ ਕਲੱਬ



ਖੱਬੇ ਤੋਂ ਸੱਜੇ :—

ਪਹਿਲੀ ਕਤਾਰ : ਪੂਰਨ ਭੋਗਲ, ਗੁਰਦੀਪ ਪਰਮਾਰ, ਗੁਰਜੀਤ ਨਿੱਜਰ, ਕੈਮ ਨਿੱਜਰ, ਸੋਢੀ ਬਡੇਸ਼ਾ, ਚਰਨਜੀਤ ਬੈਹਿਨੀਵਾਲ

ਦੂਸਰੀ ਕਤਾਰ :
ਇੰਦਰਜੀਤ ਗਰੇਵਾਲ, ਅਮਰੀਕ ਵਿਰਕ, ਮੱਕਨ ਰਾਨਾ, ਦੇਵ ਬਸਰਾ, ਰਣਜੀਤ ਬਡੇਸ਼ਾ, ਦਵਿੰਦਰ ਧਾਰੀ, ਨਰਿੰਦਰ ਭੱਟੀ, ਦਲਜੀਤ ਸਰੋਆ, ਕੁਲਵਿੰਦਰ ਬਡੇਸ਼ਾ।

ਤੀਸਰੀ ਕਤਾਰ,
ਪਲਵਿੰਦਰ ਨਿੱਜਰ, ਨਰਿੰਦਰ ਨਿੱਜਰ, ਕਰਮ ਵਿਰਕ

ਚੂ ਦੇਸ ਦੇ ਰਾਜਕੁਮਾਰ ਦੀ ਕਮਾਣ ਸ਼ਿਕਾਰ ਵਿਚ ਕਿਤੇ ਗਵਾਚ ਗਈ।

ਮੰਤਰੀ ਨੇ ਹੁਕਮ ਦਿਤਾ ਕਿ ਉਸ ਨੂੰ ਲੱਭ ਕੇ ਲਿਆਂਦਾ ਜਾਏ।

"ਇਸ ਦੀ ਲੋੜ ਨਹੀਂ," ਰਾਜਕੁਮਾਰ ਨੇ ਕਿਹਾ। "ਕਮਾਣ ਇਸ ਮੁਲਕ ਦੇ ਹੀ ਕਿਸੇ ਆਦਮੀ ਦੇ ਹੱਥ ਆਈ ਹੋਵੇਗੀ। ਆਖ਼ਿਰ ਇਸ ਮੁਲਕ ਦੀ ਚੀਜ਼ ਇਸ ਮੁਲਕ ਦੇ ਹੀ ਕਿਸੇ ਆਦਮੀ ਕੋਲ ਗਈ ਏ ਨਾ।"

ਇਸ ਘਟਨਾ ਬਾਰੇ ਪਤਾ ਲਗਣ 'ਤੇ ਦਾਰਸ਼ਨਿਕ ਕਨਫੂਸ਼ੀਅਸ ਨੇ ਕਿਹਾ, "ਰਾਜਮੁਮਾਰ ਦੀ ਨਜ਼ਰ ਵਿਚ ਸੰਕੀਰਤਣਾ ਹੈ, ਵਰਨਾ ਉਹ ਕਹਿੰਦਾ, 'ਇਕ ਆਦਮੀ ਦੀ ਚੀਜ਼ ਕਿਸੇ ਆਦਮੀ ਕੋਲ ਹੀ ਗਈ ਏ ਨਾ।'"

## ਪੁਲੀਸ ਦੀਆਂ 5 ਹੋਰ ਬਟਾਲੀਅਨਾਂ ਬਣਨਗੀਆਂ

ਚੰਡੀਗੜ੍ਹ, .(ਜ.ਸ. ਸਿੱਧੂ) - ਪੰਜਾਬ ਵਿਚ ਛੇਤੀ ਹੀ ਹਥਿਆਰਬੰਦ ਪੁਲੀਸ ਦੀਆਂ ਹੋਰ ਪੰਜ ਬਟਾਲੀਅਨਾਂ ਕਾਇਮ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਅਮਨ ਕਾਨੂੰਨ ਦੀ ਸਥਿਤੀ ਨਾਲ ਨਿਬੜਨ ਲਈ ਬਾਹਰਲੇ ਰਾਜਾਂ ਜਾਂ ਕੇਂਦਰੀ ਰਿਜ਼ਰਵ ਫੋਰਸ ਉਤੇ ਨਿਰਭਰਤਾ ਘੱਟ ਸਕੇ। ਇਸ ਵੇਲੇ ਰਾਜ ਵਿਚ ਪੁਲੀਸ ਦੀਆਂ 7 ਹਥਿਆਰਬੰਦ ਬਟਾਲੀਅਨਾਂ ਹਨ। ਇਹ ਜਾਣਕਾਰੀ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਸ. ਬੀ.ਐਸ. ਧਾਲੀਵਾਲ ਨੇ ਦਿੱਤੀ ਹੈ।

ਸ. ਧਾਲੀਵਾਲ ਨੇ 'ਪੰਜਾਬੀ ਟ੍ਰਿਬਿਊਨ' ਨੂੰ ਦੱਸਿਆ ਕਿ ਸਰਕਾਰ ਦੇ ਇਸ ਫੈਸਲੇ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਕਿਸੇ ਵੀ ਔਖੀ ਸਥਿਤੀ ਉਤੇ ਸੂਝਬੂਝ ਨਾਲ ਕਾਬੂ ਪਾਉਣ ਵਿਚ ਮਦਦ ਮਿਲੇਗੀ। ਪੰਜਾਬ ਦੀ ਪੁਲੀਸ ਇਥੋਂ ਦੇ ਲੋਕਾਂ ਦੀਆਂ ਔਕੜਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੀ ਹੈ। ਇਕ ਬਟਾਲੀਅਨ ਵਿਚ ਅਫਸਰਾਂ ਸਮੇਤ ਲਗਭਗ 800 ਜਵਾਨ ਹੁੰਦੇ ਹਨ।

ਸ. ਧਾਲੀਵਾਲ ਨੇ ਜ਼ਿਲਾ ਪੱਧਰ ਉਤੇ ਪੁਲੀਸ ਪ੍ਰਸ਼ਾਸਨ ਵਿਚ ਤਬਦੀਲੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੋਕ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਕੁਝ ਅਧਿਕਾਰੀਆਂ ਦੇ ਤਬਾਦਲੇ ਵਿਚਾਰ ਅਧੀਨ ਹਨ। ਇਸ ਨਾਲ ਪ੍ਰਸ਼ਾਸਨ ਦੀ ਸੁਯੋਗਤਾ ਵਿਚ ਵਾਧਾ ਹੋਵੇਗਾ। ਵੱਡੀ ਪੱਧਰ ਉਤੇ ਤਬਦੀਲੀਆਂ ਆਮ ਬਦਲੀਆਂ ਦੇ ਮੌਕੇ ਉਤੇ ਹੀ ਕੀਤੀਆਂ ਜਾਣਗੀਆਂ ਤਾਂ ਜੋ ਕਰਮਚਾਰੀਆਂ ਨੂੰ ਪ੍ਰੇਸ਼ਾਨੀ ਨਾ ਹੋਵੇ।

ਪੰਜਾਬ ਪੁਲੀਸ ਨੂੰ ਮਾਡਰਨ ਬਨਾਉਣ ਵੱਲ ਵੀ ਧਿਆਨ ਦਿੱਤਾ ਜਾ ਰਿਹਾ ਹੈ। ਇਸ ਮੰਤਵ ਲਈ ਕੇਂਦਰ ਦੀ ਮਦਦ ਨਾਲ ਟਰਾਂਸਪੋਰਟ ਅਤੇ ਵਾਇਰਲੈਸ ਸਹੂਲਤਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਵੀ ਵਿਭਾਗ ਨੂੰ ਵਧੇਰੇ ਫੰਡ ਦੇਣ ਦਾ ਭਰੋਸਾ ਦਿੱਤਾ ਹੈ। ਇਸ ਪਿਛੋਂ ਜ਼ਿਲਾ ਅਤੇ ਬਲਾਕ ਪੱਧਰ ਉਤੇ ਹੋਰ ਗੱਡੀਆਂ ਮੁਹੱਈਆ ਕੀਤੀਆਂ ਜਾਣਗੀਆਂ। ਕੁਝ ਨਾਜ਼ੁਕ ਖੇਤਰਾਂ ਵਿਚ ਪੁਲੀਸ ਦੀਆਂ ਲੋੜਾਂ ਵੱਲ ਫੌਰੀ ਧਿਆਨ ਦਿੱਤਾ ਜਾ ਰਿਹਾ ਹੈ।

ਸ. ਧਾਲੀਵਾਲ ਨੇ ਦਾਅਵਾ ਕੀਤਾ ਕਿ ਪਿਛਲੇ ਸਾਲ ਦੇ ਮੁਕਾਬਲੇ ਹੁਣ ਪੰਜਵੇਂ ਹਿੱਸੇ ਦੀਅ ਵਾਰਦਾਤਾਂ ਰਹਿ ਗਈਆਂ ਹਨ। ਨਵੀਂ ਅਕਾਲੀ ਸਰਕਾਰ ਦੇ ਆਉਣ ਪਿਛੋਂ ਸਥਿਤੀ ਤੇਜ਼ੀ ਨਾਲ ਬਦਲ ਰਹੀ ਹੈ। ਭਗੌੜੇ ਜਾਂ ਅੰਡਰ ਗਰਾਊਂਡ ਹੋਏ ਨੌਜਵਾਨਾਂ ਦੇ ਮਾਪਿਆਂ ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਨੂੰ ਆਤਮ-ਸਮਰਪਣ ਲਈ ਪ੍ਰੇਰਿਆ ਜਾ ਰਿਹਾ ਹੈ। ਉਨ੍ਹਾਂ ਨੇ ਆਸ ਪ੍ਰਗਟ ਕੀਤੀ ਕਿ ਨੌਜਵਾਨ ਸਮਾਜ ਦੀ ਮੁਖ ਧਾਰਾ ਵਿਚ ਸ਼ਾਮਲ ਹੋ ਜਾਣਗੇ। ਜ਼ਿਲਾ ਅਧਿਕਾਰੀਆਂ ਨੂੰ ਹਦਾਇਤਾਂ ਭੇਜੀਆਂ ਗਈਆਂ ਹਨ ਕਿ ਪਚਾਇਤਾਂ ਨੂੰ ਨਾਲ ਲੈ ਕੇ ਫਰਾਰ ਲੜਕਿਆਂ ਦੇ ਮਾਪਿਆਂ ਨੂੰ ਇਹ ਯਕੀਨ ਦੁਆਇਆ ਜਾਵੇ ਕਿ ਉਨ੍ਹਾਂ ਨਾਲ ਕਾਨੂੰਨ ਅਧੀਨ ਹੀ ਨਜਿੱਠਿਆ ਜਾਵੇਗਾ ਅਤੇ ਪੁਲੀਸ ਉਨ੍ਹਾਂ ਨਾਲ ਮਾੜਾ ਵਰਤਅ ਨਹੀਂ ਕਰੇਗੀ।

ਉਨ੍ਹਾਂ ਦਾਅਵਾ ਕੀਤਾ ਕਿ ਹੁਣ ਤਕ ਜਿਨ੍ਹਾਂ ਨੌਜਵਾਨਾਂ ਨੂੰ ਰਿਹਾਅ ਕੀਤਾ ਗਿਆ ਹੈ ਉਨ੍ਹਾਂ ਵਿਚੋਂ ਬਹੁਤ ਹੀ ਘੱਟ ਮੁੜ ਕੇ ਸਮਾਜ ਵਿਰੋਧੀ ਕਾਰਵਾਈਆਂ ਵਿਚ ਸਰਗਰਮ ਹੋਏ ਹਨ। ਉਨ੍ਹਾਂ ਸਾਰਿਆਂ ਨੇ ਅਮਨ ਨਾਲ ਜੀਵਨ ਜੀਉਣ ਦਾ ਰਸਤਾ ਚੁਣਿਆ ਹੈ। ਸਰਕਾਰ ਉਨ੍ਹਾਂ ਨੂੰ ਰੁਜ਼ਗਾਰ ਦੇਣ ਲਈ ਕਈ ਸਕੀਮਾਂ ਸ਼ੁਰੂ ਕਰ ਰਹੀ ਹੈ ਤਾਂ ਜੋ ਉਹ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਭਵਿੱਖ ਵਿਚ ਰਿਹਾ ਹੋਣ ਵਾਲੇ ਯੁਵਕ ਵੀ ਸਮਾਜ ਵਿਰੋਧੀ ਕਾਰਵਾਈਆਂ ਵਿਚ ਸ਼ਾਮਲ ਨਹੀਂ ਹੋਣਗੇ।


# ਕੀ ਇੰਮੀਗਰੇਸ਼ਨ ਦਾ ਮਸਲਾ ਹੈ ?

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਯਾ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ। ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸਤੇਦਾਰ ਦੇ ਬਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ,ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸਤੇਦਾਰ ਦੀ ਚਿਠੀ ਭਰੀ ਹੈ ਤਾ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ

ਹੋਰ ਜਾਣਕਾਰੀ ਲਈ ਮਿਲੋ
ਜਾਂ ਫੂਨ ਕਰੋ

**ਮਲਕੀਤ ਸਿੰਘ ਪਰਹਾਰ**
**ਨਵਾਂ ਫੋਨ:**
**OFF.(604)733-1644**
**Res.(604)228- 0452**

**Malkit Singh Parhar**
#201-1275 W. 6th Avenue,
Vancouver, B.C. V6H1A6

- ਬਿਜਨਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸ਼ੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨ੍ਹਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ਼ ਥੋੜੇ ਤੋਂ ਥੋੜੇ ਵ੍ਹਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿਦਾਂ ਪੈਸੇ ਲੈ ਸਕਦੇ ਹੋ।
- ਜੇ ਤੁਸੀਂ ਵਸੀਅਤ ਖਿਆਲ ਨਾਲ ਨਹੀਂ ਬਨਾਉਂਦੇ ਅਤੇ ਤੁਹਾਡੇ ਮਗਰਲੇ ਰਿਸ਼ਤੇਦਾਰਾਂ ਨੂੰ ਮਗਰੋਂ ਬਹੁਤ ਹੀ ਤਕਲੀਫਾਂ ਆ ਸਕਦੀਆ ਹਨ ਤਾਂ ਗੌਰਮਿੰਟ ਉਸਦੇ ਵਿਚੋਂ ਬਹੁਤ ਹੀ ਟੈਕਸ ਲੈ ਜਾਂਦੀ ਹੈ। ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਸਹੀ ਵਸੀਅਤ ਸਮੇਂ ਦੇ ਅਨੁਸਾਰ, ਵੱਖ-ਵੱਖ ਕਿਸਮਾਂ ਦੀ ਕਿਵੇਂ ਬਣਾਈ ਜਾ ਸਕਦੀ ਹੈ।

*World-Wide Immigration To Canada and U.S.A. Ltd.*

# ਫਿਲਮ ਦਰਪਣ

## ਫਿਲਮ ਲੋਕ

ਸ਼ਮਸ਼ੇਰ ਸਿੰਘ ਸੰਧੂ

### ਭੜਕੀਲੇ ਦ੍ਰਿਸ਼ਾਂ 'ਤੇ ਇਤਰਾਜ਼

ਨਗਨ ਤੇ ਭੜਕੀਲੇ ਦ੍ਰਿਸ਼ ਫਿਮਾਉਣ ਦੇ ਮਾਮਲੇ 'ਚ ਦੱਖਣੀ ਫਿਲਮਾਂ ਵਾਲੇ ਹਿੰਦੀ ਫਿਲਮਾਂ ਵਾਲਿਆਂ ਤੋਂ ਕਿਤੇ ਅੱਗੇ ਹਨ। ਪਰ ਜਿਉਂ ਜਿਉਂ ਦੱਖਣੀ ਫਿਲਮਾਂ ਦੇ ਨਿਰਦੇਸ਼ਕਾਂ, ਨਿਰਮਾਤਾਵਾਂ ਤੇ ਕਲਾਕਾਰਾਂ ਦਾ ਨਾਤਾ ਬੰਬਈ ਵਾਲਿਆਂ ਨਾਲ 'ਗੰਭੀਰ' ਹੁੰਦਾ ਜਾਂਦਾ ਹੈ ਤਿਉਂ ਤਿਉਂ ਹਿੰਦੀ ਫਿਲਮਾਂ ਵੀ ਭੜਕੀਲੇ ਦ੍ਰਿਸ਼ਾਂ ਵਾਲ ਵੱਲ ਵੱਧ ਉਲਰ ਰਹੀਆਂ ਹਨ। ਪਿਛਲੇ ਸਾਲਾਂ 'ਚ ਅਜਿਹੀਆਂ ਬਹੁਤ ਮਿਸਾਲਾਂ ਵਾਪਰੀਆਂ ਹਨ। ਬੰਬਈ ਦੀਆਂ ਕਈ ਸਮਾਜਕ ਜਥੇਬੰਦੀਆਂ ਨੇ ਅਜਿਹੇ ਅਸ਼ਲੀਲ ਪੋਸਟਰਾਂ ਵਿਰੁਧ ਸਮੇਂ ਸਮੇਂ ਸਿਰ ਇਤਰਾਜ਼ ਉਠਾਏ ਤੇ ਪੋਸਟਰ ਪਾੜਨ, ਮੁਜ਼ਾਹਰਾ ਕਰਨ ਤਕ ਵੀ ਨੌਬਤ ਆਉਂਦੀ ਰਹੀ ਹੈ। ਤਾਮਿਲ ਫਿਲਮ ' 'ਮੁਨਦਨਾਈ ਮੁਦੀਚ' ਦੇ ਆਧਾਰ ਉਤੇ ਬਣੀ ਹਿੰਦੀ ਫਿਲਮ 'ਮਾਸਟਰ ਜੀ' ਦੇਸ਼ ਦੇ ਕੁਝ ਭਾਗਾਂ 'ਚ ਰਿਲੀਜ਼ ਹੋ ਚੁੱਕੀ ਹੈ ਅਤੇ ਕੁਝ ਖੇਤਰਾਂ ਵਿਚ ਅਜੇ ਇਸ ਨੇ ਰਿਲੀਜ਼ ਹੋਣਾ ਹੈ। ਫਿਲਮ ਦੇ ਮੁਖ ਕਲਾਕਾਰ ਰਾਜੇਸ਼ ਖੰਨਾ, ਸ੍ਰੀ ਦੇਵੀ ਅਤੇ ਅਨੀਤਾ ਰਾਜ ਹਨ। ਦੋਹਾਂ ਅਭਿਨੇਤਰੀਆਂ ਦਾ ਫਿਲਮ ਵਿਚ ਖੁਲ੍ਹ ਕੇ ਸਰੀਰਕ ਪ੍ਰਦਰਸ਼ਨ ਕਰਾਇਆ ਗਿਆ ਹੈ। ਸੈਂਸਰ ਬੋਰਡ ਨੇ ਤਾਂ ਨਵੀਂ ਲਚਕਦਾਰ ਨੀਤੀ ਰਾਹੀਂ ਸਭ ਦ੍ਰਿਸ਼ਾਂ ਨੂੰ ਪ੍ਰਵਾਨਗੀ ਦੇ ਦਿਤੀ ਹੈ ਪਰ ਬੰਬਈ ਦੀਆਂ ਦੋ ਮਹਿਲਾ-ਜਥੇਬੰਦੀਆਂ ਨੇ ਅਜਿਹੇ ਦ੍ਰਿਸ਼ਾਂ ਵਿਰੁੱਧ ਇਤਰਾਜ਼ ਉਠਾਏ ਹਨ। ਜਥੇਬੰਦੀਆਂ ਦਾ ਕਹਿਣਾ ਹੈ ਕਿ "ਔਰਤ ਜ਼ਾਤੀ ਦੀ ਇਜ ਬੇਇਜ਼ਤੀ ਕੀਤੀ ਜਾ ਰਹੀ ਹੈ। ਦੂਜੇ ਪਾਸੇ 'ਮਾਸਟਰ ਜੀ' ਦੇ ਡਾਇਰੈਕਟਰ ਦਾ ਆਖਣਾ ਹੈ ਕਿ ਫਿਲਮ ਦੀ ਕਹਾਣੀ ਅਨੁਸਾਰ ਅਜਿਹੇ ਦ੍ਰਿਸ਼ ਜ਼ਰੂਰੀ ਸਨ ਤੇ ਇਨ੍ਹਾਂ ਦਾ ਮਕਸਦ ਭੜਕੀਲਾਪਣ ਹਰਗਿਜ਼ ਨਹੀਂ।

### ਦਲਜੀਤ ਕੌਰ ਨਿਰਾਸ਼

ਪੰਜਾਬੀ ਫਿਲਮਾਂ ਦੀ ਹਰਮਨ-ਪਿਆਰੀ ਅਭਿਨੇਤਰੀ ਦਲਜੀਤ ਕੌਰ ਹਿੰਦੀ ਫਿਲਮਾਂ 'ਚ ਪੈਰ ਜਮਾਉਣ ਲਈ ਚਿਰਾਂ ਤੋਂ ਸੰਘਰਸ਼ ਕਰ ਰਹੀ ਹੈ ਹਾਲਾਂ ਕਿ ਉਹਨੇ ਸ਼ੁਰੂ 'ਚ ਵਿਦੇਸ਼ਾਂ ਤੋਂ ਲੈ ਕੇ ਰਾਜ ਕੁਮਾਰ ਕੋਹਲੀ ਦੀ 'ਜੀਨੇ ਨਹੀਂ ਦੂੰਗਾ' ਤਕ ਸਮੇਂ ਸਮੇਂ ਸਿਰ ਕੋਈ ਇਕ ਦਰਜਨ ਹਿੰਦੀ ਫਿਲਮਾਂ 'ਚ ਕੰਮ ਕੀਤਾ ਹੈ ਪਰ ਉਹ ਅਜੇ ਤਕ ਹਿੰਦੀ ਫਿਲਮਾਂ ਵਿਚਲੇ ਆਪਣੇ ਰੋਲਾਂ ਤੋਂ ਖੁਸ਼ ਨਹੀਂ, ਅਸੰਤੁਸ਼ਟ ਹੈ।

ਬੀ. ਆਰ. ਚੋਪੜਾ ਨੇ 'ਆਜ ਕੀ ਅਵਾਜ਼' ਤੋਂ ਬਾਅਦ ਦਲਜੀਤ ਕੌਰ ਨੂੰ ਭਰੋਸਾ ਦਿਵਾਇਆ ਸੀ ਕਿ ਅਗਲੀ ਫਿਲਮ 'ਚ ਉਹਨੂੰ ਜ਼ਰੂਰ ਲਵੇਗਾ। ਹੁਣ ਜਦੋਂ 'ਦਹਿਲੀਜ਼' ਤੇ 'ਅਵਾਰਾ' ਬਣਨੀਆਂ ਸ਼ੁਰੂ ਹੋ ਗਈਆਂ ਹਨ ਤਾਂ ਦਲਜੀਤ ਕੌਰ ਨੂੰ ਵੱਡੇ ਤਾਂ ਕੀ ਕਿਸੇ ਛੋਟੇ ਰੋਲ 'ਚ ਵੀ ਫਿੱਟ ਨਾ ਕੀਤਾ ਗਿਆ। ਦਲਜੀਤ ਕੌਰ ਦਾ ਨਿਰਾਸ਼ ਹੋਣਾ ਸੁਭਾਵਕ ਹੈ ਕਿਉਂਕਿ ਜੋ ਪਿਛਲੇ ਡੇਢ ਸਾਲ ਤੋਂ ਉਹ ਆਪਣੇ ਆਪ ਨੂੰ ਚੋਪੜਾ ਕੈਂਪ ਦੀ ਮੈਂਬਰ ਦੱਸਦੀ ਆ ਰਹੀ ਸੀ ਤੇ ਅਕਸਰ ਕਿਹਾ ਕਰਦੀ ਸੀ ਕਿ 'ਚੋਪੜਾ ਸਾਹਿਬ ਮੈਨੂੰ ਵੱਡੀ ਬਰੇਕ ਦੇਣ ਵਾਲੇ ਹਨ'। 'ਦਹਿਲੀਜ਼' ਤੇ 'ਅਵਾਰਾ' ਦੀ ਪਲੈਨਿੰਗ ਵੇਲੇ ਚੋਪੜਾ ਕੈਂਪ ਨੇ ਇਕ ਤੋਂ ਵੱਧ ਵਾਰ ਦਲਜੀਤ ਕੌਰ ਨੂੰ ਕਾਸਟ ਵਿਚ ਐਲਾਨਿਆ ਵੀ ਸੀ, ਪਰ ਅੰਤਿਮ ਛੋਹਾਂ ਦੇਣ ਵੇਲੇ ਪਤਾ ਨਹੀਂ ਕੀ ਵਾਪਰਿਆ।

### ਭੈਣ-ਵੀਰ ਦੀ ਦੋਸਤੀ

ਨਾਜ਼ੀਆ ਹਸਨ ਤੇ ਜ਼ੋਹੇਬ ਹਸਨ ਸਕੇ ਭੈਣ-ਭਰਾ ਹਨ ਅਤੇ ਦੋਹੇਂ ਵਧੀਆਂ ਦੋਸਤ ਵੀ ਹਨ। ਗਾਇਕੀ ਖੇਤਰ ਵਿਚ ਉਹ ਕਦਮ ਨਾਲ ਕਦਮ ਮਿਲਾ ਕੇ ਚੱਲ ਰਹੇ ਹਨ ਤੇ ਇਕ ਤਰ੍ਹਾਂ ਇਕ-ਦੂਜੇ ਉਪਰ ਨਿਰਭਰ ਵੀ ਕਰਦੇ ਹਨ। ਜਿਧਰ ਵੀ ਜਾਣਾ ਹੋਵੇ ਉਹ ਇਕੱਠੇ ਜਾਂਦੇ ਹਨ। ਉਹ ਅਜੇ ਪੜ੍ਹਦੇ ਹਨ ਤੇ ਦੋਹਾਂ ਨੇ ਪੜ੍ਹਾਈ ਦੇ ਵਿਸ਼ੇ ਇਕੋ ਜਿਹੇ ਚੁਣੇ ਹਨ। ਉਨ੍ਹਾਂ ਦੀਆਂ ਬਹੁਤ ਸਾਰੀਆਂ ਆਦਤਾਂ ਮਿਲਦੀਆਂ ਹਨ। ਉਮਰ ਪੱਖੋਂ ਨਾਜ਼ੀਆ ਇਕ ਸਾਲ ਵੱਡੀ ਹੈ ਪਰ ਦੇਖਣ-ਪਾਖਣ ਨੂੰ ਜਾਪਦਾ ਹੈ ਕਿ ਜ਼ੋਹੇਬ ਇਕ ਸਾਲ ਵੱਡਾ ਹੋਵੇਗਾ। ਦੋਹਾਂ ਨੇ ਕਰਾਟੇ ਖੇਡ ਵਿਚ ਹਰੀ ਬੈਲਟ ਪ੍ਰਾਪਤ ਕੀਤੀ ਹੋਈ ਹੈ। ਦੋਹੇਂ ਸੰਗੀਤ ਦੇ ਪੁਜਾਰੀ ਹਨ। ਨਾਜ਼ੀਆ ਪਿਆਰ ਨਾਲ ਉਸ ਨੂੰ 'ਜ਼ੇਬੂ' ਆਖਦੀ ਹੈ ਤੇ ਜ਼ੋਹੇਬ ਲਾਡ ਨਾਲ ਉਸਨੂੰ 'ਨਾਜ਼ੀ' ਪੁਕਾਰਦਾ ਹੈ। ਕੁਝ ਸਾਲ ਪਹਿਲਾਂ ਨਾਜ਼ੀਆ ਤੇ ਜ਼ੋਹੇਬ ਹੋਰਨਾਂ ਕਲਾਕਾਰਾਂ ਦੇ ਆਟੋਗਰਾਫ ਲਿਆ ਕਰਦੇ ਸਨ ਤੇ ਹੁਣ ਉਨ੍ਹਾਂ ਦੋਹਾਂ ਦੇ ਦੁਆਲੇ ਆਟੋਗਰਾਫ ਲੈਣ ਵਾਲਿਆਂ ਦਾ ਝੁਰਮਟ ਹੈ।

ਹੁਣੇ ਜਿਹੇ ਨਾਜ਼ੀਆ ਹਸਨ ਤੇ ਜ਼ੋਹੇਬ ਹਸਨ ਨੇ ਪਹਿਲਾਂ ਨਿਹਲਾਨੀ ਦੀ ਬਣ ਰਹੀ ਹਿੰਦੀ ਫਿਲਮ 'ਇਲਜ਼ਾਮ' ਲਈ ਦੋਗਾਣਾ ਰਿਕਾਰਡ ਕਰਵਾਇਆ ਹੈ ਤੇ ਪ੍ਰਾਣ ਲਾਲ ਮਹਿਤਾ ਦੀ 'ਮੈਂ ਬਲਵਾਨ' ਵਾਸਤੇ ਨਾਜ਼ੀਆ ਨੇ ਕਿਸ਼ੋਰ ਕੁਮਾਰ ਨਾਲ ਅਵਾਜ਼ ਦਿਤੀ ਹੈ। ਦੋਹਾਂ ਗਾਣਿਆਂ ਦਾ ਸੰਗੀਤ ਭੱਪੀ ਲਹਿਰੀ ਨੇ ਦਿੱਤਾ ਹੈ। ਉਨ੍ਹਾਂ ਦੀ ਮੰਗ ਦਿਨੋਂ ਦਿਨ ਵਧ ਰਹੀ ਹੈ ਪਰ ਉਹ ਬੜਾ ਫੂਕ-ਫੂਕ ਕੇ ਕਦਮ ਰੱਖ ਰਹੇ ਹਨ ਤੇ ਛੇਤੀ ਕੀਤੇ ਪੇਸ਼ਕਸ਼ ਪ੍ਰਵਾਨ ਨਹੀਂ ਕਰਦੇ। ਪਿਛਲੇ ਪੰਜ ਸਾਲਾਂ 'ਚ ਉਨ੍ਹਾਂ ਨੇ ਮਸੀਂ ਅੱਧੀ ਦਰਜਨ ਡਿਸਕਾਂ ਰਿਕਾਰਡ ਕਰਵਾਈਆਂ ਹਨ।

ਡਿਸਕੋ ਤੇ ਪਾਪ ਸੰਗੀਤ ਦੀ ਦੁਨੀਆਂ ਵਿਚ ਨਾਜ਼ੀਆ ਤੇ ਜ਼ੋਹੇਬ ਦਾ ਬੋਲਬਾਲਾ ਹੈ। ਸੰਨ 81 ਵਿਚ ਫਿਰੋਜ਼ ਖਾਨ ਦੀ ਹਿੰਦੀ ਫਿਲਮ 'ਕੁਰਬਾਨੀ' 'ਚ ਨਾਜ਼ੀਆ ਦੀ ਅਵਾਜ਼ ਪਹਿਲੀ ਵਾਰ ਇਸਤੇਮਾਲ ਹੋਈ ਸੀ "ਆਪ ਜੈਸਾ ਕੋਈ ਮੇਰੀ ਜ਼ਿੰਦਗੀ ਮੇਂ ਆਏ, ਤੋ ਬਾਤ ਬਣ ਜਾਏ"। ਇਸ ਇਕੋ ਗਾਣੇ ਦੇ ਸਿਰ 'ਤੇ ਚਾਰੇ ਪਾਸੇ ਨਾਜ਼ੀਆ ਨਾਜ਼ੀਆ ਹੋ ਗਈ। ਭਾਵੇਂ ਇਸ ਤੋਂ ਪਹਿਲਾਂ ਵੀ ਡਿਸਕੋ ਸੰਗੀਤ ਭਾਰਤ 'ਚ ਪ੍ਰਵੇਸ਼ ਕਰ ਚੁੱਕਾ ਸੀ ਪਰ 'ਆਪ ਜੈਸਾ ...' ਤੋਂ ਡਿਸਕੋ ਸੰਗੀਤ ਮੌਲਿਕ ਰੂਪ 'ਚ ਇਥੇ ਉਭਰਿਆ। ਪਾਲੀਡੋਰ ਨੇ ਇਸ ਡਿਸਕ ਤੋਂ ਅੰਤਾਂ ਦੀ ਕਮਾਈ ਕੀਤੀ। ਨਾਜ਼ੀਆ ਨੂੰ 'ਪਲਾਟੀਨਮ ਡਿਸਕ' ਦੇ ਕੇ ਸਨਮਾਨਿਆ ਗਿਆ। ਉਸ ਸਾਲ ਨਾਜ਼ੀਆਂ ਨੇ 'ਫਿਲਮ ਫੇਅਰ ਅਵਾਰਡ' ਵੀ ਜਿੱਤ ਲਿਆ ਸੀ। ਫਿਰ ਮੈਚ ਐਮ. ਵੀ. ਨੇ ਜ਼ੋਹੇਬ ਨਾਜ਼ੀਆ

(ਬਾਕੀ ਪੰਨਾ 19 ਉਤੇ)



. ਫਿਲਮ 'ਮਾਸਟਰ ਜੀ' ਦੇ ਇਕ ਚਰਚਿਤ-ਦ੍ਰਿਸ਼ ਵਿਚ ਰਾਜੇਸ਼ ਖੰਨਾ ਤੇ ਅਨੀਤਾ ਰਾਜ।

## ਗ਼ਜ਼ਲ

ਪ੍ਰੇਮ ਸਿੰਘ ਪ੍ਰੇਮ

ਇਸ਼ਕ ਹਕੀਕੀ ਇਸ਼ਕ ਮਜਾਜ਼ੀ।
ਕਾਫਿਰ ਬਣਿਆ ਫਿਰੇ ਨਮਾਜ਼ੀ।
ਦਾਗ ਦਾਗ ਕਰਮਾਂ ਦਾ ਚੋਲਾ,
ਬੋਲ ਬੋਲ ਸ਼ਬਦਾਂ ਦਾ ਗਾਜ਼ੀ।
ਗਣਤੰਤਰ ਦਾ ਚੋਗਾ ਪਾ ਕੇ,
ਵੋਟਾਂ ਲੈ ਗਿਆ ਕੱਟੜ ਨਾਜ਼ੀ।
ਦਿਨ ਵੇਲੇ ਕੁਰਾਨ ਦਾ ਕਾਰੀ,
ਰਿੰਦਾਂ ਦਾ ਰਿੰਦ ਰਾਤੀਂ ਕਾਜ਼ੀ।
ਹੁਸਨ ਗੋਰੀ ਦਾ ਲਾਲ ਤੇ ਸੂਹਾ,
ਕੋਲ ਕਰੇਰਾ ਇਸ਼ਕ ਪਿਆਜ਼ੀ।
ਚਾਰੇ ਕੰਨੀਆਂ ਝਾੜ ਕੇ ਮਜਨੂੰ,
ਫਕਦਾ ਹਵਾ ਫਿਰੇਂਦੇ ਤਾਜ਼ੀ।
ਹੂੰ ਹੂੰ, ਜੀ ਜੀ, ਆਈ ਨਾ ਸਾਨੂੰ,
ਹਾਰ ਚਲੇ ਹਾਂ ਜਿੱਤੀ ਬਾਜ਼ੀ।
ਪੱਲੇ ਪਿਆ ਨਾ ਅਰਥਾ ਸੱਤਾ,
ਇਲਮ ਸਿਆਸਤ ਇਲਮ ਰਿਆਜ਼ੀ
ਕਵਿਤਾ ਕਰਿਆ ਕਰ ਹੁਣ 'ਪ੍ਰੇਮ',
ਤੂੰ ਵੀ ਰਾਜ਼ੀ ਮੈਂ ਵੀ ਰਾਜ਼ੀ।


# JIM PATTISON

PONTIAC - BUICK - CADILLAC and GMC

3434 MAIN ST. VANCOUVER, B.C.

Tel. 879-4233

GM

ਨਵੀਆਂ ਪੌਂਟੀਅਕ ਲਾਈਨ **Parlad Gill**

ਫਾਇਰਬਰਡ - ਸੱਨਬਰਸਟ - ਅਕੈਡੀਅਨ - ਟੀ1000 - ਸੱਨਬਰਡ - ਫੀਰਏਰੋ - ਫਾਇਰਬਰਡ - ਟਰਾਂਜ਼ਅਮ - ਗਰੈਂਡਅਮ - ਪੌਂਟੀਅਕ 6000 - ਬੌਨਾਵਿਲ ਅਤੇ ਪੈਰੀਜ਼ੀਅਨ

**—ਬੀਊਕ ਲਾਈਨ**

ਸਕਾਈਹਾਕ - ਸਕਾਈਲਾਰਕ - ਸੈਂਚਰੀ - ਰੀਗਲ ਸੋਮਰਸੈਟ - ਰੀਗਲ - ਲੇਸਬਰ - ਈਲੈਕਟਰਾ ਪਾਰਕ ਐਵੇਨੀਊ - ਈਵੀਰਾ

**ਕੈਡੀਲਕ ਲਾਈਨ**

ਡੀਵਿੱਲ - ਫਲੀਟਵੁੱਡ - ਐਲਡਰਡੋ - ਸਵਿੱਲ - ਜੀ ਐਮ ਸੀ - ਪਿੱਕ ਅਪ - ਵੈਨ - ਜ਼ਿਮੀ ਅਤੇ 4x4 ਵੀਲ ਡਰਾਈਵ

ਸਾਡੇ ਕੋਲ ਹੋਰ ਵੀ ਬਹੁਤ ਸਾਰੀਆਂ ਨਵੀਆਂ ਅਤੇ ਪੁਰਾਣੀਆਂ ਕਾਰਾਂ ਹਨ। ਜੇ ਤੁਸੀਂ Chevorlet, Oldsmobile Or Toyata Line ਦੀਆਂ ਨਵੀਆਂ ਕਾਰਾਂ ਲੈਣੀਆਂ ਹੋਣ ਤਾਂ ਮਿਲੋ ਜਾਂ ਫੋਨ ਕਰੋ :—

ਪਰਲਾਦ ਸਿੰਘ ਗਿੱਲ



Bus. 879 - 4233
Res. 435 - 1834



ਐਤਵਾਰ ਨੂੰ 10.30 ਵਜੇ ਸਵੇਰ ਤੋਂ ਲੈ ਕੇ 4.00 ਵਜੇ ਸ਼ਾਮ ਤੱਕ ਆਪਦੀ ਸੇਵਾ ਲਈ ਹਾਜ਼ਰ ਹਾਂ

ਪੰਨਾ 18 ਦੀ ਬਾਕੀ)

ਦਾ 'ਡਿਸਕੋ ਦੀਵਾਨੇ' ਐਲ. ਪੀ. ਛੱਡਿਆ। ਅੱਜ ਕੱਲ੍ਹ ਉਹ ਸੀ. ਬੀ. ਐਸ. ਦੇ ਵੱਧ ਨੇੜੇ ਹਨ।

### ਦੋ ਨਵੀਆਂ ਅਭਿਨੇਤਰੀਆਂ

ਉਹ ਪਹਿਲਾਂ ਗੁਰਮਨਜੀਤ ਮਾਨ ਅਖਵਾਉਂਦੀ ਸੀ ਤੇ ਹੁਣ ਮਨਜੀਤ ਮਾਨ। ਪਹਿਲੀ ਵਾਰ ਸਕਰੀਨ ਉਪਰ ਉਹ 'ਲੌਂਗ ਦਾ ਲਿਸ਼ਕਾਰਾ' ਪੰਜਾਬੀ ਫਿਲਮ ਰਾਹੀਂ ਆਈ ਪਰ ਉਸ ਵਿਚ ਉਹਦੇ ਸਿਰਫ ਇਕ-ਦੋ ਸੀਨ ਹੀ ਸਨ ਤਿਆਰ ਹੋ ਚੁੱਕੀ ਪੰਜਾਬੀ ਫਿਲਮ "ਗੱਭਰੂ ਪੰਜਾਬ ਦਾ" ਅਤੇ ਹਰਿਆਣਵੀ ਫਿਲਮ "ਛੋਰਾ ਹਰਿਆਣੇ ਕਾ" ਵਿਚ ਮਨਜੀਤ ਮਾਨ ਦੀ ਰਮਾ-ਵਿਜ ਨਾਲ ਟੱਕਰ ਹੈ। ਰਸ਼-ਪ੍ਰਿੰਟ ਦੇਖਣ ਉਪਰੰਤ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਮਨਜੀਤ ਮਾਨ ਦੀ ਅਦਾਕਾਰੀ ਦਰਸ਼ਕਾਂ ਨੂੰ ਪ੍ਰਭਾਵਿਤ ਕਰੇਗੀ। ਇਸੇ ਤਰ੍ਹਾਂ ਤਿਆਰ ਅਧੀਨ 'ਕੀ ਬਣੂ ਦੁਨੀਆਂ ਦਾ' ਪੰਜਾਬੀ ਫਿਲਮ 'ਚ ਮਨਜੀਤ ਮਾਨ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ।

ਉਕਤ ਫਿਲਮ ਵਿਚ ਮਨਜੀਤ ਮਾਨ ਦਾ ਹੀਰੋ ਗੁਰਦਾਸ ਮਾਨ ਬਣਦਾ ਹੈ ਹੈ ਜੋ ਕਿ ਅਸਲ ਜ਼ਿੰਦਗੀ ਵਿਚ ਉਸ ਦਾ ਪਤੀ ਵੀ ਹੈ। ਰੁਮਾਂਟਿਕ ਅਤੇ ਜਜ਼ਬਾਤੀ ਸੀਨਾਂ ਵਿਚ ਉਨ੍ਹਾਂ ਦੋਹਾਂ ਨੇ ਏਨੀ ਖੁਭ ਕੇ ਅਦਾਕਾਰੀ ਕੀਤੀ ਹੈ ਕਿ ਕਿਰਦਾਰਾਂ ਨੂੰ ਇਕ ਤਰ੍ਹਾਂ ਨਾਲ ਅਸਲੀਅਤ ਦਾ ਜਾਮਾ ਪਹਿਨਾ ਦਿਤਾ ਹੈ। ਮਨਜੀਤ ਮਾਨ ਦਾ ਦੀ ਫਿਲਮਾਂ ਦੇ ਨਾਲ ਨਾਲ ਸਟੇਜ 'ਤੇ ਵੀ ਸਰਗਰਮ ਹੈ। ਪਟਿਆਲੇ ਅਤੇ ਚੰਡੀਗੜ੍ਹ ਦੀਆਂ ਸਟੇਜਾਂ 'ਤੇ ਕਈ ਨਾਟਕ ਖੇਡ ਚੁੱਕੀ ਹੈ। ਨਾਟਕਾਂ 'ਚ ਉਹ ਹੀਰ ਵੀ ਬਣੀ ਹੈ ਤੇ ਸਾਹਿਬਾਂ ਵੀ। ਜੇਕਰ ਉਕਤ ਫਿਲਮਾਂ ਟਿਕਟ-ਖਿੜਕੀ 'ਤੇ ਸ਼ਾਬਸ਼ੇ ਲੈ ਗਈਆਂ ਤਾਂ . ਯਕੀਨਨ ਪੰਜਾਬੀ ਫਿਲਮ ਜਗਤ ਨੂੰ ਮਨਜੀਤ ਮਾਨ ਨਾਂ ਦੀ ਇਕ ਪ੍ਰਤਿਭਾਸ਼ੀਲ ਅਭਿਨੇਤਰੀ ਮਿਲ ਜਾਵੇਗੀ।

ਹਿੰਦੀ ਫਿਲਮ ਜਗਤ 'ਚ ਨੀਲਮ ਦਾ ਨਾਂ ਫੈਲ ਗਿਆ ਹੈ। ਉਹਦੀ ਪਹਿਲੀ ਫਿਲਮ 'ਜਵਾਨੀ' ਭਾਵੇਂ ਏਨੀ ਚੱਲ ਨਹੀਂ ਸਕੀ ਪਰ ਨੀਲਮ ਦੇ ਕੰਮ ਨੂੰ ਸਲਾਹਿਆ ਗਿਆ। ਨੀਲਮ ਹੁਣ 'ਲਵ 86' ਤੇ ਦੋ-ਤਿੰਨ ਹੋਰ ਫਿਲਮਾਂ ਵਿਚ ਵੀ ਆ ਰਹੀ ਹੈ।

ਉਹ ਹਾਂਗਕਾਂਗ ਵਿਚ ਜਨਮੀ ਸੀ ਤੇ ਬੈਂਕਾਕ 'ਚ ਪੜ੍ਹਾਈ ਕੀਤੀ। ਨੀਲਮ ਨੂੰ ਹਿੰਦੀ ਅਜੇ ਚੰਗੀ ਤਰ੍ਹਾਂ ਨਹੀਂ ਬੋਲਣੀ ਆਉਂਦੀ। ਸੰਵਾਦਾਂ ਨੂੰ ਰੱਟਾ ਲਾ ਕੇ ਬੋਲਦੀ ਹੈ। ਬਚਪਨ 'ਚ ਉਹਦੀ ਇੱਛਾ ਸੀ ਕਿ ਵੱਡੀ ਹੋ ਕੇ ਅਧਿਆਪਕਾ ਬਣਾਂਗੀ। ਪਰ ਹੁਣ ਫਿਲਮ-ਲਾਈਨ ਨੂੰ ਉਸ ਨੇ ਪ੍ਰੋਫੈਸ਼ਨ ਵਜੋਂ ਅਪਣਾ ਲਿਆ ਹੈ! ਫਿਲਮਾਂ ਵਿਚ ਉਹ ਸਿਖ ਕੇ ਨਹੀਂ ਆਈ। ਛੁੱਟੀਆਂ ਦੇ ਦਿਨਾਂ ਵਿਚ ਬੰਬਈ ਆਪਣੇ ਰਿਸ਼ਤੇਦਾਰਾਂ ਦੇ ਘਰ ਠਹਿਰੀ ਹੋਈ ਸੀ ਕਿ ਰਮੇਸ਼ ਬਹਿਲ ਦੀ ਧੀ ਨਾਲ ਉਹਦਾ ਸਹੇਲਪੁਣਾ ਪੈ ਗਿਆ। ਸਹੇਲੀ ਦੇ ਜਨਮ ਦਿਨ 'ਤੇ ਨੀਲਮ ਉਸਦੇ ਘਰ ਗਈ ਤਾਂ ਰਮੇਸ਼ ਬਹਿਲ ਦੀ ਪਾਰਖੂ ਨਿਗ੍ਹਾ ਨੇ ਉਹਦੇ ਅੰਦਰ ਛੁਪੀ ਹੋਈ ਅਦਾਕਾਰੀ ਨੂੰ ਭਾਂਪ ਲਿਆ ਤੇ 'ਜਵਾਨੀ' ਫਿਲਮ 'ਚ ਕੰਮ ਕਰਨ ਲਈ ਮਨਾ ਲਿਆ। ਉਹਦਾ ਪਿਤਾ ਗੁਜਰਾਤੀ ਹੈ ਤੇ ਮਾਤਾ ਈਰਾਨ ਦੀ। ਐਕਟਿੰਗ ਸਿੱਖਣ ਲਈ ਨੀਲਮ ਨੇ ਰੋਸ਼ਨ ਤਨੇਜਾ ਦੀ ਅਕਾਡਮੀ 'ਚ ਕੋਰਸ ਕੀਤਾ ਸੀ।



ਪੰਜਾਬੀ ਫਿਲਮ 'ਗੱਭਰੂ ਪੰਜਾਬ ਦਾ' 'ਚ ਮਨਜੀਤ ਮਾਨ।



### ਨਜ਼ਮ ੦ ਅਜਨਬੀ ੦ ਇੰਦਰਪਾਲ ਕੌਰ

ਰਾਹ ਜਾਂਦੇ .. ਤੁਰਦੇ ਤੁਰਦੇ
ਅਚਾਨਕ ਹੀ ਮੇਲ ਹੋ ਜਾਂਦਾ ਹੈ,
ਕੁਝ ਆਪਣੇ ਜਿਹੇ ਬਣ ਜਾਂਦੇ ਨੇ,
ਤੇ ਇਤਫਾਕ ਨਾਲ ਕਈ ਵਾਰੀ
ਆਪਣੇ ਵੀ ਪਰਾਏ ਹੋ ਜਾਂਦੇ ਨੇ।
ਮੂੰਹ ਮੋੜ ਲੈਂਦੇ ਨੇ ਇਕ ਦੂਜੇ ਤੋਂ,
ਨਿੱਕਾ ਜਿਹਾ ਸ਼ਿਕਵਾ ਵੀ ਤਰੇੜਾਂ ਪਾ ਦੇਂਦਾ ਹੈ,
ਇਕ ਖਲਾਅ ਜੋ ਕਦੀ ਭਰ ਨਹੀਂ ਸਕਦਾ।
ਬਿਗਾਨੇ...ਉਨ੍ਹਾਂ ਦੀ ਤਾਂ ਸੋਚ ਵੀ ਨਹੀਂ ਹੁੰਦੀ,
ਕਿਵੇਂ, ਕਿੱਥੇ ਤੇ ਕਦੋਂ,
ਜ਼ਿੰਦਗੀ ਵਿਚ ਦਾਖਲ ਹੋ ਜਾਂਦੇ ਹਨ,
ਕੋਈ ਪਿਛਲੇ ਜਨਮਾਂ ਦੇ ਸੰਬੰਧ ਵਿਚ
ਇਹੋ ਅਜਨਬੀ ਬਣ ਜਾਂਦੇ ਨੇ ਵਿਸ਼ਵਾਸ ਦੇ ਪਾਤਰ,
ਸਭ ਕੁਝ ਇਤਫਾਕ ਨਾਲ ਹੀ ਤਾਂ ਹੁੰਦਾ ਹੈ...
ਰਿਸ਼ਤੇ, ਨਾਤੇ, ਦੋਸਤੀਆਂ—ਯਾਰੀਆਂ...
ਸਨੇਹ ਜਿਹਾ ਹੋ ਜਾਂਦਾ ਹੈ ਜਿਵੇਂ
ਜਨਮ-ਜਨਮਾਂਤਰਾਂ ਦੇ
ਵਿਛੜੇ ਮਿਲੇ ਹੋਈਏ ਤੇ ਹੁਣ ਸ਼ਾਇਦ,
ਅਜਨਬੀਆਂ ਵਾਲੀਆਂ ਕੋਈ ਗੱਲ ਹੀ ਨਾ ਰਹਿ ਗਈ ਹੋਵੇ
੦


### ਕੰਨਿਆ ਦੀ ਲੋੜ

26 ਸਾਲਾ ਜੱਟ ਸਿੱਖ ਨੌਜਵਾਨ ਲਈ, ਜੋ 12 ਗਰੇਡ ਅਤੇ ਡੀਜ਼ਲ ਇਜਨੀਅਰਿੰਗ ਹੈ, ਲਈ ਘੱਟੋ ਘੱਟ 12 ਗਰੇਡ ਪਾਸ ਲੜਕੀ ਉਮਰ 20 ਤੋਂ 23 ਸਾਲ ਵਾਲੀ ਸਿਟੀਜਨ ਜਾਂ ਇਮੀਗਰੇਂਟ ਲੜਕੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ :—

S.P.
C/0 CANADA DARPAN
P.O.BOX 67344 Stn. O
Vancouver, B.C. V5W 3T1



# AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.




एअर-इंडिया
AIR-INDIA
WE'RE YOUR AIRLINE
Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433

# ‘ਖਾਲਿਸਤਾਨ ਹਾਊਸ’ ਵਲ ਪਹਿਲੀ ਫੇਰੀ

**ਅਰੁਨ ਚੇਕੋ**

ਕੁਇਟੋ(ਇਕੁਏਡੋਰ): ਕੁਇਟੋ ਦੇ ਫੁੱਟਬਾਲ ਸਟੇਡੀਅਮ ਦੇ ਦੱਖਣ-ਪੂਰਬੀ ਸਿਰੇ ’ਤੇ ਐਸਪੀਨੋਜ਼ਾ ਸ਼ੈਵੇਜ਼ ਨਾਂ ਦੀ ਇਕ ਸ਼ਾਨਦਾਰ ਛੇ ਮੰਜ਼ਲਾ ਇਮਾਰਤ ਖੜ੍ਹੀ ਹੈ। ਇਸ ਇਮਾਰਤ ਦੀ ਪੰਜਵੀਂ ਮੰਜ਼ਲ ’ਤੇ f ਇਕੁਏਡੋਰ ਦੇ ਝੰਡੇ ਦੇ ਨਾਲ ਨਾਲ ਕੇਸਰੀ ਰੰਗ ਦਾ ਤਿਕੋਨਾ ਝੰਡਾ ਵੀ ਝੂਲਦਾ ਨਜ਼ਰ ਆਉਂਦਾ ਹੈ। ਦੋਹਾਂ ਝੰਡਿਆਂ ਵਿਚਾਲੇ ਇਕ ਸਾਧਾਰਨ ਜਿਹਾ ਸਾਈਨ ਬੋਰਡ ਲੱਗਿਆ ਹੈ। ਇਹ ਸਾਈਨ ਬੋਰਡ ਹੋਰਨਾਂ ਫੱਟਿਆਂ ਵਾਂਗ ਹੈ। ਹਾਂ, ਇਸ ਉਤਲੀ ਇਬਾਰਤ ਵੇਖ ਕੇ ਬੰਦਾ ਇਕ ਵਾਰ ਠਠੰਬਰ ਜ਼ਰੂਰ ਜਾਂਦਾ ਹੈ।

ਲਾਤੀਨੀ ਭਾਸ਼ਾ ਵਿਚ ਇਹ ਇਬਾਰਤ ਹੈ : “ਕੈਸਾ ਦੀ ਖਾਲਿਸਤਾਨ” ਪਿ ਜਿਸ ਤੋਂ ਭਾਵ ਹੈ ਖਾਲਿਸਤਾਨ ਹਾਊਸ। ਇਹ ਵੱਖਵਾਦੀ ਸਿੱਖਾਂ ਦੇ ਸੁਪਨਿਆਂ ਦੇ ਮੁਲਕ ਦਾ ਪਹਿਲਾ ਸਫਾਰਤੀ ਮਿਸ਼ਨ ਹੈ।

ਮੈਂ ਨਾਮਨਿਹਾਦ ਖਾਲਿਸਤਾਨ ਰਿਪਬਲਿਕ ਦੇ ਰੱਖਿਆ ਉਪ ਮੰਤਰੀ ਬਲਬੀਰ ਸਿੰਘ ਸਿੰਘ ਖਾਲਸਾ (ਉਸ ਦਾ ਵਿਜ਼ਟਿੰਗ ਕਾਰਡ ਇਹੀ ਅਹੁਦਾ ਦੱਸਦਾ ਹੈ) ਨਾਲ ਬਾਅਦ ਦੁਪਹਿਰ ਦੋ ਵਜੇ ਮੁਲਾਕਾਤ ਕਰਨ ਦਾ ਸਮਾਂ ਲਿਆ ਹੋਇਆ ਹੈ। “ਐਸਪੀਨੋਜ਼ਾ ਸ਼ੈਵੇਜ਼” ਦੇ ਬਾਹਰ ਪੁੱਜਣ ’ਤੇ ਖੁਸ਼ਨੁਮਾ ਜਿਹਾ ਜਾਪਣ ਵਾਲਾ ਇਕ ਸਿਖ ਬੜੀ ਹਲੀਮੀ ਨਾਲ ਮੈਨੂੰ ਨਮਸਤੇ ਕਰਦਾ ਹੈ। ਪਰ ਜਿਵੇਂ ਹੀ ਮੈਂ ਹਵਾਦਾਰ, ਖੁੱਲ੍ਹੀ-ਡੁੱਲ੍ਹੀ ਪੰਜਵੀਂ ਮੰਜ਼ਲ ’ਤੇ ਪਹੁੰਚਦਾ ਹਾਂ ਤਾਂ ਨੀਲੀਆਂ-ਅੱਖਾਂ ਵਾਲੇ ਇਕ ਸਿੱਖ, ਜੋ ਕਿ ਪਧੋਰੋਂ ਨੰਗਾ ਹੈ, ਦੀ “ਸਤਿ ਸ੍ਰੀ ਅਕਾਲ” ਮੈਨੂੰ ਚੌਂਕਾ ਦਿੰਦੀ ਹੈ। ਇਹ ਸਿੱਖ ਕੈਲੀਫੋਰਨੀਆ ਵਿਚ ਜੰਮਿਆ-ਪਲਿਆ ਅਮਰੀਕੀ ਗੋਰਾ ਹੈ।

ਬਲਬੀਰ ਸਿੰਘ ਸੰਧੂ ਨੇ ਕੁਝ ਅਹਿਮ ਵਿਅਕਤੀਆਂ ਤੇ ਖਾਲਿਸਤਾਨ-ਸਮਰਥਕਾਂ, ਜਿਨ੍ਹਾਂ ਵਿਚ ਇਕੁਏਡੋਰ ਦਾ ਸਾਬਕਾ ਰਾਸ਼ਟਰ ਪਤੀ ਸ਼ਾਮਲ ਹੈ, ਦੇ ਕਹਿਣ ’ਤੇ ਮੈਨੂੰ ਮੁਲਾਕਾਤ ਦਾ ਸਮਾਂ ਦਿੱਤਾ ਸੀ। ਪਰ ਬਾਅਦ ਵਿਚ ਉਸ ਨੇ ਇਕ ਭਾਰਤੀ ਪੱਤਰਕਾਰ ਨਾਲ ਗੱਲਬਾਤ ਨਾ ਕਰਨਾ ਬਿਹਤਰ ਸਮਝਿਆ। ਮੈਨੂੰ ਦੱਸਿਆ ਗਿਆ ਕਿ ਉਸ ਨੂੰ ਅਚਨਚੇਤੀ ਸ਼ਹਿਰ ਤੋਂ ਬਾਹਰ ਜਾਣਾ ਪਿਆ। ਸ਼ਾਮ ਨੂੰ ਸ਼ਹਿਰ ਪਰਤਣ ’ਤੇ ਉਹ ਮੇਰੇ ਨਾਲ ਸੰਪਰਕ ਕਰੇਗਾ। (ਸ਼ਾਮ ਨੂੰ ਖਾਲਿਸਤਾਨ ਹਾਊਸ ਨੂੰ ਟੈਲੀਫੋਨ ਕਰਨ ’ਤੇ ਜਵਾਬ ਦੇਣ ਵਾਲੇ ਦੀ ਆਵਾਜ਼ ਖਾਲਸਾ ਵਰਗੀ ਜਾਪੀ ਅਤੇ ਲੱਗਿਆ ਕਿ ਉਹ ਮੈਨੂੰ ਇਹ ਛਲਾਵਾ ਦੇਣਾ ਚਾਹੁੰਦਾ ਹੈ ਕਿ ਉਹ ਬਲਬੀਰ ਸਿੰਘ ਖਾਲਸਾ ਨਹੀਂ)।

ਇਹ ਸਾਫ ਹੀ ਹੈ ਕਿ ਪੰਜਵੀਂ ਮੰਜ਼ਲ ਦਾ ਇਹ ਹਿਸਾ ਰਿਹਾਇਸ਼ ਵਾਸਤੇ ਹ ਵੀ ਵਰਤਿਆ ਜਾਂਦਾ ਹੈ।

ਰਿਸੈਪਸ਼ਨ ਲਈ ਵਰਤੇ ਜਾਂਦੇ ਵੱਡੇ ਸਾਰੇ ਕਮਰੇ ਵਿਚ ਇਕ ਪਾਸੇ ਇਕ ਸੋਫਾ ਸੈਟ ਤੇ f ਇਕ ਵੱਡੀ ਮੇਜ਼ ਪਈ ਹੋਣ ਤੋਂ ਇਲਾਵਾ ਹੋਰ ਕੁਝ ਨਹੀਂ ਪਿਆ। ਮੇਜ਼ ’ਤੇ ਇਕੁਏਡੋਰ ਤੇ ਖਾਲਿਸਤਾਨ ਦੇ “ਮਿਨੀ” ਝੰਡੇ ਪ੍ਰਦਰਸ਼ਿਤ ਹਨ। ਇਕ ਪਾਸੇ ਟੈਲੀਫੋਨ ਹੈ। ਦਿੱਲੀ ਦੇ ਸਿੱਖ-ਵਿਰੋਧੀ ਦੰਗਿਆਂ ਬਾਰੇ ਪੀ. ਯੂ. ਸੀ. ਐਲ. ਦੀ ਰਿਪੋਰਟ ਮੇਜ਼ ’ਤੇ ਪਈ ਹੈ। ਮੇਜ਼ ਪਿੱਛੇ ਬੈਠਾ ਅਮਰੀਕੀ ਸਿੱਖ ਮੇਰੇ ਨਾਲ ਮੇਰੇ ਨਾਲ ਆਏ ਅਰਜਨਟਾਈਨੀ ਦੋਸਤ, ਜੋ ਕਿ ਮੇਰੇ ਲਈ ਤਰਜਮਾਕਾਰ ਦਾ ਰੋਲ ਵੀ ਅਦਾ ਕਰਦਾ ਰਿਹਾ ਹੈ, ਦੀ ਇਸ ਟਿੱਪਣੀ ਤੋਂ ਨਿਰਾਸ਼ ਜਿਹਾ ਜਾਪਦਾ ਹੈ ਕਿ ਉਹ “ਸਾਬਤ-ਸੂਰਤ” ਹੋਣ ਦੇ ਬਾਵਜੂਦ ਮਹਿਜ਼ ਅਮਰੀਕੀ ਹੀਹੀ ਲਗਦਾ ਹੈ।

ਅਸਲ ਸਵਾਲ ਇਹ ਹੈ ਕਿ ਸਿੱਖ ਵੱਖਵਾਦੀਆਂ ਨੇ ਅੰਮ੍ਰਿਤਸਰ ਤੋਂ ਹਜ਼ਾਰਾਂ ਮੀਲ ਦੂਰ ਇਕ ਨਾਮਾਲੂਮ ਜਿਹੇ ਲਾਤੀਨੀ ਅ ਅਮਰੀਕੀ ਦੇਸ਼ ਵਿਚ “ਖਾਲਿਸਤਾਨ ਹਾਊਸ” ਕਿਉਂ ਕਾਇਮ ਕੀਤਾ। ਇਸੇ ਸਵਾਲ ਨਾਲ ਜੁੜਿਆ ਇਕ ਹੋਰ ਸਵਾਲ ਹੈ ਕਿ ਚਾਰ ਅਕਤੂਬਰ ਨੂੰ ਆਪਣੇ ਇਸ ਸਵਾ ਸਫਾਰਤੀ ਮਿਸ਼ਨ ਦੇ ਉਦਘਾਟਨ ਲਈ ਉਨ੍ਹਾਂ ਨੇ ਇਕੁਏਡੋਰ ਦੇ ਕਈ ਉਚ ਅਧਿਕਾਰੀਆਂ ਦੀ ਮੌਜੂਦਗੀ ਨੂੰ ਕਿਵੇਂ ਸੰਭਵ ਬਣਾਇਆ। ਪਰ ਇਨ੍ਹਾਂ ਸਵਾਲਾਂ ਦੇ ਜਵਾਬ ਕੌਣ ਦਿੰਦਾ ?

“ਖਾਲਿਸਤਾਨ” ਦੇ ਅਮਰੀਕੀ ਪ੍ਰਤੀਨਿਧ ਨੇ ਇਕਸ਼ਾਫ ਕੀਤਾ, “ਅਸੀਂ ਬਆਬਾਦ ਭੂਮੀ ਦੀ ਤਲਾਸ਼ ਵਿਚ ਹਾਂ। ਅਜੇ ਤਕ ਇਹ ਪੱਕਾ ਨਹੀਂ ਕਿ ਅਸੀਂ ਕਿੱਥੇ ਵਸਾਂਗੇ। ਜੇਕਰ ਕੋਈ ਜ਼ਰਾਇਤੀ ਪ੍ਰਾਜੈਕਟ ਸ਼ੁਰੂ ਕੀਤਾ ਗਿਆ, ਤਾਂ ਉਹ ਇਸ ਦੇਸ਼ ਵਿਚ ਕਿਸੇ ਦੂਰ ਦਰੇਡੀ ਥਾਂ ’ਤੇ ਹੋਵੇਗਾ। ਭਾਵੇਂ ਇਕੁਏਡੋਰ ਜੰਗਲਾਂ ਵਿਚ ਭਰਿਆ ਪਿਆ ਹੈ, ਪਰ ਅਜਿਹੀਆਂ ਵਾਦੀਆਂ ਮੌਜੂਦ ਹਨ ਜਿਹੜੀਆਂ ਬਿਲਕੁਲ ਖਾਲੀ ਪਈਆਂ ਹਨ। ਅਸੀਂ ਸ਼ਾਇਦ ਇਹੀ ਜ਼ਮੀਨ ਖਰੀਦ ਕੇ ਉਥੇ ਸਿੱਖਾਂ ਨੂੰ ਵਸਾਵਾਂਗੇ।”

ਉਸ ਦਾ ਇਹ ਵੀ ਕਹਿਣਾ ਸੀ, “ਜਿਹੜੇ ਵਿਅਕਤੀ ਲੜਨਾ ਨਹੀਂ ਚਾਹੁੰਦੇ ਜਾਂ ਹਿੰਸਕ ਕਾਰਵਾਈਆਂ ਵਿਚ ਹਿੱਸਾ ਲੈਣ ਤੋਂ ਡਰਦੇ ਹਨ ਪਰ ਨਾਲ ਹੀ ਇਹ ਮਹਿਸੂਸ ਕਰਦੇ ਹਨ ਕਿ ਭਾਰਤ ਵਿਚ ਸਿੱਖਾਂ ’ਤੇ ਦਮਨ-ਚੱਕਰ ਚੱਲ ਰਿਹਾ ਹੈ, ਉਹ ਇਥੇ ਆ ਕੇ ਅਮਨਪੂਰਬਕ ਰਹਿ ਸਕਦੇ ਹਨ ਅਤੇ ਖੇਤੀ ਕਰਨ ਦੇ ਨਾਲ ਨਾਲ ਬਿਨਾਂ ਕਿਸੇ ਰੋਕ ਟੋਕ ਦੇ ਆਪਣੇ ਧਰਮ ’ਤੇ ਅਮਲ ਕਰ ਸਕਦੇ ਹਨ।

ਇਹ ਪੁੱਛੇ ਜਾਣ ’ਤੇ ਕਿ ਕੀ ਇਕੁਏਡੋਰ ਸਰਕਾਰ ਨੇ ਖਾਲਿਸਤਾਨੀਆਂ ਦੀ ਮਦਦ ਕੀਤੀ ਹੈ ਜਾਂ ਉਨ੍ਹਾਂ ਦੇ ‘ਕਾਜ਼’ ਦੀ ਹਮਾਇਤ ਕੀਤੀ ਹੈ, ਇਹ ਅਮਰੀਕੀ ਯੁਵਕ ਧੀਮੀ ਆਵਾਜ਼ ਵਿਚ ਕਹਿਣ ਲੱਗਾ, “ਮੈਂ ਕੀ ਕਹਿ ਸਕਦਾਂ ? ਮੈਨੂੰ ਇਨ੍ਹਾਂ ਸਾਰੇ ਵੇਰਵਿਆਂ ਦੀ ਜਾਣਕਾਰੀ ਨਹੀਂ ਦਿਤੀ ਗਈ। ਇਸ ਵੇਲੇ f ਇਕੁਏਡੋਰ ਸਰਕਾਰ ਨਾਲ ਸਬੰਧ ‘ਸਰਕਾਰੀ ਪੱਧਰ’ ਦੇ ਨਹੀਂ। ਉਂਜ ਵੀ, ਸਾਡੇ ਆਗੂਆਂ ਤੇ ਇਕੁਏਡੋਰ ਸਰਕਾਰ ਵਿਚਾਲੇ ਕੀ ਕੁਝ ਤੈਅ ਹੋਇਆ ਹੈ, ਉਸ ਦੀ ਮੈਨੂੰ ਕੋਈ ਜਾਣਕਾਰੀ ਨਹੀਂ। ਇਕੁਏਡੋਰ ਵਿਚ ਨਵਾਂ-ਨਵਾਂ ਆਇਆ ਹੋਣ ਕਰਕੇ ਮੈਂ ਇਥੋਂ ਦੀ ਸਿਆਸਤ ਨੂੰ ਬਹੁਤ ਚੰਗੀ ਤਰ੍ਹਾਂ ਨਹੀਂ ਸਮਝਦਾ।”

ਇਕੁਏਡੋਰ ਸਰਕਾਰ ਦਾ ਖਾਲਿਸਤਾਨੀਆਂ ਪ੍ਰਤੀ ਰਵੱਈਆ ਕੀ ਹੈ, ਇਹ ਅਜੇ ਤਾਈਂ ਅਸਪਸ਼ਟ ਹੈ। ਖਾਲਿਸਤਾਨੀ ਤੇ ਉਨ੍ਹਾਂ ਦੇ ਚੋਟੀ ਦੇ ਵਕੀਲ ਇਹ ਦੱਸਦੇ ਹਨ ਕਿ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ f ਇਕੁਏਡੋਰ ਸਰਕਾਰ ਦੇ ਉਚੇਵੇ ਹਲਕਿਆਂ ਦੀ ਪ੍ਰਵਾਨਗੀ ਹਾਸਲ ਹੈ।

# ਏਅਰ-ਇੰਡੀਆ ਹਾਦਸੇ ਦੀ ਪੜਤਾਲ ਜਾਰੀ

ਨਵੀਂ ਦਿੱਲੀ — 26 ਨਵੰਬਰ ਨੂੰ ਆਰ. ਸੀ. ਐਮ. ਪੀ. ਦੇ ਸਾਰਜੈਂਟ ਮਾਈਕਲ ਐਟਕਿਨਸਾਨ ਨੇ ਲਵੀਂ ਦਿੱਲੀ ਹਾਈਕੋਰਟ ਦੇ ਜੱਜ ਨੂੰ ਦੱਸਿਆ ਕਿ ਦੋ ਭਾਰਤੀਆਂ ਐਲ. ਸਿੰਘ ਅਤੇ ਐਮ. ਸਿੰਘ ਨੇ ਇਕੋ ਦਿਨ ਆਪਣੀਆਂ ਸੀਟਾਂ ਬੁੱਕ ਕਰਵਾਈਆਂ। ਉਨ੍ਹਾਂ ਦਾ ਪਤਾ ਤੇ ਫੋਨ ਨੰਬਰ ਇਕੋ ਹੀ ਸਨ। ਇਕ ਨੇ ਏਅਰ-ਇੰਡੀਆ ਜਹਾਜ਼ ਉਤੇ ਜਾਣ ਦੀ ਟਿਕਟ ਲਈ ਅਤੇ ਦੂਜੇ ਨੇ ਸੀ. ਪੀ. ਏਅਰ ਦੀ ਟੋਕੀਓ ਜਾਣ ਲਈ।

ਐਟਕਿਨਸਨ ਨੇ ਕੋਰਟ ਨੂੰ ਦੱਸਿਆ ਕਿ ਜਿਸ ਆਦਮੀ ਨੇ ਵੈਨਕੂਵਰ ਤੋਂ ਟਰਾਂਟੋ ਜਾਣਾ ਸੀ ਤੇ ਉਥੋਂ ਏਅਰ-ਇੰਡੀਆ ਉਡਾਣ ਫੜਨੀ ਸੀ। ਉਹ ਜਹਾਜ਼ ਤੇ ਚੜ੍ਹਿਆ ਹੀ ਨਹੀਂ ਪਰ ਇਕ ਬੈਗ ਜ਼ਰੂਰ ਉਡਾਣਾਂ ਤੇ ਗਿਆ।

ਐਟਕਿਨਸਨ ਨੇ ਕਿਹਾ ‘ਸਾਨੂੰ ਹਵਾਈ ਅੱਡਿਆਂ ਉਤੇ ਐਮ. ਸਿੰਘ ਵਲੋਂ ਭੇਜਿਆ ਬੈਗ ਚੈਕ-ਇਨ ਕੀਤਾ ਨਹੀਂ ਮਿਲ ਸਕਿਆ।”

ਉਸ ਨੇ ਦੱਸਿਆ ਏਅਰ-ਇੰਡੀਆ ਦੁਰਘਟਨਾ ਹੋਣ ਤੋਂ ਇਕ ਘੰਟਾ ਪਹਿਲਾਂ ਟੋਕੀਓ ਵਿਚ ਸੀ. ਪੀ. ਏਅਰ ਦੇ ਸਾਮਾਨ ਵਿਚੋਂ ਬੰਬ ਚੱਲਿਆ ਜਿਸ ਨਾਲ ਟੋਕੀਓ ਹਵਾਈ ਅੱਡੇ ਉਤੇ ਦੋ ਸਮਾਨ ਸਾਂਭਣ ਵਾਲੇ ਮਾਰੇ ਗਏ।

ਐਟਕਿਨਸਨ ਨੇ ਕਿਹਾ ਕਿ ਦੋ ਭਾਂਰਤੀਆਂ ਨੇ ਵੈਨਕੂਵਰ ਵਿਚ ਏਅਰ ਇੰਡੀਆ ਅਤੇ ਸੀ. ਪੀ. ਏਅਰ ਤੇ ਸੀਟਾਂ ਬੁਕ ਕਰਵਾਈਆਂ ਅਤੇ ਨਾ ਜਸਵੰਤ ਸਿੰਘ ਅਤੇ ਮਹਿੰਦਰ ਬਲ ਸਿੰਘ ਦੇ ਦਿਤੇ ਪਰ ਖਰੀਦਣ ਸਮੇਂ ਨਾਂ ਐਲ. ਸਿੰਘ ਅਤੇ ਐਮ. ਸਿੰਘ ਵਰਤੇ।

ਐਟਕਿਨਸਨ ਨੇ ਕਿਹਾ ਕਿ ਉਹ ਇਹ ਨਹੀਂ ਕਹਿ ਸਕਦਾ ਕਿ ਉਹ ਸਿਖ ਹਨ ਸਨ। ਉਸ ਨੇ ਕਿਹਾ ਕਿ ਇਹ ਨਾਂ ਬਹੁਤੇ ਆਪਣੇ ਨਾਂ ਨਾਲ ਵਰਤਦੇ ਹਨ ਪਰ ਸਾਰੇ ਭਾਂਰਤੀ ਇਹ ਨਾਂ ਵਰਤਣ ਵਾਲੇ ਸਿਖ ਨਹੀਂ ਹਨ।

ਐਟਕਿਨਸਨ ਨੇ ਕਿਹਾ ਕਿ ਐਲ. ਸਿੰਘ ਨੇ ਟੋਕੀਓ ਲਈ ਸੀਟ ਬੁੱਕ ਕਰਵਾਈ ਸੀ ਜਿਥੋਂ ਉਸ ਨੇ ਏਅਰ-ਇੰਡੀਆ ਤੇ ਚੜ੍ਹਨਾ ਸੀ ਤੇ ਬੰਗਕੋਕ ਜਾਣਾ ਸੀ। ਉਸ ਨੇ ਕਿਹਾ ਇਹ ਮੈਨੂੰ ਨਹੀਂ ਪਤਾ ਕਿ ਉਹ ਜਹਾਜ਼ ਉਤੇ ਚੜ੍ਹਿਆ ਜਾਂ ਨਹੀਂ।

ਇਸ ਤੋਂ ਪਹਿਲਾਂ ਸੀ. ਪੀ. ਏਅਰ ਦੇ ਇਕ ਏਜੰਟ ਨੇ ਕਿਹਾ ਕਿ ਇਕ ਭਾਰਤੀ ਨੇ ਜ਼ੋਰ ਦੇ ਕੇ ਆਪਣੇ ਬੈਗ ਉਤੇ f ਦੱਲੀ ਦਾ ਟੈਗ ਲਵਾਇਆ ਜਦੋਂ ਕਿ ਉਸਦੀ ਟਿਕਟ ਕੇਵਲ ਨਰਾਂਟੋ ਤਕ ਪੱਕੀ ਹੋਈ ਸੀ। ਭਾਂਰਤੀ ਜੱਜ ਸਾਹਮਣੇ ਆਰ. ਸੀ. ਐਮ. ਪੀ. ਨੇ ਤਿੰਨ ਸੌ ਸਫਿਆਂ ਦੇ ਐਫੀਡੇਵਿਟ ਦਿਤੇ ਹਨ।

ਉਡਾਈ ਜਾਏਗੀ, ਮਾਨਵ ਦੇ ਰਾਹ ਚੋਂ ਡਰ ਦੀ ਹਰ ਸ਼ਾਹੀ,
ਕਿ ਚੇਤਨ ਸੂਝ ਦੀ ਤੇਜ਼ੀ, ਤੂਫ਼ਾਨਾ ਤੋਂ ਪਵਨ ਤਕ ਹੈ।


GREYFRIARS REALTY LTD
15290 FRASER HIGHWAY, SURREY B.C. V3R 3P4

**Who needs money?**

Why rent when you can own your home at unbeievable prices with minimum down.
A proven track record speaks for itself
Call me and see how fast your real estate needs are accompalished



Surinder[Suzie] Ahuja
Res. 581-6546
Off. 588-0131
Direct Pager 735-6616

NORTH AMERICAN LIFE ASSURANCE CO.

- ☐ Life Insurance
- ☐ Mortgage Insurance
- ☐ Children's Educational Plans
- ☐ R R S P

representative



Bus. 685-9335
Res. 581-6546

320, 815 West Hasting St.
VANCOUVER, B.C. V6C 2W1

SUNIL AHUJA